विश्व भर में सबसे ज्यादा पढ़ा जाने वाला

@Qpatrika | @qaumipatrika punjabi | instagram.com/qaumipatrika

Largest Circulated

# ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Saturday, 27 April 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਸ਼ਨੀਵਾਰ 27 ਅਪ੍ਰੈਲ 2024, 13 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 157, qpatrika@gmail.com ਫੋਨ : 9971359517 www.qaumipatrika.org

## ਮੁੱਖ ਮੰਤਰੀ ਭਗਵੰਤ ਮਾਨ ਬਾਘਾਪੁਰਾਣਾ 'ਚ ਕਰਨਗੇ ਰੈਲੀ

ਬਾਘਾਪੁਰਾਣਾ 26 ਅਪ੍ਰੈਲ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਿਧਾਨ ਸਭਾ ਹਲਕਾ ਬਾਘਾਪੁਰਾਣਾ ਵਿਚ ਸਾਮ 3 ਵਜੇ ਸੁਭਾਸ ਦਾਣਾ ਮੰਡੀ ਨਿਹਾਲ ਸਿੰਘ ਵਾਲਾ ਰੋਡ ਵਿਖੇ ਪਹੁੰਚ ਰਹੇ ਹਨ। ਇਨ੍ਹਾਂ ਸਬਦਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਅੰਮ੍ਰਿਤਪਾਲ ਸਿੰਘ ਸੁਖਾਨੰਦ ਨੇ ਜਗ ਬਾਣੀ ਨਾਲ ਵਿਸੇਸ



ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲੋਕ ਸਭਾ ਹਲਕਾ ਫਰੀਦਕੋਟ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਕਰਮਜੀਤ ਸਿੰਘ ਅਨਮੋਲ ਦੇ ਹੱਕ ਵਿਚ ਇਕ ਵੱਡੀ ਰੈਲੀ ਕਰਨਗੇ। ਵਿਧਾਇਕ ਸੁਖਾਨੰਦ ਨੇ ਕਿਹਾ ਕਿ ਇਸ ਰੈਲੀ ਵਿਚ ਆਮ ਆਦਮੀ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਵਿਧਾਇਕ, ਚੇਅਰਮੈਨ ਇਸ ਰੈਲੀ ਵਿਚ ਸਮੂਲੀਅਤ ਕਰਨਗੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਬਾਘਾਪੁਰਾਣਾ ਆਮਦ ਨੂੰ ਲੈ ਕੇ ਵਰਕਰਾਂ ਵਿਚ ਭਾਰੀ ਉਤਸਾਹ ਪਾਇਆ ਜਾ ਰਿਹਾ ਹੈ।

# 'ਬੈਲਟ ਬਾਕਸ' ਲੁੱਟਣ ਵਾਲਿਆਂ ਨੂੰ ਕਰਾਰਾ ਜਵਾਬ ਮਿਲਿਆ ਹੈ': ਪੀ.ਐੱਮ. ਮੋਦੀ

**ਸਿੰਮੀ ਕੌਰ ਬੱਬਰ**

ਅਰਰੀਆ 26 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸ਼ੁੱਕਰਵਾਰ ਨੂੰ - 'ਤੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਵਿਰੋਧੀ ਧਿਰ 'ਤੇ ਹਮਲਾ ਬੋਲਿਆ ਹੈ। ਪੀ.ਐੱਮ. ਮੋਦੀ ਨੇ ਕਿਹਾ ਕਿ ਅੱਜ ਸੁਪਰੀਮ ਕੋਰਟ ਨੇ ਸਾਫ ਕਿਹਾ ਹੈ ਕਿ ਬੈਲਟ ਪੇਪਰ ਦਾ ਦੌਰ ਵਾਪਸ ਨਹੀਂ ਆਵੇਗਾ। ਉਨ੍ਹਾਂ ਕਿਹਾ ਕਿ ਅੱਜ ਜਦੋਂ ਪੂਰੀ ਦੁਨੀਆ ਭਾਰਤ ਦੇ ਸਿਸਟਮ ਦੀ ਤਾਰੀਫ ਕਰ ਰਹੀ ਹੈ ਤਾਂ ਇਹ ਲੋਕ ਹੁਣ ਆਪਣੇ ਨਿੱਜੀ ਹਿੱਤਾਂ ਲਈ ਮਾੜੇ ਇਰਾਦਿਆਂ ਨਾਲ ਈ.ਵੀ.ਐੱਮ. ਨੂੰ ਬਦਨਾਮ ਕਰਨ ਵਿੱਚ ਲੱਗੇ ਹੋਏ ਹਨ। ਪ੍ਰਧਾਨ ਮੰਤਰੀ ਸ਼ੁੱਕਰਵਾਰ ਨੂੰ ਬਿਹਾਰ ਦੇ ਅਰਰੀਆ ਵਿੱਚ ਇੱਕ ਜਨ ਸਭਾ ਨੂੰ ਸੰਬੋਧਨ ਕਰ ਰਹੇ ਸਨ। ਪੀ.ਐੱਮ. ਮੋਦੀ ਨੇ ਕਿਹਾ ਕਿ ਅੱਜ ਲੋਕਤੰਤਰ ਲਈ ਖੁਸੀ ਦਾ ਦਿਨ ਹੈ। ਇਸ ਤੋਂ ਪਹਿਲਾਂ ਰਾਸਟਰੀ ਜਨਤਾ ਦਲ ਅਤੇ ਕਾਂਗਰਸ ਦੇ ਸਾਸਨ ਦੌਰਾਨ ਬੈਲਟ ਪੇਪਰ ਦੇ ਨਾਂ 'ਤੇ ਲੋਕਾਂ ਦੇ ਹੱਕਾਂ ਦੀ ਲੁੱਟ ਕੀਤੀ ਗਈ ਸੀ। ਉਨ੍ਹਾਂ ਦੀ ਸਰਕਾਰ ਵਿੱਚ ਚੋਣਾਂ ਵਿੱਚ ਵੋਟਾਂ ਲੁੱਟੀਆਂ



ਜਾਂਦੀਆਂ ਹਨ। ਇਸ ਲਈ ਉਹ ਈ.ਵੀ.ਐੱਮ. ਨੂੰ ਹਟਾਉਣਾ ਚਾਹੁੰਦੇ ਹਨ। ਭਾਰਤੀ ਗਠਜੋੜ ਦੇ ਹਰ ਆਗੂ ਨੇ ਈ.ਵੀ.ਐੱਮ. ਬਾਰੇ ਲੋਕਾਂ ਦੇ ਮਨਾਂ ਵਿੱਚ ਸ਼ੱਕ ਪੈਦਾ ਕਰਨ ਦਾ ਪਾਪ ਕੀਤਾ ਹੈ। 2 ਘੰਟੇ ਪਹਿਲਾਂ ਹੀ ਸੁਪਰੀਮ ਕੋਰਟ ਨੇ ਇਸ ਤਰ੍ਹਾਂ ਲੋਕਾਂ ਨੂੰ ਝਿੜਕਿਆ ਹੈ। ਕਰਾਰੀ ਚਪੇੜ ਮਾਰੀ ਹੈ ਕਿ ਇਹ ਦੇਖ ਨਹੀਂ ਪਾ ਰਹੇ ਹਨ। ਵਿਰੋਧੀ ਧਿਰ ਨੂੰ ਮੁਆਫੀ ਮੰਗਣੀ ਚਾਹੀਦੀ ਹੈ। ਪੀ.ਐੱਮ. ਨੇ ਕਿਹਾ ਕਿ ਰਾਸਟਰੀ ਜਨਤਾ ਦਲ ਅਤੇ ਕਾਂਗਰਸ ਨੂੰ ਸੰਵਿਧਾਨ ਅਤੇ ਦੇਸ ਦੀ ਕੋਈ ਪਰਵਾਹ ਨਹੀਂ ਹੈ। ਅੱਜ ਦੇਸ ਦੇ ਲੋਕਤੰਤਰ ਅਤੇ ਬਾਬਾ ਸਾਹਿਬ ਅੰਬੇਡਕਰ ਦੇ ਸੰਵਿਧਾਨ ਦੀ ਮਜਬੂਤੀ ਦੇਖੋ, ਅੱਜ ਸੁਪਰੀਮ ਕੋਰਟ ਨੇ ਬੈਲਟ ਬਾਕਸ ਲੁੱਟਣ ਦੇ ਇਰਾਦੇ ਰੱਖਣ ਵਾਲਿਆਂ ਨੂੰ ਅਜਿਹਾ ਵੱਡਾ ਝਟਕਾ ਦਿੱਤਾ ਹੈ ਕਿ ਉਨ੍ਹਾਂ ਦੇ ਸਾਰੇ ਸੁਪਨੇ ਚਕਨਾਚੂਰ ਹੋ ਗਏ ਹਨ। ਅਰਰੀਆ ਅਤੇ ਸੁਪੌਲ ਦਾ ਇਹ ਪਿਆਰ ਮੇਰੇ ਲਈ ਬਹੁਤ ਵੱਡੀ ਊਰਜਾ ਹੈ। ਇਹ ਬਹੁਤ ਵੱਡੀ ਸਕਤੀ ਹੈ। ਮੈਂ ਤੁਹਾਨੂੰ ਭਰੋਸਾ ਦਿਵਾਉਂਦਾ ਹਾਂ ਕਿ ਮੈਂ ਤੁਹਾਡਾ ਕਰਜਾ ਚੁਕਾਉਣ ਲਈ ਹੋਰ ਵੀ ਮਿਹਨਤ ਕਰਾਂਗਾ ਅਤੇ ਤੀਜੇ ਕਾਰਜਕਾਲ ਵਿੱਚ ਦੇਸ ਤੁਹਾਡੇ ਹਿੱਤ ਵਿੱਚ ਅਤੇ ਦੇਸ ਦੇ ਹਿੱਤ ਵਿੱਚ ਵੱਡੇ ਫੈਸਲੇ ਲੈਣ ਜਾ ਰਿਹਾ ਹਾਂ।

## ਜੈਸਲਮੇਰ 'ਚ ਭਾਰਤੀ ਹਵਾਈ ਫੌਜ ਦਾ ਜਹਾਜ ਹੋਇਆ ਹਾਦਸੇ ਦਾ ਸ਼ਿਕਾਰ

ਜੈਸਲਮੇਰ 26 ਅਪ੍ਰੈਲ। ਭਾਰਤੀ ਹਵਾਈ ਫੌਜ ਦਾ ਇਕ ਰਿਮੋਟਲੀ ਪਾਇਲੇਟੇਡ ਜਹਾਜ ਵੀਰਵਾਰ ਯਾਨੀ ਕਿ ਅੱਜ ਰਾਜਸਥਾਨ ਦੇ ਜੈਸਲਮੇਰ ਜ਼ਿਲ੍ਹੇ 'ਚ ਹਾਦਸੇ ਦਾ ਸ਼ਿਕਾਰ ਹੋ ਗਿਆ। ਹਵਾਈ ਫੌਜ ਮੁਤਾਬਕ ਇਸ ਹਾਦਸੇ 'ਚ ਜਾਨੀ-ਮਾਲੀ ਦਾ ਕੋਈ ਨੁਕਸਾਨ ਨਹੀਂ ਹੋਇਆ ਹੈ। ਹਾਦਸਾ ਜੈਸਲਮੇਰ ਦੇ ਪਿਥਲਾ ਪਿੰਡ ਕੋਲ ਇਕ ਖੁੱਲ੍ਹੇ ਮੈਦਾਨ ਵਿਚ ਵਾਪਰਿਆ। ਹਵਾਈ ਫੌਜ ਨੇ ਸੋਸ਼ਲ ਮੀਡੀਆ ਮੰਚ 'ਐਕਸ' 'ਤੇ ਇਸ ਦੀ ਜਾਣਕਾਰੀ ਦਿੰਦਿਆਂ ਲਿਖਿਆ ਕਿ ਭਾਰਤੀ ਹਵਾਈ ਫੌਜ ਦਾ ਰਿਮੋਟਲੀ ਪਾਇਲੇਟੇਡ ਏਅਰਕ੍ਰਾਫਟ ਨਿਯਮਿਤ ਸਿਖਲਾਈ ਉਡਾਣ ਦੌਰਾਨ ਅੱਜ ਜੈਲਸਮੇਰ ਕੋਲ ਹਾਦਸੇ ਦਾ ਸ਼ਿਕਾਰ ਹੋ ਗਿਆ। ਗਨੀਮਤ ਇਹ ਰਹੀ ਕਿ ਕਿਸੇ ਵੀ ਕਰਮੀ ਜਾਂ ਸੰਪਤੀ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ। ਹਾਦਸੇ ਦੇ ਕਾਰਨਾਂ ਦਾ ਪਤਾ ਲਾਉਣ ਲਈ ਕੋਰਟ ਆਫ ਇਨਕੁਆਇਰੀ ਦਾ ਆਦੇਸ਼ ਦਿੱਤਾ ਗਿਆ ਹੈ। ਹਾਦਸੇ ਦੀ ਸੂਚਨਾ ਮਿਲਦੇ ਹੀ ਜ਼ਿਲ੍ਹਾ ਪ੍ਰਸਾਸਨ ਸਮੇਤ ਹਵਾਈ ਫੌਜ ਦੇ ਅਧਿਕਾਰੀ ਮੌਕੇ 'ਤੇ ਰਵਾਨਾ ਹੋ ਗਏ। ਹਾਲਾਂਕਿ ਜਹਾਜ ਦੇ ਮਲਬੇ ਵਿਚ ਲੱਗੀ ਅੱਗ ਨੂੰ ਫਾਇਰ ਬ੍ਰਿਗੇਡ ਨੇ ਸਮੇਂ ਸਿਰ ਕਾਬੂ ਕਰ ਲਿਆ। ਦਰਅਸਲ ਇਹ ਜਾਸੂਸੀ ਜਹਾਜ ਮਾਨਵ ਰਹਿਤ ਹੈ, ਜੋ ਆਸਮਾਨ ਤੋਂ ਜਾਸੂਸੀ ਗਤੀਵਿਧੀਆਂ 'ਤੇ ਨਜਰ ਰੱਖਦਾ ਹੈ। ਬੋਲ-ਚਾਲ ਦੀ ਭਾਸਾ ਵਿਚ ਇਸ ਨੂੰ ਜਾਸੂਸੀ ਜਹਾਜ ਵੀ ਕਿਹਾ ਜਾਂਦਾ ਹੈ। ਥਾਣਾ ਖੂਹੜੀ ਦੇ ਐਸ.ਐਚ.ਓ ਨੇ ਮੌਕੇ 'ਤੇ ਪਹੁੰਚ ਕੇ ਉੱਚ ਅਧਿਕਾਰੀਆਂ ਨੂੰ ਪੂਰੇ ਮਾਮਲੇ ਦੀ ਜਾਣਕਾਰੀ ਦਿੱਤੀ।

## ਬ੍ਰਿਜ ਸ਼ਰਮਾ ਨੂੰ ਜੇਜੇਪੀ ਦੀ ਹਰਿਆਣਾ ਇਕਾਈ ਦਾ ਬਣਾਇਆ ਗਿਆ ਪ੍ਰਧਾਨ

ਹਰਿਆਣਾ 26 ਅਪ੍ਰੈਲ। ਜਨਨਾਇਕ ਜਨਤਾ ਪਾਰਟੀ (ਜੇਜੇਪੀ) ਨੇ ਸ਼ੁੱਕਰਵਾਰ ਨੂੰ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ ਬ੍ਰਿਜ ਸ਼ਰਮਾ ਨੂੰ ਹਰਿਆਣਾ ਇਕਾਈ ਦਾ ਪ੍ਰਧਾਨ ਨਿਯੁਕਤ ਕੀਤਾ। ਇਸ ਮਹੀਨੇ ਦੀ ਸ਼ੁਰੂਆਤ 'ਚ ਜੇਜੇਪੀ ਦੀ ਹਰਿਆਣਾ ਇਕਾਈ ਦੇ ਮੁਖੀ ਨਿਸ਼ਾਨ ਸਿੰਘ ਨੇ ਪਾਰਟੀ ਛੱਡ



ਦਿੱਤੀ ਸੀ। ਪਾਰਟੀ ਦੇ ਇਕ ਬਿਆਨ ਅਨੁਸਾਰ ਸ਼ਰਮਾ ਕਰਨਾਲ ਦੇ ਰਹਿਣ ਵਾਲੇ ਹਨ। ਸਾਬਕਾ ਸੰਸਦ ਮੈਂਬਰ ਅਜੇ ਸਿੰਘ ਚੌਟਾਲਾ ਦੀ ਅਗਵਾਈ ਵਾਲੀ ਜੇਜੇਪੀ ਅਤੇ ਭਾਜਪਾ ਦਰਮਿਆਨ ਪਿਛਲੇ ਮਹੀਨੇ ਗਠਜੋੜ ਟੁੱਟ ਗਿਆ ਸੀ। ਜੇਜੇਪੀ ਨੇ ਐਲਾਨ ਕੀਤਾ ਸੀ ਕਿ ਉਹ 25 ਮਈ ਨੂੰ ਹੋਣ ਵਾਲੀਆਂ ਲੋਕ ਸਭਾ ਚੋਣਾਂ 'ਚ ਹਰਿਆਣਾ 'ਚ ਆਪਣੇ ਉਮੀਦਵਾਰ ਉਤਾਰੇਗੀ। ਜੇਜੇਪੀ ਕੁਝ ਸੀਟ 'ਤੇ ਉਮੀਦਵਾਰਾਂ ਦਾ ਐਲਾਨ ਪਹਿਲਾਂ ਹੀ ਕਰ ਚੁੱਕੀ ਹੈ।

## ਹਿਮਾਚਲ 'ਚ ਵਾਪਰਿਆ ਦਰਦਨਾਕ ਹਾਦਸਾ, ਬੱਸ ਤੇ ਕਾਰ ਦੀ ਭਿਆਨਕ ਟੱਕਰ 'ਚ ਇਕ ਦੀ ਮੌਤ

ਊਨਾ 26 ਅਪ੍ਰੈਲ। ਹਿਮਾਚਲ ਪ੍ਰਦੇਸ ਦੇ ਊਨਾ ਜ਼ਿਲ੍ਹੇ ਦੀ ਅੰਬ ਸਬ ਡਿਵੀਜਨ ਅਧੀਨ ਪੈਂਦੇ ਧੁੱਸਾੜਾ ਵਿੱਚ ਇੱਕ ਦਰਦਨਾਕ ਹਾਦਸਾ ਵਾਪਰਿਆ ਹੈ। ਹਿਮਾਚਲ ਰੋਡ ਟਰਾਂਸਪੋਰਟ ਕਾਰਪੋਰੇਸਨ ਦੀ ਬੱਸ ਅਤੇ ਕਾਰ ਵਿਚਾਲੇ ਭਿਆਨਕ ਟੱਕਰ ਹੋ ਗਈ। ਹਾਦਸੇ 'ਚ ਕਾਰ ਚਾਲਕ ਦੀ ਮੌਕੇ 'ਤੇ ਹੀ ਮੌਤ ਹੋ ਗਈ ਜਦਕਿ ਬੱਸ ਦੇ ਡਰਾਈਵਰ ਅਤੇ ਕੰਡਕਟਰ ਸਮੇਤ ਕਈ ਸਵਾਰੀਆਂ ਜਖਮੀ ਹੋ ਗਈਆਂ। ਜਾਣਕਾਰੀ ਮੁਤਾਬਕ, ਪੁਲਸ ਨੂੰ ਦਿੱਤੀ ਸ਼ਿਕਾਇਤ ਵਿੱਚ ਬੱਸ ਚਾਲਕ ਨੇ ਦੱਸਿਆ ਕਿ ਵੀਰਵਾਰ ਰਾਤ ਉਹ ਟਰਾਂਸਪੋਰਟ ਨਿਗਮ ਦੀ ਬੱਸ (ਐੱਚ.ਪੀ. 73ਏ 5041) ਵਿੱਚ ਹਰਿਦੁਆਰ ਤੋਂ ਚੰਬਾ ਵੱਲ ਜਾ ਰਿਹਾ ਸੀ। ਇਸੇ ਦੌਰਾਨ ਧੁੱਸਾੜਾ ਕੋਲ ਪੁੱਜਣ 'ਤੇ ਕਾਰ ਚਾਲਕ ਵਿਨੋਦ ਕੁਮਾਰ ਨੇ ਕਾਰ (ਐੱਚ.ਪੀ. 19ਐੱਫ 4399) ਨੂੰ ਲਾਪਰਵਾਹੀ ਨਾਲ ਚਲਾ ਕੇ ਸਾਹਮਣੇ ਤੋਂ ਆ ਕੇ ਬੱਸ ਨੂੰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਕੰਡਕਟਰ ਸਮੇਤ ਬੱਸ ਵਿੱਚ ਸਵਾਰ ਕਈ ਸਵਾਰੀਆਂ ਨੂੰ ਵੀ ਮਾਮੂਲੀ ਸੱਟਾਂ ਲੱਗੀਆਂ, ਜਿਨ੍ਹਾਂ ਨੂੰ ਨੇੜਲੇ ਹਸਪਤਾਲ ਵਿੱਚ ਇਲਾਜ ਤੋਂ ਬਾਅਦ ਛੁੱਟੀ ਦੇ ਦਿੱਤੀ ਗਈ ਹੈ। ਮ੍ਰਿਤਕ ਦੀ ਲਾਸ ਨੂੰ ਵੀ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਖੇਤਰੀ ਹਸਪਤਾਲ ਭੇਜ ਦਿੱਤਾ ਗਿਆ ਹੈ ਜਦਕਿ ਘਟਨਾ ਦੇ ਸਬੰਧ 'ਚ ਜਾਂਚ ਸੂਰੂ ਕਰ ਦਿੱਤੀ ਗਈ ਹੈ। ਪੁਲਸ ਨੇ ਮ੍ਰਿਤਕ ਦੀ ਪਛਾਣ ਵਿਨੋਦ ਕੁਮਾਰ (41) ਪੁੱਤਰ ਬੰਸੀ ਲਾਲ ਵਾਸੀ ਟਕਰਾਲਾ ਵਜੋਂ ਕੀਤੀ ਹੈ। ਬੱਸ ਚਾਲਕ ਨਿਗੇਸ ਕੁਮਾਰ ਦੀ ਸ਼ਿਕਾਇਤ ਦੇ ਆਧਾਰ 'ਤੇ ਕਾਰ ਚਾਲਕ ਖ਼ਿਲਾਫ ਮਾਮਲਾ ਦਰਜ ਕਰਕੇ ਮਾਮਲੇ ਦੀ ਜਾਂਚ ਸੂਰੂ ਕਰ ਦਿੱਤੀ ਹੈ। ਦੂਜੇ ਪਾਸੇ ਜ਼ਿਲ੍ਹਾ ਪੁਲਸ ਮੁਖੀ ਰਾਕੇਸ ਸਿੰਘ ਨੇ ਮਾਮਲੇ ਦੀ ਪੁਸਟੀ ਕਰਦਿਆਂ ਕਿਹਾ ਕਿ ਪੁਲਸ ਨੇ ਘਟਨਾ ਦੇ ਸਬੰਧ ਵਿੱਚ ਮਾਮਲਾ ਦਰਜ ਕਰਕੇ ਜਾਂਚ ਸੂਰੂ ਕਰ ਦਿੱਤੀ ਹੈ। ਉਨ੍ਹਾਂ ਕਿਹਾ ਕਿ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਜਨਰਲ ਵੀ. ਕੇ. ਸਿੰਘ ਤੇ ਅਸ਼ਵਨੀ ਚੌਬੇ ਬਣ ਸਕਦੇ ਹਨ ਰਾਜਪਾਲ

**ਏਜੰਸੀਆਂ**

ਨਵੀਂ ਦਿੱਲੀ 26 ਅਪ੍ਰੈਲ। ਸਾਬਕਾ ਕੇਂਦਰੀ ਮੰਤਰੀ ਜਨਰਲ ਵੀ. ਕੇ. ਸਿੰਘ ਤੇ ਅਸਵਨੀ ਚੌਬੇ ਲੋਕ ਸਭਾ ਦੀਆਂ ਚੋਣਾਂ ਦੌਰਾਨ ਟਿਕਟ ਨਾ ਮਿਲਣ ਦੇ ਬਾਵਜੂਦ ਮੋਦੀ ਸਰਕਾਰ ਤੋਂ ਵੱਖ ਨਹੀਂ ਹੋਏ ਹਨ। ਦੋਹਾਂ ਨੂੰ ਲੈ ਕੇ ਉਮਰ ਦੀ ਸਮੱਸਿਆ ਹੈ, ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੱਲ ਕੀਤਾ ਹੈ। ਮੋਟੇ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਕੇਂਦਰੀ ਮੰਤਰੀ ਮੰਡਲ 'ਚ 75 ਸਾਲ ਤੋਂ ਵੱਧ ਉਮਰ ਦਾ ਕੋਈ ਵਿਅਕਤੀ ਨਹੀਂ ਹੋਵੇਗਾ, ਇਸ ਲਈ 73-74 ਸਾਲ ਤੋਂ ਵੱਧ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਲੋਕ ਸਭਾ ਦੀ ਟਿਕਟ ਨਹੀਂ ਦਿੱਤੀ ਜਾ ਸਕਦੀ। ਜੇ ਦਿੱਤੀ ਗਈ ਤਾਂ ਉਸ ਨੂੰ ਮੰਤਰੀ ਮੰਡਲ 'ਚ ਸਾਮਲ ਨਹੀਂ ਕੀਤਾ ਜਾਵੇਗਾ। ਸੂਤਰਾਂ ਦਾ ਕਹਿਣਾ ਹੈ ਕਿ ਜਨਰਲ ਵੀ.ਕੇ. ਸਿੰਘ, ਜੋ ਭਾਜਪਾ 'ਚ ਸਾਮਲ ਹੋਣ ਤੋਂ ਪਹਿਲਾਂ ਜਮੀਨੀ ਫੌਜ ਦੇ ਮੁਖੀ ਸਨ, ਨੂੰ ਕਿਸੇ ਸੂਬੇ ਦਾ ਰਾਜਪਾਲ ਜਾਂ ਕੇਂਦਰ ਸ਼ਾਸਿਤ ਸੂਬੇ ਦਾ ਉਪ ਰਾਜਪਾਲ ਨਿਯੁਕਤ ਕੀਤਾ ਜਾ ਸਕਦਾ ਹੈ। ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਜੰਮੂ-ਕਸਮੀਰ ਦਾ ਲੈਫਟੀਨੈਂਟ ਗਵਰਨਰ ਬਣ ਸਕਦੇ ਹਨ ਜਿੱਥੇ ਇਸ ਖੇਤਰ ਦਾ ਅਮਲੀ ਤਜਰਬਾ ਰੱਖਣ ਵਾਲੇ ਵਿਅਕਤੀ ਦੀ ਲੋੜ ਹੈ। ਜੰਮੂ-ਕਸਮੀਰ ਦੀਆਂ ਆਮ ਚੋਣਾਂ ਪਿੱਛੋਂ ਮੌਜੂਦਾ ਉਪ ਰਾਜਪਾਲ ਮਨੋਜ ਸਿਨ੍ਹਾ ਨੂੰ ਭਾਜਪਾ ਦੀ



ਮੁੱਖ ਧਾਰਾ 'ਚ ਵਾਪਸ ਲਿਆਉਣ ਦੀ ਸੰਭਾਵਨਾ ਹੈ। ਮਨੋਜ ਸਿਨ੍ਹਾ 2019 'ਚ ਗਾਜੀਪੁਰ ਸੀਟ ਤੋਂ ਬਸਪਾ ਦੇ ਉਮੀਦਵਾਰ ਅਫਜਲ ਅੰਸਾਰੀ ਹੱਥੋਂ ਹਾਰ ਗਏ ਸਨ। ਅਫਜਲ ਅੰਸਾਰੀ ਮਾਰੇ ਗਏ ਮਾਫੀਆ ਡਾਨ ਮੁਖਤਾਰ ਅੰਸਾਰੀ ਦਾ ਭਰਾ ਹੈ। ਜਨਰਲ ਵੀ. ਕੇ. ਸਿੰਘ ਕੋਲ ਹਾਲਾਤ ਨਾਲ ਨਜਿੱਠਣ ਦਾ ਵਿਸਾਲ ਤਜਰਬਾ ਹੈ। ਉਹ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਚਹੇਤੇ ਮਨੋਜ ਸਿਨ੍ਹਾ ਦੀ ਥਾਂ ਲੈਣ ਲਈ ਸਹੀ ਵਿਅਕਤੀ ਹਨ। ਵੀ. ਕੇ. ਸਿੰਘ ਦਾ ਕੇਂਦਰੀ ਮੰਤਰੀ ਵਜੋਂ 10 ਸਾਲਾਂ ਤੋਂ ਵੱਧ ਦਾ ਤਜਰਬਾ ਰੱਖਿਆ ਖੇਤਰ 'ਚ ਉਨ੍ਹਾਂ ਦੇ ਪੁਰਾਣੇ ਤਜਰਬੇ ਨੂੰ ਮਿਲਾ ਕੇ ਹੋਰ ਵੀ ਸਾਰਥਕ ਬਣ ਗਿਆ ਹੈ। ਕੇਂਦਰੀ ਮੰਤਰੀ ਅਸਵਿਨੀ ਚੌਬੇ ਦੀ ਉਮਰ 72 ਸਾਲ ਤੋਂ ਵੱਧ ਹੈ। ਉਹ ਭਾਜਪਾ ਦੇ ਉਨ੍ਹਾਂ 3 ਸੰਸਦ ਮੈਂਬਰਾਂ 'ਚ ਸਾਮਲ ਹਨ, ਜਿਨ੍ਹਾਂ ਨੂੰ ਇਸ ਵਾਰ ਬਿਹਾਰ ਤੋਂ ਲੋਕ ਸਭਾ ਦੀ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਭਾਗਲਪੁਰ ਤੋਂ 5 ਵਾਰ ਵਿਧਾਇਕ ਚੁਣੇ ਜਾਣ ਪਿੱਛੋਂ ਉਨ੍ਹਾਂ 2014 ਤੇ 2019 'ਚ ਲੋਕ ਸਭਾ ਵਿਚ ਬਕਸਰ ਦੀ ਪ੍ਰਤੀਨਿਧਤਾ ਕੀਤੀ। ਪ੍ਰਧਾਨ ਮੰਤਰੀ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਹਨ। ਜਦੋਂ ਮੋਦੀ ਇੱਕ ਰੈਲੀ ਨੂੰ ਸੰਬੋਧਨ ਕਰਨ ਲਈ ਬਕਸਰ ਆਏ ਤਾਂ ਉਹ ਪ੍ਰਧਾਨ ਮੰਤਰੀ ਦੇ ਕੋਲ ਬੈਠ ਗਏ। ਸੂਤਰਾਂ ਦਾ ਕਹਿਣਾ ਹੈ ਕਿ 4 ਜੂਨ ਤੋਂ ਬਾਅਦ ਨਵੀਂ ਸਰਕਾਰ ਦੇ ਗਠਨ ਪਿੱਛੋਂ ਮੋਦੀ ਉਨ੍ਹਾਂ ਨੂੰ ਗਵਰਨਰ ਬਣਾ ਸਕਦੇ ਹਨ।

## ਹੁਣ ਵ੍ਹਟਸਐਪ ਰਾਹੀਂ ਮਿਲੇਗੀ ਸੁਪਰੀਮ ਕੋਰਟ 'ਚ ਦਾਇਰ ਮੁਕੱਦਮਿਆਂ ਦੀ ਅਪਡੇਟ

ਨਵੀਂ ਦਿੱਲੀ 26 ਅਪ੍ਰੈਲ। ਭਾਰਤ ਦੇ ਚੀਫ ਜਸਟਿਸ ਡੀ. ਵਾਈ. ਚੰਦਰਚੂੜ ਨੇ ਡਿਜੀਟਲੀਕਰਨ ਵੱਲ ਇਕ ਮਹੱਤਵਪੂਰਨ ਕਦਮ ਵਧਾਉਂਦੇ ਹੋਏ ਵੀਰਵਾਰ ਨੂੰ ਐਲਾਨ ਕੀਤਾ ਕਿ ਸੁਪਰੀਮ ਕੋਰਟ ਵ੍ਹਟਸਐਪ ਰਾਹੀਂ ਵਕੀਲਾਂ ਨੂੰ ਮੁਕੱਦਮਿਆਂ ਨੂੰ ਦਾਖਲ ਕਰਨ ਅਤੇ ਸੂਚੀਬੱਧ ਕਰਨ ਨਾਲ ਸੰਬੰਧਤ ਜਾਣਕਾਰੀ ਸਾਂਝੀ ਕਰੇਗਾ। ਉਨ੍ਹਾਂ ਕਿਹਾ ਕਿ ਇਸ ਦਾ ਬਹੁਤ ਪ੍ਰਭਾਵਸ਼ਾਲੀ ਅਸਰ ਹੋਵੇਗਾ ਅਤੇ ਇਸ ਕਦਮ ਨਾਲ ਕਾਗਜ ਨੂੰ ਬਚਾਉਣ ਵਿਚ ਵੀ ਮਦਦ ਮਿਲੇਗੀ। ਚੀਫ ਜਸਟਿਸ ਦੀ ਅਗਵਾਈ ਵਾਲੀ 9 ਜੱਜਾਂ ਦੀ ਬੈਂਚ ਨੇ ਪਟੀਸ਼ਨਾਂ ਤੋਂ ਪੈਦਾ ਇਕ ਗੁੰਝਲਦਾਰ ਕਾਨੂੰਨੀ ਸਵਾਲ 'ਤੇ ਸੁਣਵਾਈ ਸ਼ੁਰੂ ਕਰਨ ਤੋਂ ਪਹਿਲਾਂ ਜਸਟਿਸ ਚੰਦਰਚੂੜ ਨੇ ਵ੍ਹਟਸਐਪ ਨੂੰ ਅਦਾਲਤ ਦੀ ਸੂਚਨਾ ਅਤੇ ਟੈਕਨਾਲੋਜੀ (ਆਈ. ਸੀ. ਟੀ.) ਸੇਵਾਵਾਂ ਨਾਲ ਜੋੜਨ ਦਾ ਇਹ ਐਲਾਨ ਕੀਤਾ। ਨਿਆਂ ਤੱਕ ਪਹੁੰਚ ਦੇ ਅਧਿਕਾਰ ਨੂੰ ਮਜਬੂਤ ਬਣਾਉਣ ਅਤੇ ਨਿਆਂ ਤੰਤਰ ਵਿਚ ਪਾਰਦਰਸ਼ਿਤਾ ਨੂੰ ਵਧਾਉਣ ਲਈ ਸੁਪਰੀਮ ਕੋਰਟ ਆਪਣੀਆਂ ਆਈ. ਟੀ. ਸੇਵਾਵਾਂ ਨੂੰ ਵ੍ਹਟਸਐਪ ਨਾਲ ਜੋੜਨ ਦਾ ਐਲਾਨ ਕਰਦੀ ਹੈ। ਜਸਟਿਸ ਚੰਦਰਚੂੜ ਨੇ ਇਸ ਬਾਰੇ ਜ਼ਿਆਦਾ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਇਸ ਪਹਿਲ ਤਹਿਤ 'ਐਡਵੋਕੇਟ ਆਨ ਰਿਕਾਰਡ' ਅਤੇ ਸੁਪਰੀਮ ਕੋਰਟ ਦੇ ਸਾਹਮਣੇ ਨਿੱਜੀ ਤੌਰ 'ਤੇ ਪੇਸ਼ ਹੋਣ ਵਾਲੇ ਵਕੀਲਾਂ ਨੂੰ ਮੁਕੱਦਮੇ ਨੂੰ ਆਨਲਾਈਨ ਦਾਖਲ ਕਰਨ, ਵਾਦ ਸੂਚੀ, ਹੁਕਮ ਅਤੇ ਫੈਸਲਿਆਂ ਸੰਬੰਧੀ ਆਟੋਮੇਟਿਡ ਸੰਦੇਸ਼ ਪ੍ਰਾਪਤ ਹੋਣਗੇ।

## ਪੱਪੂ ਯਾਦਵ ਨੂੰ ਪੁਲਸ ਨੇ ਗੱਡੀ ਤੋਂ ਲਾਹਿਆ, 50 ਹਜਾਰ ਕੈਸ਼ ਬਰਾਮਦ

ਪੂਰਨੀਆ 26 ਅਪ੍ਰੈਲ। ਬਿਹਾਰ ਦੇ ਪੂਰਨੀਆ ਵਿਚ ਲੋਕ ਸਭਾ ਚੋਣਾਂ ਲਈ ਵੋਟਿੰਗ ਤੋਂ ਇਕ ਦਿਨ ਪਹਿਲਾਂ ਸਿਆਸੀ ਹੰਗਾਮਾ ਮਚ ਗਿਆ ਹੈ। ਆਜਾਦ ਉਮੀਦਵਾਰ ਪੱਪੂ ਯਾਦਵ ਨੂੰ ਕਟਿਹਾਰ 'ਚ ਪੁਲਸ ਨੇ ਉਨ੍ਹਾਂ ਦੀ ਗੱਡੀ ਤੋਂ ਹੇਠਾਂ ਲਾਹ ਦਿੱਤਾ। ਉਨ੍ਹਾਂ ਦੀ ਗੱਡੀ 'ਚੋਂ ਕਰੀਬ 50 ਹਜਾਰ ਰੁਪਏ ਦੀ ਨਕਦੀ ਬਰਾਮਦ ਹੋਈ ਹੈ। ਨਾਲ ਹੀ ਉਨ੍ਹਾਂ ਦੀਆਂ 4 ਗੱਡੀਆਂ ਵੀ ਜਬਤ ਕਰ ਲਈਆਂ ਗਈਆਂ ਹਨ। ਐੱਸ. ਪੀ. ਜਤਿੰਦਰ ਕੁਮਾਰ ਅਨੁਸਾਰ ਪੱਪੂ ਯਾਦਵ ਬਿਨਾਂ ਇਜਾਜਤ ਚੋਣ ਹਲਕੇ ਵਿਚ ਵਾਹਨਾਂ ਵਿਚ ਘੁੰਮ ਰਹੇ ਸਨ। ਇਸ ਲਈ ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਗਈ। ਇਸ ਮਾਮਲੇ 'ਚ ਉਨ੍ਹਾਂ ਦੇ ਖਿਲਾਫ ਐੱਫ. ਆਈ. ਆਰ. ਵੀ ਦਰਜ ਕੀਤੀ ਜਾਵੇਗੀ। ਇਸ ਦੇ ਨਾਲ ਹੀ ਪੁਲਸ ਅਤੇ ਪ੍ਰਸਾਸਨ ਦੀ ਕਾਰਵਾਈ ਖਿਲਾਫ ਪੱਪੂ ਯਾਦਵ ਆਪਣੇ ਸਮਰਥਕਾਂ ਨਾਲ ਸੜਕ 'ਤੇ ਧਰਨੇ 'ਤੇ ਬੈਠੇ ਹਨ, ਉਨ੍ਹਾਂ ਦਾ ਕਹਿਣਾ ਹੈ ਕਿ ਨਿਯਮਾਂ ਦੀ ਅਣਦੇਖੀ ਕਰ ਕੇ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਖਬਰ ਲਿਖੇ ਜਾਣ ਤੱਕ ਉਹ ਸੜਕ 'ਤੇ ਹੀ ਬੈਠੇ ਹੋਏ ਸਨ। ਇਸ ਕਾਰਨ ਆਵਾਜਾਈ ਵਿਚ ਵੀ ਵਿਘਨ ਪੈ ਰਿਹਾ ਸੀ।

# ਲੋਕ ਸਭਾ ਚੋਣਾਂ 2024 : ਤ੍ਰਿਪੁਰਾ-ਮਣੀਪੁਰ 'ਚ ਸਭ ਤੋਂ ਜਿਆਦਾ ਵੋਟਿੰਗ

**ਨਵਦੀਪ ਸਿੰਘ ਸਾਹਨੀ**

ਨਵੀਂ ਦਿੱਲੀ 26 ਅਪ੍ਰੈਲ। ਦੇਸ ਦੇ 13 ਸੂਬਿਆਂ ਅਤੇ ਕੇਂਦਰ ਸਾਸਤ ਪ੍ਰਦੇਸਾਂ ਦੀਆਂ 88 ਲੋਕ ਸਭਾ ਸੀਟਾਂ 'ਤੇ ਅੱਜ ਯਾਨੀ ਸ਼ੁੱਕਰਵਾਰ ਨੂੰ ਦੂਜੇ ਪੜਾਅ ਦੀ ਵੋਟਿੰਗ ਹੋ ਰਹੀ ਹੈ। ਇਸ ਦੇ ਨਾਲ ਹੀ ਬਾਹਰੀ ਮਣੀਪੁਰ ਲੋਕ ਸਭਾ ਹਲਕੇ ਦੇ ਬਾਕੀ ਖੇਤਰਾਂ ਵਿੱਚ ਵੀ ਵੋਟਿੰਗ ਹੋ ਰਹੀ ਹੈ। ਅੱਜ ਕੇਰਲ ਦੀਆਂ ਸਾਰੀਆਂ 20, ਕਰਨਾਟਕ ਦੀਆਂ 14, ਰਾਜਸਥਾਨ ਦੀਆਂ 13, ਉੱਤਰ ਪ੍ਰਦੇਸ ਅਤੇ ਮਹਾਰਾਸਟਰ ਦੀਆਂ 8-8, ਮੱਧ ਪ੍ਰਦੇਸ ਦੀਆਂ 6, ਅਸਾਮ ਅਤੇ ਬਿਹਾਰ ਦੀਆਂ 5-5, ਪੱਛਮੀ ਬੰਗਾਲ ਅਤੇ ਛੱਤੀਸਗੜ੍ਹ ਦੀਆਂ 3-3, ਤ੍ਰਿਪੁਰਾ ਦੀਆਂ 1-1 ਸੀਟਾਂ 'ਤੇ ਵੋਟਿੰਗ ਹੋ ਰਹੀ ਹੈ। ਜੰਮੂ-ਕਸਮੀਰ ਦੀਆਂ ਦੋਵੇਂ ਲੋਕ ਸਭਾ ਸੀਟਾਂ 'ਤੇ ਵੋਟਾਂ ਪੈ ਰਹੀਆਂ ਹਨ। 18ਵੀਂ ਲੋਕ ਸਭਾ ਚੋਣਾਂ ਦੇ ਦੂਜੇ ਪੜਾਅ ਦੀ ਵੋਟਿੰਗ ਲਈ ਚੋਣ ਕਮਿਸਨ ਵੱਲੋਂ ਸੁਰੱਖਿਆ ਅਤੇ ਹੋਰ ਪ੍ਰਬੰਧ ਪੁਖਤਾ ਕੀਤੇ ਗਏ ਹਨ। ਕੁੱਲ 16 ਕਰੋੜ ਵੋਟਰਾਂ ਲਈ 1 ਲੱਖ 67 ਹਜਾਰ ਪੋਲਿੰਗ ਸਟੇਸਨ ਬਣਾਏ ਗਏ ਹਨ। ਤੁਹਾਨੂੰ ਦੱਸ ਦੇਈਏ ਕਿ ਪਹਿਲੇ ਪੜਾਅ ਵਿੱਚ 19 ਅਪ੍ਰੈਲ ਨੂੰ 102 ਸੀਟਾਂ 'ਤੇ



ਵੋਟਿੰਗ ਹੋਈ ਸੀ। ਸੱਤਵੇਂ ਅਤੇ ਆਖਰੀ ਪੜਾਅ ਵਿੱਚ 1 ਜੂਨ ਨੂੰ ਵੋਟਿੰਗ ਹੋਣੀ ਹੈ। ਲੋਕ ਸਭਾ ਚੋਣਾਂ ਦੇ ਨਤੀਜੇ 4 ਜੂਨ ਨੂੰ ਵੋਟਾਂ ਦੀ ਗਿਣਤੀ ਤੋਂ ਬਾਅਦ ਆਉਣਗੇ। 13 ਸੂਬਿਆਂ 'ਚ ਜਾਰੀ ਦੂਜੇ ਪੜਾਅ ਦੀ ਵੋਟਿੰਗ ਦਾ ਤਿੰਨ ਵਜੇ ਤਕ ਦਾ ਅੰਕੜਾ ਸਾਹਮਣੇ ਆ ਚੁੱਕਾ ਹੈ। ਦੁਪਹਿਰ ਦੇ ਤਿੰਨ ਵਜੇ ਤਕ ਤ੍ਰਿਪੁਰਾ 'ਚ ਸਭ ਤੋਂ ਵੱਧ 68.92 ਫੀਸਦੀ ਅਤੇ ਮਹਾਰਾਸ਼ਟਰ 'ਚ ਸਭ ਤੋਂ ਘੱਟ 43.01 ਫੀਸਦੀ ਵੋਟਿੰਗ ਹੋਈ।

## ਜੰਮੂ ਕਸ਼ਮੀਰ ਦੇ ਬਾਰਾਮੂਲਾ 'ਚ ਮੁਕਾਬਲਾ ਜਾਰੀ; 2 ਅੱਤਵਾਦੀ ਢੇਰ

ਸ਼੍ਰੀਨਗਰ 26 ਅਪ੍ਰੈਲ। ਜੰਮੂ ਕਸ਼ਮੀਰ ਦੇ ਬਾਰਾਮੂਲਾ ਜ਼ਿਲ੍ਹੇ 'ਚ ਅੱਤਵਾਦੀਆਂ ਅਤੇ ਸੁਰੱਖਿਆ ਫੋਰਸਾਂ ਵਿਚਾਲੇ ਦੂਜੇ ਦਿਨ ਵੀ ਜਾਰੀ ਮੁਕਾਬਲੇ ਦੌਰਾਨ ਸ਼ੁੱਕਰਵਾਰ ਨੂੰ 2 ਅੱਤਵਾਦੀ ਮਾਰੇ ਗਏ, ਜਦੋਂ ਕਿ 2 ਪੁਲਸ ਕਰਮੀ ਜਖਮੀ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਮੁਕਾਬਲਾ ਉੱਤਰੀ ਕਸ਼ਮੀਰ 'ਚ ਸੋਪੋਰ ਇਲਾਕੇ ਦੇ ਚੇਕ ਮੁਹੱਲਾ ਨੌਪੋਰਾ 'ਚ ਵੀਰਵਾਰ ਨੂੰ ਸ਼ੁਰੂ ਹੋਇਆ ਸੀ। ਉਨ੍ਹਾਂ ਦੱਸਿਆ ਕਿ ਰਾਤ 'ਚ ਸ਼ਾਂਤੀ ਤੋਂ ਬਾਅਦ ਸ਼ੁੱਕਰਵਾਰ ਨੂੰ ਸਵੇਰੇ ਮੁੜ ਮੁਕਾਬਲਾ ਸ਼ੁਰੂ ਹੋਇਆ। ਅਧਿਕਾਰੀਆਂ ਨੇ ਦੱਸਿਆ ਕਿ ਹੁਣ ਤੱਕ 2 ਅੱਤਵਾਦੀ ਮਾਰੇ ਗਏ ਹਨ। ਉਨ੍ਹਾਂ ਦੱਸਿਆ ਕਿ ਗੋਲੀਬਾਰੀ 'ਚ ਜਖਮੀ ਹੋਏ 2 ਫੌਜ ਦੇ 2 ਜਵਾਨਾਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਮੁਕਾਬਲੇ ਵਾਲੀ ਜਗ੍ਹਾ ਕੋਲ ਵੀਰਵਾਰ ਨੂੰ ਇਕ ਆਮ ਨਾਗਰਿਕ ਵੀ ਜਖਮੀ ਹੋ ਗਿਆ ਸੀ। ਉਨ੍ਹਾਂ ਦੱਸਿਆ ਕਿ ਇਲਾਕੇ ਤੋਂ ਅੱਤਵਾਦੀਆਂ ਨੂੰ ਦੌੜਾਉਣ ਦੀ ਮੁਹਿੰਮ ਜਾਰੀ ਹੈ।

# ਭਾਜਪਾ ਅਤੇ 'ਇੰਡੀਆ' ਗੱਠਜੋੜ 'ਚ 300 ਸੀਟਾਂ 'ਤੇ ਸਿੱਧੀ ਟੱਕਰ

**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 26 ਅਪ੍ਰੈਲ। ਇਨ੍ਹਾਂ ਲੋਕ ਸਭਾ ਚੋਣਾਂ ਦੌਰਾਨ ਸਾਰੇ ਮਤਭੇਦਾਂ ਦੇ ਬਾਵਜੂਦ ਇੰਡੀਆ ਗੱਠਜੋੜ ਲੋਕ ਸਭਾ ਦੀਆਂ 300 ਸੀਟਾਂ 'ਤੇ ਭਾਜਪਾ ਸਾਹਮਣੇ ਮਜਬੂਤੀ ਨਾਲ ਚੋਣ ਲੜ ਰਿਹਾ ਹੈ। ਇੰਡੀਆ ਗੱਠਜੋੜ ਨੇ ਉੱਤਰ ਪ੍ਰਦੇਸ, ਬਿਹਾਰ, ਝਾਰਖੰਡ, ਦਿੱਲੀ, ਮੱਧ ਪ੍ਰਦੇਸ, ਗੁਜਰਾਤ, ਹਰਿਆਣਾ, ਮਹਾਰਾਸਟਰ, ਤਾਮਿਲਨਾਡੂ ਅਤੇ ਗੋਆ 'ਚ ਆਪਸੀ ਸਹਿਮਤੀ ਨਾਲ ਮਜਬੂਤ ਉਮੀਦਵਾਰ ਖੜ੍ਹੇ ਕੀਤੇ ਹਨ। ਇਨ੍ਹਾਂ 10 ਸੂਬਿਆਂ 'ਚ ਲੋਕ ਸਭਾ ਦੀਆਂ ਕੁੱਲ 295 ਸੀਟਾਂ ਹਨ। ਦੂਜੇ ਪਾਸੇ ਪੱਛਮੀ ਬੰਗਾਲ ਦੀਆਂ 42, ਪੰਜਾਬ ਦੀਆਂ 13 ਅਤੇ ਜੰਮੂ-ਕਸਮੀਰ ਦੀਆਂ 5 ਸੀਟਾਂ 'ਤੇ ਗੱਠਜੋੜ ਨਹੀਂ ਹੋ ਸਕਿਆ। ਪੱਛਮੀ ਬੰਗਾਲ 'ਚ ਤ੍ਰਿਣਮੂਲ ਕਾਂਗਰਸ ਅਤੇ ਕਾਂਗਰਸ ਆਹਮੋ-ਸਾਹਮਣੇ ਹਨ, ਉਥੇ ਹੀ ਪੰਜਾਬ 'ਚ ਕਾਂਗਰਸ ਅਤੇ ਆਮ ਆਦਮੀ ਪਾਰਟੀ ਦਾ ਮੁਕਾਬਲਾ ਹੈ। ਜੰਮੂ-ਕਸਮੀਰ 'ਚ ਕਾਂਗਰਸ-ਨੈਸਨਲ ਕਾਨਫਰੰਸ ਦੇ ਸਾਹਮਣੇ ਪੀ. ਡੀ. ਪੀ. ਚੋਣ ਲੜ ਰਹੀ ਹੈ। ਜੇਕਰ ਪੱਛਮੀ ਬੰਗਾਲ, ਪੰਜਾਬ ਅਤੇ ਜੰਮੂ-ਕਸਮੀਰ 'ਚ ਸੀਟਾਂ ਦੀ ਵੰਡ



'ਤੇ ਸਹਿਮਤੀ ਬਣ ਜਾਂਦੀ ਤਾਂ ਚੋਣਾਂ 'ਚ 350 ਤੋਂ ਵੱਧ ਸੀਟਾਂ 'ਤੇ ਭਾਜਪਾ ਖਿਲਾਫ ਗੱਠਜੋੜ ਦੇ ਉਮੀਦਵਾਰ ਹੁੰਦੇ। ਕਾਂਗਰਸ ਨੇ ਇਨ੍ਹਾਂ ਚੋਣਾਂ 'ਚ ਨਵੀਂ ਰਣਨੀਤੀ 'ਤੇ ਕੰਮ ਕਰਦੇ ਹੋਏ ਭਾਜਪਾ ਨਾਲ ਸਿੱਧੇ ਮੁਕਾਬਲੇ ਵਾਲੀਆਂ ਆਪਣੀਆਂ ਸੀਟਾਂ ਦੀ ਗਿਣਤੀ ਵੀ ਘਟਾ ਦਿੱਤੀ ਹੈ। ਪਿਛਲੀਆਂ ਚੋਣਾਂ 'ਚ 190 ਸੀਟਾਂ 'ਤੇ ਕਾਂਗਰਸ ਅਤੇ ਭਾਜਪਾ ਵਿਚਾਲੇ ਸਿੱਧਾ ਮੁਕਾਬਲਾ ਹੋਇਆ ਸੀ, ਜਿਨ੍ਹਾਂ 'ਚੋਂ ਭਾਜਪਾ 175 ਸੀਟਾਂ ਜਿੱਤ ਗਈਆਂ ਸੀ, ਜਦਕਿ ਖੇਤਰੀ ਪਾਰਟੀਆਂ ਨਾਲ ਮੁਕਾਬਲੇ 'ਚ ਕਾਂਗਰਸ 34 ਸੀਟਾਂ ਹੀ ਜਿੱਤ ਸਕੀ ਸੀ। ਦੂਜੇ ਪਾਸੇ ਭਾਜਪਾ ਦਾ ਸਟ੍ਰਾਈਕ ਰੇਟ ਖੇਤਰੀ ਪਾਰਟੀਆਂ ਦੇ ਮੁਕਾਬਲੇ ਬਿਹਤਰ ਰਿਹਾ ਹੈ। ਭਾਜਪਾ ਨੇ ਖੇਤਰੀ ਪਾਰਟੀਆਂ ਖਿਲਾਫ 185 ਸੀਟਾਂ 'ਤੇ ਚੋਣ ਲੜੀ ਸੀ, ਜਿਸ 'ਚੋਂ 128 ਸੀਟਾਂ 'ਤੇ ਉਸ ਦੀ ਜਿੱਤ ਹੋਈ ਸੀ, ਜਦਕਿ 57 ਸੀਟਾਂ ਖੇਤਰੀ ਪਾਰਟੀਆਂ ਨੇ ਜਿੱਤੀਆਂ ਸਨ। ਕਾਂਗਰਸ ਇਸ ਵਾਰ ਗੁਜਰਾਤ, ਰਾਜਸਥਾਨ, ਉੱਤਰਾਖੰਡ, ਹਿਮਾਚਲ ਪ੍ਰਦੇਸ, ਮੱਧ ਪ੍ਰਦੇਸ ਅਤੇ ਦਿੱਲੀ ਦੀਆਂ ਕਰੀਬ 100 ਸੀਟਾਂ 'ਤੇ ਹੀ ਭਾਜਪਾ ਨਾਲ ਸਿੱਧੇ ਮੁਕਾਬਲੇ 'ਚ ਹੈ।

## ਕਾਂਗਰਸ ਨੇ ਤੇਲੰਗਾਨਾ ਨੂੰ ਬਣਾ ਦਿੱਤਾ 'ਦਿੱਲੀ ਦਾ ਏ. ਟੀ. ਐੱਮ.'

ਹੈਦਰਾਬਾਦ, 26 ਅਪ੍ਰੈਲ। ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੀਨੀਅਰ ਨੇਤਾ ਅਮਿਤ ਸਾਹ ਨੇ ਦੋਸ ਲਾਇਆ ਕਿ ਤੇਲੰਗਾਨਾ 'ਚ ਸੱਤਾਧਾਰੀ ਕਾਂਗਰਸ ਨੇ ਸੱਤਾ 'ਚ ਆਉਣ ਦੇ ਕੁਝ ਹੀ ਸਮੇਂ ਦੇ ਅੰਦਰ ਸੂਬੇ ਨੂੰ 'ਦਿੱਲੀ ਦਾ ਏ. ਟੀ. ਐੱਮ.' ਬਣਾ ਦਿੱਤਾ ਹੈ। ਕੇਂਦਰੀ ਗ੍ਰਹਿ ਮੰਤਰੀ ਸਾਹ ਨੇ ਮੇਡਕ ਲੋਕ ਸਭਾ ਹਲਕੇ ਤੋਂ ਭਾਜਪਾ ਉਮੀਦਵਾਰ ਐੱਮ. ਰਘੁਨੰਦਨ ਰਾਓ ਦੇ ਸਮਰਥਨ 'ਚ ਸੂਬੇ ਦੇ ਸਿੱਦੀਪੇਟ 'ਚ ਇਕ ਚੋਣ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਿਹਾ, " ਇੰਨੇ ਘੱਟ ਸਮੇਂ 'ਚ ਕਾਂਗਰਸ ਨੇ ਤੇਲੰਗਾਨਾ ਨੂੰ 'ਦਿੱਲੀ ਦਾ ਏ. ਟੀ. ਐੱਮ.' ਬਣਾ ਦਿੱਤਾ ਹੈ। ਕਾਂਗਰਸ ਪਾਰਟੀ ਭਾਰਤ ਰਾਸਟਰ ਸਮਿਤੀ (ਬੀ. ਆਰ. ਐੱਸ.) ਦੇ 'ਭ੍ਰਿਸਟਾਚਾਰ' ਦੀ ਜਾਂਚ ਨਹੀਂ ਕਰ ਰਹੀ ਹੈ, ਭਾਵੇਂ ਉਹ ਕਾਲੇਸਵਰਮ (ਪ੍ਰਾਜੈਕਟ) ਹੋਵੇ ਜਾਂ ਜਮੀਨ ਦਾ ਘਪਲਾ। ਪਹਿਲਾਂ ਬੀਆਰਐਸ ਦਾ ਨਾਂ ਤੇਲੰਗਾਨਾ ਰਾਸਟਰ ਸਮਿਤੀ (ਟੀ. ਆਰ. ਐੱਸ.) ਸੀ। ਸਾਹ ਨੇ ਕਿਹਾ, "ਟੀ. ਆਰ. ਐੱਸ. ਅਤੇ ਕਾਂਗਰਸ ਦੋਵੇਂ ਇਕੱਠੇ ਹਨ। ਤੁਸੀਂ ਮੋਦੀ ਜੀ (ਨਰਿੰਦਰ ਮੋਦੀ) ਨੂੰ ਤੀਜੀ ਵਾਰ ਪ੍ਰਧਾਨ ਮੰਤਰੀ ਬਣਾਓ, ਮੋਦੀ ਜੀ ਤੇਲੰਗਾਨਾ ਨੂੰ ਇਸ ਭ੍ਰਿਸਟਾਚਾਰ ਤੋਂ ਮੁਕਤੀ ਦਿਵਾਉਣਗੇ।

## ਲੋਕ ਸਭਾ ਚੋਣਾਂ : ਪਹਿਲੀ ਵਾਰ ਚੰਡੀਗੜ੍ਹ ਤੋਂ ਇਕੱਲਿਆਂ ਲੋਕ ਸਭਾ ਚੋਣ ਲੜੇਗਾ ਅਕਾਲੀ ਦਲ

ਚੰਡੀਗੜ੍ਹ 26 ਅਪ੍ਰੈਲ। ਸ਼੍ਰੋਮਣੀ ਅਕਾਲੀ ਦਲ ਪਹਿਲੀ ਵਾਰ ਇਕੱਲਿਆਂ ਹੀ ਲੋਕ ਸਭਾ ਚੋਣਾਂ ਲੜਨ ਜਾ ਰਿਹਾ ਹੈ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਉਮੀਦਵਾਰ ਐਲਾਨੇ ਜਾਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਰਦੀਪ ਸਿੰਘ ਬੁਟੇਰਲਾ ਨੇ ਕਿਹਾ ਕਿ ਉਹ ਚੰਡੀਗੜ੍ਹ ਵਾਸੀਆਂ ਨੂੰ ਅਪੀਲ ਕਰਦੇ ਹਨ ਕਿ ਉਹ ਉਸ ਨੂੰ ਹੀ ਵੋਟ ਦੇਣ ਜੋ ਇੱਥੋਂ ਦੇ ਮੁੱਦੇ ਚੁੱਕ ਸਕਦਾ ਹੈ। ਉਨ੍ਹਾਂ ਕਿਹਾ ਕਿ ਸਮਾਜ ਸੇਵਾ ਪਰਿਵਾਰਕ ਵਿਰਸੇ ਵਜੋਂ ਮਿਲੀ ਹੈ। ਪਿਤਾ ਗੁਰਨਾਮ ਸਿੰਘ 2006 ਤੇ ਵੱਡੇ ਭਰਾ ਮਲਕੀਅਤ ਸਿੰਘ 2011 'ਚ ਕੌਂਸਲਰ ਚੁਣੇ ਗਏ ਸਨ ਪਰ ਦੋਵਾਂ ਦੀ ਆਪੋ-ਆਪਣੇ ਕਾਰਜਕਾਲ ਦੌਰਾਨ ਮੌਤ ਹੋ ਗਈ ਸੀ। ਪਰਿਵਾਰ ਨੇ ਮਹਿਸੂਸ ਕੀਤਾ ਕਿ ਰਾਜਨੀਤੀ ਉਨ੍ਹਾਂ ਦੇ ਅਨੁਕੂਲ ਨਹੀਂ ਹੈ ਪਰ ਸਮਾਜ ਸੇਵਾ ਨੇ ਤਾਕਤ ਪ੍ਰਦਾਨ ਕੀਤੀ ਤੇ ਹੁਣ ਰਾਜਨੀਤੀ 'ਚ ਪ੍ਰਵੇਸ਼ ਕੀਤਾ। 2015, 2016 ਤੇ 2021 ਵਿਚ ਲਗਾਤਾਰ ਨਗਰ ਨਿਗਮ ਚੋਣਾਂ ਜਿੱਤੀਆਂ ਤੇ ਕੌਂਸਲਰ, ਡਿਪਟੀ ਮੇਅਰ ਤੇ ਸੀਨੀਅਰ ਡਿਪਟੀ ਮੇਅਰ ਵੀ ਬਣੇ। ਬੁਟੇਰਲਾ ਪਰਿਵਾਰ ਦੀਆਂ ਸੇਵਾਵਾਂ ਦੇ ਮੱਦੇਨਜ਼ਰ 2018 'ਚ ਹਰਦੀਪ ਸਿੰਘ ਨੂੰ ਸ਼੍ਰੋਮਣੀ ਅਕਾਲੀ ਦਲ ਚੰਡੀਗੜ੍ਹ ਦਾ ਪ੍ਰਧਾਨ ਨਿਯੁਕਤ ਕੀਤਾ ਗਿਆ ਸੀ। ਕੌਂਸਲਰ ਬੁਟੇਰਲਾ 10 ਸਾਲਾਂ ਦੀ ਸੇਵਾ ਦੌਰਾਨ 27 ਵਾਰ ਖੂਨਦਾਨ ਕੈਂਪ ਲਗਾ ਚੁੱਕੇ ਹਨ। ਹਰ ਖੁਸ਼ੀ ਦੇ ਮੌਕੇ 'ਤੇ ਰੁੱਖ ਲਗਾ ਕੇ ਆਉਣ ਵਾਲੀਆਂ ਪੀੜ੍ਹੀਆਂ ਨੂੰ ਸੁੰਦਰ ਅਤੇ ਸਾਫ਼-ਸੁਥਰਾ ਵਾਤਾਵਰਨ ਦੇਣ ਲਈ ਵਚਨਬੱਧ ਹਨ। ਕਰੋਨਾ ਦੌਰਾਨ ਵੀ ਬੁਟੇਰਲਾ ਪਰਿਵਾਰ ਹਰ ਰੋਜ਼ ਪੂਰੇ ਇਲਾਕੇ 'ਚ ਲੰਗਰ ਤੇ ਹੋਰ ਜ਼ਰੂਰੀ ਸਮਾਨ ਵੰਡਦਾ ਰਿਹਾ। ਹਰਦੀਪ ਨੇ ਦੱਸਿਆ ਕਿ ਉਹ ਰੋਜ਼ ਸਵੇਰੇ ਦੋ ਘੰਟੇ ਲੋਕਾਂ ਵਿਚਕਾਰ ਰਹਿੰਦੇ ਹਨ। ਇਮਾਨਦਾਰ ਅਕਾਲੀ ਵਰਕਰਾਂ ਤੇ ਸਮਾਜ ਸੇਵੀਆਂ ਦੇ ਸਹਿਯੋਗ ਨਾਲ ਸ਼੍ਰੋਮਣੀ ਅਕਾਲੀ ਦਲ ਵੱਲੋਂ ਚੰਡੀਗੜ੍ਹ 'ਚ ਪਹਿਲੀ ਵਾਰ ਐੱਮ. ਪੀ. ਉਮੀਦਵਾਰ ਵਜੋਂ ਸੌਂਪੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣ ਲਈ ਦਿਨ-ਰਾਤ ਕੰਮ ਕਰਨਗੇ। ਇਸ ਸੀਟ ਨੂੰ ਅਕਾਲੀ ਦਲ ਦੇ ਹੱਥਾਂ 'ਚ ਪਾਉਣ ਦੀ ਕੋਸ਼ਿਸ਼ ਕਰਨਗੇ।

# 2 ਸਾਲ ਪਹਿਲਾਂ ਵਿਆਹੇ ਨੌਜਵਾਨ ਨੇ ਕੀਤੀ ਖ਼ੁਦਕੁਸ਼ੀ, ਦਰਦ ਭਰੀ ਕਹਾਣੀ ਸੁਣ ਤੁਸੀਂ ਵੀ ਭਾਵੁਕ ਹੋ ਜਾਵੋਗੇ

ਬਰਨਾਲਾ 26 ਅਪ੍ਰੈਲ। ਬਰਨਾਲਾ ਦੇ ਪਿੰਡ ਰਾਮਗੜ੍ਹ 'ਚ ਇਕ ਪਰਿਵਾਰ 'ਤੇ ਉਸ ਵੇਲੇ ਦੁੱਖਾਂ ਦਾ ਪਹਾੜ ਟੁੱਟ ਪਿਆ, ਜਦੋਂ ਘਰ ਦੇ ਨੌਜਵਾਨ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਮ੍ਰਿਤਕ ਦੀ ਪਛਾਣ ਸਤਨਾਮ ਸਿੰਘ ਵਜੋਂ ਹੋਈ ਸੀ, ਜਿਸ ਦਾ 2 ਸਾਲ ਪਹਿਲਾਂ ਵਿਆਹ ਹੋਇਆ ਸੀ ਅਤੇ 9 ਮਹੀਨਿਆਂ ਦਾ ਇਕ ਮਾਸੂਮ ਪੁੱਤਰ ਹੈ। ਮ੍ਰਿਤਕ ਕੋਲੋਂ ਖ਼ੁਦਕੁਸ਼ੀ ਨੋਟ ਵੀ ਬਰਾਮਦ ਕੀਤਾ ਗਿਆ ਹੈ, ਜਿਸ 'ਚ ਉਸ ਨੇ ਕਮਿਸ਼ਨ ਏਜੰਟ ਅਤੇ ਸਾਬਕਾ ਸਰਪੰਚ ਨੂੰ ਆਪਣੀ ਮੌਤ ਲਈ ਜ਼ਿਮੇਵਾਰ ਠਹਿਰਾਇਆ ਹੈ। ਜਾਣਕਾਰੀ ਦਿੰਦੇ ਹੋਏ ਮ੍ਰਿਤਕ ਦੀ ਮਾਤਾ ਬਿੰਦਰ ਕੌਰ ਅਤੇ ਪਤਨੀ ਪਰਮਜੀਤ ਕੌਰ ਨੇ ਦੱਸਿਆ ਕਿ ਸਤਨਾਮ ਸਿੰਘ ਕੁੱਝ ਸਾਲ ਪਹਿਲਾਂ ਕਮਿਸ਼ਨ ਏਜੰਟ ਕੋਲ ਕੰਮ ਕਰਦਾ ਸੀ, ਜੋ ਕਿ ਸਤਨਾਮ ਦੇ ਬੈਂਕ ਖਾਤੇ 'ਚ ਪੈਸੇ ਜਮ੍ਹਾਂ ਕਰਵਾ ਕੇ ਫਿਰ ਕੱਢਵਾ ਲੈਂਦਾ ਸੀ। ਉਹ ਸਤਨਾਮ ਕੋਲੋਂ 22 ਲੱਖ ਰੁਪਏ ਦੀ ਮੰਗ ਕਰ ਰਿਹਾ ਸੀ ਪਰ ਸਤਨਾਮ ਸਿਰਫ ਉਸ ਨੂੰ 8 ਲੱਖ ਰੁਪਏ ਦੇ ਰਿਹਾ ਸੀ। ਕਮਿਸ਼ਨ ਏਜੰਟ ਨੇ ਇਹ ਪੈਸੇ ਲੈਣ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਸਤਨਾਮ ਉਸ ਦੀ ਦੁਕਾਨ ਛੱਡ ਕੇ ਇਲੈਕਟ੍ਰੀਸ਼ੀਅਨ ਦਾ ਕੰਮ ਕਰਨ ਲੱਗਾ। ਫਿਰ ਵੀ ਕਮਿਸ਼ਨ ਏਜੰਟ ਨੇ ਉਸ ਦਾ ਪਿੱਛਾ ਨਹੀਂ ਛੱਡਿਆ ਅਤੇ ਉਸ ਤੋਂ ਖਾਲੀ ਚੈੱਕ ਲੈ ਲਿਆ। ਉਹ ਅਕਸਰ ਸਤਨਾਮ ਨੂੰ ਪੁਲਸ ਕੇਸ ਕਰਾਉਣ ਦੀਆਂ ਧਮਕੀਆਂ ਦਿੰਦਾ ਸੀ। ਉਨ੍ਹਾਂ ਨੇ ਆਪਣਾ ਘਰ ਵੀ ਗਹਿਣੇ ਰੱਖਿਆ ਹੋਇਆ ਸੀ। ਇਸ ਕਾਰਨ ਸਤਨਾਮ ਬੇਹੱਦ ਪਰੇਸ਼ਾਨ ਰਹਿਣ ਲੱਗਾ ਅਤੇ ਉਸ ਨੇ ਫਾਹਾ ਲੈ ਕੇ ਖ਼ੁਦਕੁਸ਼ੀ ਕਰ ਲਈ। ਉਸ ਕੋਲੋਂ ਖ਼ੁਦਕੁਸ਼ੀ ਨੋਟ ਵੀ ਬਰਾਮਦ ਹੋਇਆ ਹੈ, ਜਿਸ 'ਚ ਉਸ ਨੇ ਟੱਲੇਵਾਲ ਦੇ ਸਰਪੰਚ ਅਤੇ ਸਾਬਕਾ ਸਰਪੰਚ ਸਮੇਤ ਕੁੱਝ ਲੋਕਾਂ ਦੇ ਨਾਂ ਲਿਖੇ ਹਨ ਅਤੇ ਖ਼ੁਦਕੁਸ਼ੀ ਲਈ ਕਮਿਸ਼ਨ ਏਜੰਟ ਅਤੇ ਉਸ ਦੇ ਸਾਥੀਆਂ ਨੂੰ ਜ਼ਿਮੇਵਾਰ ਠਹਿਰਾਇਆ ਹੈ। ਫਿਲਹਾਲ ਪਰਿਵਾਰ ਵਾਲਿਆਂ ਦਾ ਕਹਿਣਾ ਹੈ ਕਿ ਜਦੋਂ ਤੱਕ ਮ੍ਰਿਤਕ ਸਤਨਾਮ ਸਿੰਘ ਦੇ ਕਾਤਲਾਂ ਨੂੰ ਗ੍ਰਿਫਤਾਰ ਨਹੀਂ ਕੀਤਾ ਜਾਂਦਾ, ਉਦੋਂ ਤੱਕ ਉਹ ਮ੍ਰਿਤਕ ਦਾ ਪੋਸਟਮਾਰਟਮ ਨਹੀਂ ਕਰਵਾਉਣਗੇ ਅਤੇ ਨਾਂ ਹੀ ਅੰਤਿਮ ਸੰਸਕਾਰ ਕਰਨਗੇ। ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਦੇ ਹੱਕ 'ਚ ਆਏ ਪਿੰਡ ਵਾਸੀ ਅਤੇ ਪੰਚਾਇਤ ਯੂਨੀਅਨ ਬਰਨਾਲਾ ਵੀ ਇਨਸਾਫ ਦੀ ਮੰਗ ਕਰ ਰਹੇ ਹਨ। ਉਨ੍ਹਾਂ ਨੇ ਪੁਲਸ ਨੂੰ ਸੋਮਵਾਰ ਤੱਕ ਅਲਟੀਮੇਟਮ ਦਿੰਦੇ ਹੋਏ ਕਿਹਾ ਹੈ ਕਿ ਜੇਕਰ ਸੋਮਵਾਰ ਤੱਕ ਪੁਲਸ ਨੇ ਦੋਸ਼ੀਆਂ ਨੂੰ ਗ੍ਰਿਫਤਾਰ ਨਾ ਕੀਤਾ ਤਾਂ ਵਿਸ਼ਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ।



## ਤਲਾਕਸ਼ੁਦਾ ਔਰਤ ਨਾਲ ਪਤੀ ਦੇ ਸੀ ਨਾਜਾਇਜ ਸਬੰਧ, ਪਤਨੀ ਨੇ ਚੁੱਕ ਲਿਆ ਖੌਫਨਾਕ ਕਦਮ

ਲੁਧਿਆਣਾ 26 ਅਪ੍ਰੈਲ। ਪ੍ਰਾਪਰਟੀ ਡੀਲਰ ਪਤੀ ਦੇ ਦਫਤਰ 'ਚ ਕੰਮ ਕਰਨ ਵਾਲੀ ਤਲਾਕਸ਼ੁਦਾ ਔਰਤ ਨਾਲ ਨਾਜਾਇਜ ਸਬੰਧਾਂ ਦਾ ਪਤਾ ਲੱਗਣ 'ਤੇ ਪਤਨੀ ਨੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਇਸ ਮਾਮਲੇ 'ਚ ਥਾਣਾ ਦੁੱਗਰੀ ਦੀ ਪੁਲਸ ਨੇ ਵਿਆਹੁਤਾ ਦੇ ਪਿਤਾ ਦੇ ਬਿਆਨ 'ਤੇ ਧੀ ਦੇ ਪਤੀ, ਸੱਸ ਅਤੇ ਪਤੀ ਦੀ ਸਹੇਲੀ ਖ਼ਿਲਾਫ ਮਾਮਲਾ ਦਰਜ ਕੀਤਾ ਹੈ। ਦੋਸ਼ੀਆਂ ਦੀ ਪਛਾਣ ਪਤੀ ਨਵਜੋਤ ਸਿੰਘ ਉਰਫ ਗੋਲਡੀ, ਮਾਂ ਪਰਮਜੀਤ ਕੌਰ ਵਾਸੀ ਬਾਬਾ ਦੀਪ ਸਿਘ ਨਗਰ ਅਤੇ ਚਰਨਜੀਤ ਕੌਰ ਦੇ ਰੂਪ 'ਚ ਹੋਈ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਸ਼ਾਮ ਸਿੰਘ ਵਾਸੀ ਫਰੀਦਕੋਟ ਨੇ ਦੱਸਿਆ ਕਿ ਉਸ ਦੀ ਧੀ ਦਲਬੀਰ ਕੌਰ ਦਾ ਵਿਆਹ ਉਕਤ ਦੋਸ਼ੀ ਨਵਤੇਜ ਸਿੰਘ ਨਾਲ ਹੋਇਆ ਸੀ ਅਤੇ ਉਨ੍ਹਾਂ ਦਾ 11 ਸਾਲ ਦਾ ਬੱਚਾ ਹੈ। ਉਸ ਦਾ ਪੱਖੋਵਾਲ ਰੋਡ 'ਤੇ ਪ੍ਰਾਪਰਟੀ ਦਾ ਕਾਰੋਬਾਰ ਹੈ। ਉਸ ਦੇ ਦਫਤਰ 'ਚ ਇਕ ਤਲਾਕਸ਼ੁਦਾ ਔਰਤ ਵੀ ਕੰਮ ਕਰਦੀ ਸੀ, ਜਿਸ ਨਾਲ ਉਸ ਦੇ ਨਾਜਾਇਜ ਸਬੰਧ ਸਨ, ਜਿਸ ਤੋਂ ਦੁਖੀ ਹੋ ਕੇ ਉਨ੍ਹਾਂ ਦੀ ਧੀ ਨੇ ਖੌਫਨਾਕ ਕਦਮ ਚੁੱਕ ਲਿਆ। ਉਨ੍ਹਾਂ ਦੱਸਿਆ ਕਿ ਬੀਤੀ 21 ਅਪ੍ਰੈਲ ਨੂੰ ਦੋਹਤੇ ਨੇ ਫੋਨ ਕਰਕੇ ਆਪਣੇ ਮਾਮਾ ਹਰਸਿਮਰਤ ਨੂੰ ਮਾਂ ਦੇ ਠੀਕ ਨਾ ਹੋਣ ਦੀ ਸੂਚਨਾ ਦਿੱਤੀ। ਜਦੋਂ ਉਨ੍ਹਾਂ ਦਾ ਬੇਟਾ ਡੀ. ਐੱਮ. ਸੀ. ਹਸਪਤਾਲ ਪੁੱਜਿਆ ਤਾਂ ਪਤਾ ਲੱਗਾ ਕੀ ਉਸ ਦੀ ਭੈਣ ਦਲਬੀਰ ਕੌਰ ਦੀ ਰਾਤ ਨੂੰ ਹੀ ਮੌਤ ਹੋ ਚੁੱਕੀ ਹੈ। ਉਸ ਦੀ ਧੀ ਨੇ ਉਕਤ ਦੋਸ਼ੀਆਂ ਤੋਂ ਤੰਗ ਆ ਕੇ ਜਹਿਰੀਲਾ ਪਦਾਰਥ ਨਿਗਲ ਲਿਆ ਹੈ।

## ਪੁਲਸ ਵੱਲੋਂ ਹੈਰੋਇਨ ਸਮੇਤ ਇਕ ਵਿਅਕਤੀ ਨੂੰ ਕੀਤਾ ਗ੍ਰਿਫਤਾਰ

ਮਲੋਟ 26 ਅਪ੍ਰੈਲ। ਪੰਜਾਬ ਦੇ ਆਈ.ਪੀ.ਐੱਸ, ਡੀ.ਜੀ.ਪੀ ਗੋਰਵ ਯਾਦਵ ਅਤੇ ਗੁਰਸਰਨ ਸਿੰਘ ਸੰਧੂ ਆਈ.ਪੀ.ਐੱਸ ਆਈ.ਜੀ.ਪੀ ਫਰੀਦਕੋਟ ਰੇਂਜ ਫਰੀਦਕੋਟ ਦੀਆਂ ਹਦਾਇਤਾਂ ਤਹਿਤ ਭਾਗੀਰਥ ਸਿੰਘ ਮੀਨਾ ਆਈ.ਪੀ.ਐੱਸ. ਐੱਸ.ਐੱਸ.ਪੀ ਸ੍ਰੀ ਮੁਕਤਸਰ ਸਾਹਿਬ ਵੱਲੋਂ ਜ਼ਿਲ੍ਹਾ ਅੰਦਰ ਨਸ਼ਿਆਂ ਖ਼ਿਲਾਫ ਮੁਹਿੰਮ ਵਿੱਢੀ ਗਈ ਹੈ। ਜਿਸ ਤਹਿਤ ਫਤਿਹ ਸਿੰਘ ਬਰਾੜ ਡੀ.ਐੱਸ.ਪੀ (ਲੰਬੀ) ਦੀ ਨਿਗਰਾਨੀ ਹੇਠ ਐੱਸ.ਆਈ. ਰਣਜੀਤ ਸਿੰਘ ਮੁੱਖ ਅਫਸਰ ਥਾਣਾ ਕਬਰਵਾਲਾ ਪੁਲਸ ਵੱਲੋਂ ਇੱਕ ਦੋਸ਼ੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਸ ਪਾਸੋਂ 125 ਗ੍ਰਾਮ ਹੈਰੋਇਨ ਨੂੰ ਬਰਾਮਦ ਕੀਤੀ ਗਈ ਹੈ। ਥਾਣਾ ਕਬਰਵਾਲਾ ਪੁਲਸ ਵੱਲੋਂ ਗਸ਼ਤ ਅਤੇ ਚੈਕਿੰਗ ਦੌਰਾਨ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਪਿੰਡ ਪੱਕੀ ਟਿੱਬੀ ਬੱਸ ਸਟੈਂਡ ਕੋਲ ਨਾਕਾਬੰਦੀ ਕੀਤੀ ਹੋਈ ਸੀ ਤਾਂ ਇੱਕ ਵਿਅਕਤੀ




ਪਿੰਡ ਪੱਕੀ ਟਿੱਬੀ ਦੀ ਵਲੋਂ ਆਉਂਦਾ ਦਿਖਾਈ ਦਿੱਤਾ ਜਿਸਨੂੰ ਸ਼ੱਕ ਦੇ ਆਧਾਰ 'ਤੇ ਰੋਕ ਕੇ ਵਿਅਕਤੀ ਦਾ ਨਾਮ ਪੁੱਛਿਆ ਤਾਂ ਉਸ ਨੇ ਆਪਣਾ ਨਾਮ ਅਜੇਬੀਰ ਸਿੰਘ ਉਰਫ ਅਜੇ ਕੁਮਾਰ ਪੁੱਤਰ ਬਲਵਿੰਦਰ ਸਿੰਘ ਵਾਸੀ ਪਿੰਡ ਮੌਜਪੁਰ ਜ਼ਿਲ੍ਹਾ ਤਰਨਤਾਰਨ ਦੱਸਿਆ। ਸ਼ੱਕ ਦੇ ਆਧਾਰ 'ਤੇ ਤਲਾਸ਼ੀ ਲੈਣ 'ਤੇ ਉਸ ਪਾਸੋਂ 125 ਗ੍ਰਾਮ ਹੈਰੋਇਨ ਬਰਾਮਦ ਹੋਈ। ਜਿਸ 'ਤੇ ਉਕਤ ਦੋਸੀ ਤੇ ਥਾਣਾ ਕਬਰਵਾਲਾ ਪੁਲਸ ਵਲੋਂ ਐੱਨ.ਡੀ.ਪੀ.ਐੱਸ ਐਕਟ ਤਹਿਤ ਕੇਸ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਪਤੀ-ਪਤਨੀ ਗਏ ਨੌਕਰੀ 'ਤੇ, ਪਿੱਛੋਂ ਚੋਰ 3 ਤੋਲੇ ਤੋਂ ਵੱਧ ਸੋਨੇ ਦੇ ਗਹਿਣੇ ਲੈ ਗਏ ਚੋਰੀ ਕਰਕੇ

ਗੁਰਦਾਸਪੁਰ 26 ਅਪ੍ਰੈਲ। ਗੁਰਦਾਸਪੁਰ 'ਚ ਚੋਰੀ ਦੀਆਂ ਵਾਰਦਾਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ। ਅੱਜ ਵੀ ਗੁਰਦਾਸਪੁਰ ਦੇ ਬਟਾਲਾ ਰੋਡ 'ਤੇ ਪੈਂਦੇ ਦਸ਼ਮੇਸ਼ ਨਗਰ 'ਚ ਇਕ ਘਰ 'ਚੋਂ ਚੋਰ 3 ਤੋਲੇ ਤੋਂ ਜ਼ਿਆਦਾ ਸੋਨੇ ਦੇ ਗਹਿਣੇ ਅਤੇ 12 ਹਜ਼ਾਰ ਰੁਪਏ ਦੀ ਨਗਦੀ ਚੋਰੀ ਕਰਕੇ ਲੈ ਗਏ। ਇਹ ਘਟਨਾ ਉਦੋਂ ਵਾਪਰੀ ਜਦੋਂ ਦੋਵੇਂ ਪਤੀ-ਪਤਨੀ ਆਪਣੀਆਂ ਡਿਊਟੀਆਂ 'ਤੇ ਗਏ ਸਨ। ਸਿਟੀ ਪੁਲਸ ਗੁਰਦਾਸਪੁਰ ਨੇ ਇਸ ਸਬੰਧੀ ਅਣਪਛਾਤੇ ਵਿਅਕਤੀਆਂ ਦੇ ਖ਼ਿਲਾਫ ਧਾਰਾ 454,380 ਦੇ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਸੁਖਜਿੰਦਰਪਾਲ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ 139/8 ਦਸ਼ਮੇਸ਼ ਨਗਰ ਬਟਾਲਾ ਰੋਡ




ਗੁਰਦਾਸਪੁਰ ਨੇ ਸਿਟੀ ਪੁਲਸ ਗੁਰਦਾਸਪੁਰ ਨੂੰ ਦਿੱਤੀ ਸ਼ਿਕਾਇਤ 'ਚ ਦੱਸਿਆ ਕਿ ਉਹ ਅਤੇ ਉਸ ਦੀ ਪਤਨੀ ਆਪਣੇ ਘਰ ਨੂੰ ਤਾਲੇ ਲਗਾ ਕੇ 8 ਵਜੇ ਘਰੋਂ ਆਪਣੀਆਂ-ਆਪਣੀਆਂ ਡਿਊਟੀਆਂ 'ਤੇ ਚੱਲ ਗਏ ਸੀ ਜਦ ਸ਼ਾਮ 4.15 ਵਜੇ ਘਰ ਆਏ ਤਾਂ ਵੇਖਿਆ ਕਿ ਕਮਰੇ ਦਾ ਦਰਵਾਜ਼ਾ ਟੁੱਟਾ ਹੋਇਆ ਸੀ ਅਤੇ ਅੰਦਰ ਸਟੋਰ ਵਿਚ ਰੱਖੀ ਅਲਮਾਰੀ ਦਾ ਲਾਕ ਤੋੜ ਕੇ ਅਲਮਾਰੀ ਵਿਚੋਂ ਦੋ ਸੋਨੇ ਦੀਆਂ ਚੂੜੀਆਂ ਵਜਨੀ 4 ਗ੍ਰਾਂਮ, ਸੋਨੇ ਦਾ ਹਾਰ ਅਤੇ ਟਾਪਸ ਵਜਨੀ 2 ਤੋਲਾ, ਇਕ ਸੋਨੇ ਦੀ ਮੁੰਦਰੀ 07 ਗ੍ਰਾਂਮ, ਇਕ ਸੋਨੇ ਦਾ ਕੜਾ ਵਜਨੀ 1 ਤੋਲਾ, ਇਕ ਸੋਨੇ ਦੀ ਚੈਨ ਵਜਨੀ 1.7 ਗ੍ਰਾਂਮ ਅਤੇ 12 ਹਜ਼ਾਰ ਰੁਪਏ ਨਗਦੀ ਚੋਰ ਚੋਰੀ ਕਰਕੇ ਲੈ ਗਏ। ਇਸ ਸਬੰਧੀ ਏ.ਐੱਸ.ਆਈ ਜਗਜੀਤ ਸਿੰਘ ਨੇ ਦੱਸਿਆ ਕਿ ਸੁਖਜਿੰਦਰਪਾਲ ਸਿੰਘ ਦੇ ਬਿਆਨਾਂ 'ਤੇ ਅਣਪਛਾਤੇ ਵਿਅਕਤੀਆਂ ਦੇ ਖਿਲਾਫ ਮਾਮਲਾ ਦਰਜ਼ ਕਰਕੇ ਦੋਸੀਆਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

# 35 ਸਾਲਾਂ ਬਾਅਦ ਘਰ 'ਚ ਧੀ ਨੇ ਲਿਆ ਜਨਮ, ਪਰਿਵਾਰ ਦੇ ਜਮੀਨ 'ਤੇ ਨਹੀਂ ਲੱਗ ਰਹੇ ਪੈਰ

ਖੰਨਾ 26 ਅਪ੍ਰੈਲ। ਅੱਜ ਦੇ ਇਸ ਜਮਾਨੇ 'ਚ ਵੀ ਕਈ ਲੋਕ ਧੀਆਂ ਨੂੰ ਲੈ ਕੇ ਮਾੜੀ ਸੋਚ ਰੱਖਦੇ ਹਨ ਅਤੇ ਜੇਕਰ ਉਨ੍ਹਾਂ ਦੇ ਘਰ ਧੀ ਦਾ ਜਨਮ ਹੋ ਜਾਵੇ ਤਾਂ ਉਹ ਚਿੰਤਾ 'ਚ ਡੁੱਬ ਜਾਂਦੇ ਹਨ ਪਰ ਖੰਨਾ ਦੇ ਇਕ ਪਰਿਵਾਰ ਦੇ ਘਰ ਜਦੋਂ 35 ਸਾਲਾਂ ਬਾਅਦ ਧੀ ਨੇ ਜਨਮ ਲਿਆ ਤਾਂ ਪੂਰੇ ਟੱਬਰ ਦੇ ਪੈਰ ਹੀ ਜਮੀਨ 'ਤੇ ਨਹੀਂ ਲੱਗ ਰਹੇ। ਉਨ੍ਹਾਂ ਨੇ ਵੱਡੇ ਜਸ਼ਨਾਂ ਨਾਲ ਧੀ ਦਾ ਸੁਆਗਤ ਕੀਤਾ। ਜਾਣਕਾਰੀ ਦਿੰਦੇ ਹੋਏ ਨਵਜੰਮੀ ਬੱਚੀ ਦੇ ਦਾਦਾ ਦੀਦਾਰ ਸਿੰਘ ਬੱਲ ਨੇ ਕਿਹਾ ਕਿ ਉਨ੍ਹਾਂ ਦੇ ਪਰਿਵਾਰ 'ਚ 35 ਸਾਲਾਂ ਬਾਅਦ ਧੀ ਉਨ੍ਹਾਂ ਦੀ ਪੋਤੀ ਦੇ ਰੂਪ 'ਚ ਆਈ ਹੈ ਅਤੇ ਅੱਜ ਉਨ੍ਹਾਂ ਦੀ ਖ਼ੁਸ਼ੀ ਦਾ ਕੋਈ ਟਿਕਾਣਾ ਨਹੀਂ ਹੈ। ਬੱਚੀ ਦੇ ਪਿਤਾ ਬਲਪ੍ਰੀਤ ਸਿੰਘ ਨੇ ਕਿਹਾ ਕਿ ਉਨ੍ਹਾਂ ਦਾ ਪਹਿਲਾਂ ਇਕ 7 ਸਾਲ ਦੇ ਬੇਟਾ ਹੈ ਅਤੇ ਉਨ੍ਹਾਂ ਦੇ ਘਰ 7 ਸਾਲ ਬਾਅਦ ਧੀ ਨੇ ਜਨਮ ਲਿਆ ਹੈ, ਜਿਸ ਨੂੰ ਉਨ੍ਹਾਂ ਨੇ ਪਰਮਾਤਮਾ ਕੋਲੋਂ ਮੰਗ ਕੇ ਲਿਆ ਹੈ। ਨਵਜੰਮੀ ਧੀ ਨੂੰ



ਪਰਿਵਾਰ ਵਾਲੇ ਪੂਰੀ ਤਰ੍ਹਾਂ ਗੁਬਾਰਿਆਂ ਨਾਲ ਸਜੀ ਕਾਰ 'ਚ ਘਰ ਲੈ ਕੇ ਆਏ। ਬੱਚੀ ਨੂੰ ਘਰ ਅੰਦਰ ਲਿਜਾਣ ਤੋਂ ਪਹਿਲਾਂ ਰਿਸ਼ਤੇਦਾਰਾਂ ਸਮੇਤ ਪੂਰੇ ਪਰਿਵਾਰ ਨੇ ਢੋਲ-ਢਮੱਕੇ 'ਤੇ ਨੱਚ ਕੇ ਖ਼ੁਸ਼ੀ ਮਨਾਈ ਅਤੇ ਫੁੱਲਾਂ ਦੀ ਵਰਖਾ ਕਰਕੇ ਧੀ ਨੂੰ ਘਰ 'ਚ ਪ੍ਰਵੇਸ਼ ਕਰਾਇਆ। ਪਰਿਵਾਰ ਵਾਲਿਆਂ ਨੇ ਰਿੱਬਨ ਕੱਟ ਕੇ ਆਤਿਸ਼ਬਾਜੀ ਕੀਤੀ ਅਤੇ ਅਤੇ ਫਿਰ ਕੇਕ ਕੱਟਿਆ। ਇਸ ਮੌਕੇ ਨਵਜੰਮੀ ਬੱਚੀ ਦੇ ਦਾਦਾ, ਪਿਤਾ ਅਤੇ ਮਾਂ ਨੇ ਕਿਹਾ ਕਿ ਸਾਡਾ ਇਹ ਉਨ੍ਹਾਂ ਲੋਕਾਂ ਨੂੰ ਸੁਨੇਹਾ ਹੈ, ਜੋ ਧੀਆਂ ਨੂੰ ਕੁੱਖਾਂ 'ਚ ਹੀ ਕਤਲ ਕਰ ਦਿੰਦੇ ਹਨ ਪਰ ਧੀ ਕਦੇ ਵੀ ਮਾਪਿਆਂ 'ਤੇ ਬੋਝ ਨਹੀਂ ਹੁੰਦੀ। ਉਨ੍ਹਾਂ ਨੇ ਕਿਹਾ ਕਿ ਧੀਆਂ ਦਾ ਸਤਿਕਾਰ ਕਰੋ ਅਤੇ ਧੀਆਂ ਨੂੰ ਵੀ ਪੁੱਤਰਾਂ ਵਾਂਗ ਹੀ ਪਿਆਰ ਕਰੋ।

## ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲ ਬੱਸਾਂ ਦੀ ਚੈਕਿੰਗ, ਚਾਰ ਦੇ ਕੱਟੇ ਚਲਾਨ

ਕੋਟਕਪੂਰਾ 26 ਅਪ੍ਰੈਲ। ਡਿਪਟੀ ਕਮਿਸ਼ਨਰ ਫਰੀਦਕੋਟ ਵਿਨੀਤ ਕੁਮਾਰ ਦੇ ਨਿਰਦੇਸ਼ਾਂ ਅਨੁਸਾਰ ਐੱਸ.ਡੀ.ਐੱਮ ਕੋਟਕਪੂਰਾ ਮੈਡਮ ਵੀਰਪਾਲ ਕੌਰ ਦੀ ਅਗਵਾਈ ਹੇਠ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਫਰੀਦਕੋਟ ਵੱਲੋਂ ਟਾਸਕ ਫੋਰਸ ਟੀਮ ਦੇ ਮੈਂਬਰਾਂ ਦੇ ਸਹਿਯੋਗ ਨਾਲ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਦੀ ਚੈਕਿੰਗ ਕੀਤੀ ਗਈ। ਇਸ ਮੌਕੇ ਸੇਫ ਸਕੂਲ ਵਾਹਨ ਪਾਲਿਸੀ ਤਹਿਤ 20 ਸਕੂਲੀ ਵਾਹਨਾਂ ਦੀ



ਚੈਕਿੰਗ ਕੀਤੀ ਗਈ ਅਤੇ ਪਾਲਿਸੀ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਵਾਲੀਆਂ 04 ਬੱਸਾਂ ਦੇ ਚਲਾਨ ਕੱਟੇ ਗਏ। ਇਸ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਅਫਸਰ ਅਮਨਦੀਪ ਸਿੰਘ ਸੋਢੀ ਸਮੇਤ ਜ਼ਿਲ੍ਹਾ ਟਾਸਕ ਫੋਰਸ ਟੀਮ ਦੇ ਸੁਮਨਦੀਪ ਸਿੰਘ, ਚਾਈਲਡ ਪ੍ਰੋਟੈਕਸ਼ਨ ਅਫਸਰ ਜਗਰੂਪ ਸਿੰਘ ਏ.ਐਸ.ਆਈ, ਰਜਿੰਦਰ ਕੁਮਾਰ ਏ.ਐੱਸ.ਆਈ ਟ੍ਰੈਫ਼ਿਕ ਪੁਲਸ ਵਲੋਂ ਕੋਟਕਪੂਰਾ ਵਿਖੇ ਬੱਸ ਡਰਾਇਵਰਾਂ ਨੂੰ ਸੇਫ ਸਕੂਲ ਵਾਹਨ ਪਾਲਿਸੀ ਅਨੁਸਾਰ ਗੱਡੀਆਂ ਵਿੱਚ ਸਪੀਡ ਗਵਰਨਰ, ਸੀ.ਸੀ.ਟੀ.ਵੀ. ਕੈਮਰੇ ਤੇ ਲੇਡੀ ਅਟੈਂਡਟ ਆਦਿ ਦੀ ਉਪਲੱਬਤਾ ਨਿਸ਼ਚਿਤ ਕਰਨ ਲਈ ਕਿਹਾ ਗਿਆ ਅਤੇ ਸੇਫ ਸਕੂਲ ਵਾਹਣ ਪਾਲਿਸੀ ਦੀਆਂ ਬਰੀਕੀਆਂ ਤੇ ਫਾਇਦਿਆ ਸੰਬੰਧੀ ਜਾਣੂ ਕਰਵਾਇਆ ਗਿਆ।

## ਬਮਿਆਲ ਦਾਣਾ ਮੰਡੀ 'ਚ ਬਾਰਦਾਨਾਂ ਨਾ ਉਪਲਬਧ ਹੋਣ ਕਾਰਨ ਕਿਸਾਨ ਪ੍ਰੇਸਾਨ

ਬਮਿਆਲ/ਦੀਨਾਨਗਰ 26 ਅਪ੍ਰੈਲ। ਜਿੱਥੇ ਪੰਜਾਬ ਸਰਕਾਰ ਦੇ ਹੁਕਮਾਂ ਅਨੁਸਾਰ ਪੰਜਾਬ 'ਚ 1 ਅਪ੍ਰੈਲ ਤੋਂ ਹੀ ਮੰਡੀਆਂ ਦੇ ਵਿੱਚ ਫਸਲ ਦੀ ਖਰੀਦ ਸੂਰੂ ਹੋ ਚੁੱਕੀ ਹੈ ਪਰ ਜੇਕਰ ਗੱਲ ਭਾਰਤ-ਪਾਕਿਸਤਾਨ ਸਰਹੱਦ ਦੇ ਨਜਦੀਕੀ ਕਸਬਾ ਬਮਿਆਲ ਦੀ ਕੀਤੀ ਜਾਵੇ ਤਾਂ ਇਸ ਕਸਬੇ ਵਿੱਚ ਸਥਿਤ ਦਾਣਾ ਮੰਡੀਆਂ ਜੋ ਕਿ ਇਲਾਕੇ ਦੇ ਕਰੀਬ 60-65 ਪਿੰਡਾਂ ਦੇ ਲੋਕਾਂ ਨੂੰ ਫਸਲ ਦੀ ਖਰੀਦ ਦੀ ਸੁਵਿਧਾ ਦਿੰਦੀਆਂ ਹਨ । ਇਨ੍ਹਾਂ ਮੰਡੀ ਵਿੱਚ ਹਾਲੇ ਤੱਕ ਵਿਭਾਗ ਵੱਲੋਂ ਬਾਰਦਾਨਾ ਨਾ ਉਪਲਬਧ ਕਰਵਾਏ ਜਾਣ ਕਾਰਨ ਇੱਕ ਵੀ ਖਰੀਦ ਨਹੀਂ ਪਾਈ ਗਈ ਹੈ। ਜਿਸਦੇ ਚਲਦੇ ਕਿਸਾਨਾਂ ਦੇ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ । ਕਿਸਾਨਾਂ ਦੀ ਮੰਨੀਏ ਤਾਂ ਇਲਾਕੇ ਵਿੱਚ ਫਸਲ ਪੱਕ ਕੇ ਤਿਆਰ ਹੋ ਚੁੱਕੀ ਹੈ ਪਰ ਕਿਸਾਨ ਵਾਢੀ ਇਸ ਕਰਕੇ ਨਹੀਂ ਕਰਵਾ ਪਾ ਰਹੇ ਕਿਉਂਕਿ ਕਿਸਾਨਾਂ ਨੂੰ ਮੰਡੀ ਧਾਰਕਾਂ ਵੱਲੋਂ ਫਸਲ ਦੀ ਖਰੀਦ ਦਾ ਹੁੰਗਾਰਾ ਨਹੀਂ ਦਿੱਤਾ ਜਾ ਰਿਹਾ ਕਿਉਂਕਿ ਬਮਿਆਲ ਦੀ ਦਾਣਾ ਮੰਡੀ 'ਚ ਫਸਲ ਦੀ ਭਰਾਈ ਲਈ ਬਾਰਦਾਨਾ ਉਪਲਬਧ ਨਹੀਂ ਹੈ ।ਜਿਸ ਦੇ ਚਲਦੇ ਕਿਸਾਨ ਆਪਣੀ ਫਸਲ ਨੂੰ ਲੈ ਕੇ ਚਿੰਤਿਤ ਹਨ ਕਿਉਂਕਿ ਪਿਛਲੇ ਕੁਝ ਦਿਨਾਂ ਤੋਂ ਮੌਸਮ ਵਿੱਚ ਬਦਲਾਅ ਹੋਣ ਕਾਰਨ ਵੀ ਕਿਸਾਨਾਂ ਦੀਆਂ ਚਿੰਤਾਵਾਂ ਵੱਧ ਰਹੀਆਂ । ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਿਸਾਨ ਮਹਿੰਦਰ ਪਾਲ, ਰਘੁਵੀਰ ਸਿੰਘ,ਜਗਦੇਵ ਸਿੰਘ ,ਜਸਪਾਲ ਸਿੰਘ ਆਦਿ ਕਿਸਾਨਾਂ ਨੇ ਦੱਸਿਆ ਕਿ ਕਣਕ ਦੀ ਫਸਲ ਪੱਕਣ ਨੂੰ ਲਗਭਗ ਤਿਆਰ ਹੈ ਪਰ ਮੰਡੀ 'ਚ ਬਾਰਦਾਨਾਂ ਦੀ ਘਾਟ ਕਾਰਨ ਕਣਕ ਦੀ ਫਸਲ ਦੀ ਖਰੀਦ ਨਹੀਂ ਹੋ ਪੈ ਰਹੀ। ਜਿਸ ਦੇ ਚਲਦੇ ਜਿਸ ਤਰ੍ਹਾਂ ਮੌਸਮ ਬਦਲ ਰਿਹਾ ਹੈ, ਉਸ ਨਾਲ ਕਿਸਾਨਾਂ ਦੀਆਂ ਚਿੰਤਾਵਾਂ ਵਧ ਗਈਆਂ ਹਨ। ਬਾਰਦਾਨਾਂ ਨਾ ਹੋਣ ਕਰਕੇ ਅਜਿਹੇ 'ਚ ਕਿਸਾਨ ਉਦੋਂ ਤੱਕ ਅਨਾਜ ਮੰਡੀ 'ਚ ਨਹੀਂ ਲੈ ਕੇ ਜਾ ਸਕਦੇ, ਜਦੋਂ ਤੱਕ ਮੰਡੀਆਂ ਵਿੱਚ ਫਸਲ ਦੀ ਭਰਾਈ ਲਈ ਬਾਰਦਾਨਾ ਉਪਲਬਧ ਨਹੀਂ ਕਰਵਾਇਆ ਜਾਂਦਾ।

# ਟ੍ਰੈਫਿਕ ਪੁਲਸ ਦੀ ਕਬਜਾ ਮੁਕਤ ਮੁਹਿੰਮ, ਕੁਝ ਪੁਆਇੰਟਸ 'ਤੇ ਅਜੇ ਵੀ ਨਹੀਂ ਹਟਾਏ ਕਬਜੇ

ਜਲੰਧਰ 26 ਅਪ੍ਰੈਲ। ਸ਼ਹਿਰ ਦੀਆਂ ਸੜਕਾਂ ਅਤੇ ਫੁੱਟਪਾਥਾਂ ਤੋਂ ਕਬਜੇ ਹਟਾਉਣ ਦੀ ਮੁਹਿੰਮ ਦਾ ਅਸਰ ਵਿਖਾਈ ਦੇਣਾ ਸ਼ੁਰੂ ਹੋ ਗਿਆ ਹੈ। ਟ੍ਰੈਫਿਕ ਪੁਲਸ ਨੇ ਜ਼ਿਆਦਾਤਰ ਇਲਾਕਿਆਂ 'ਚ ਦੁਕਾਨਦਾਰਾਂ ਨਾਲ ਮੀਟਿੰਗ ਕਰਕੇ ਉਨ੍ਹਾਂ ਨੂੰ ਸੜਕਾਂ 'ਤੇ ਕੋਈ ਵੀ ਸਾਮਾਨ ਅਤੇ ਵਾਹਨ ਨਾ ਖੜ੍ਹੇ ਕਰਨ ਦੀ ਅਪੀਲ ਕੀਤੀ ਸੀ। ਉੱਥੋਂ ਕਬਜੇ ਹਟਾਉਣੇ ਸ਼ੁਰੂ ਹੋ ਗਏ ਹਨ। ਹਾਲਾਂਕਿ ਕਈ ਅਜਿਹੇ ਵੀ ਲੋਕ ਹਨ, ਜਿਨ੍ਹਾਂ ਟ੍ਰੈਫਿਕ ਪੁਲਸ ਦੀ ਚਿਤਾਵਨੀ ਤੱਕ ਨੂੰ ਨਜਰਅੰਦਾਜ ਕਰਕੇ ਅਜੇ ਵੀ ਕਬਜੇ ਕਰਨੇ ਨਹੀਂ ਛੱਡੇ ਹਨ, ਜਿਸ ਨੂੰ ਲੈ ਕੇ ਏ. ਡੀ. ਸੀ. ਪੀ. ਟ੍ਰੈਫਿਕ ਅਮਨਦੀਰ ਕੌਰ ਨੇ ਸਾਫ ਕੀਤਾ ਕਿ ਉਨ੍ਹਾਂ ਲੋਕਾਂ 'ਤੇ ਹੁਣ ਕਾਨੂੰਨੀ ਕਾਰਵਾਈ ਤੈਅ ਹੈ। ਸਭ ਤੋਂ ਪੁਰਾਣੀ ਸੜਕ 'ਤੇ ਲੱਗਣ ਵਾਲੀ ਅਲੀ ਪੁਲੀ ਮੁਹੱਲਾ ਦੇ ਬਾਹਰ ਟੂ-ਵ੍ਹੀਲਰ ਮਾਰਕੀਟ ਵੀ ਯੈਲੋ ਲਾਈਨ ਦੇ ਅੰਦਰ ਹੋ ਗਈ ਹੈ, ਜਿਸ ਕਾਰਨ ਸੜਕ ਨੂੰ ਆਪਣਾ ਸਹੀ ਆਕਾਰ ਮਿਲਣ ਨਾਲ ਜਾਮ ਲੱਗਣ ਦੀ ਸਮੱਸਿਆ ਖਤਮ ਹੋ ਗਈ ਹੈ। ਹਾਲਾਂਕਿ ਬਸਤੀ ਅੱਡਾ ਚੌਕ 'ਤੇ ਸੜਕ 'ਤੇ ਕਾਊਂਟਰ ਲਾ ਕੇ ਕਾਪੀਆਂ ਵੇਚਣ ਵਾਲਿਆਂ, ਭਗਵਾਨ ਵਾਲਮੀਕਿ ਚੌਂਕ 'ਤੇ ਸੜਕ 'ਤੇ ਬੇਰੀਕੇਟ ਲਾ ਕੇ ਸੜਕ ਬਲਾਕ ਕਰਨ ਵਾਲੇ, ਸੁਧਾਮਾ ਮਾਰਕੀਟ ਦੇ ਬਾਹਰ ਸੜਕ ਕਿਨਾਰੇ ਲੱਗਣ ਵਾਲੀਆਂ ਫੜ੍ਹੀਆਂ ਅਜੇ ਨਹੀਂ ਹਟੀਆਂ ਹਨ ਅਤੇ ਨਾ ਹੀ ਉਨ੍ਹਾਂ ਦੁਕਾਨਦਾਰਾਂ 'ਤੇ ਇਸ ਮੁਹਿੰਮ ਤਹਿਤ ਮਿਲੀ ਚਿਤਾਵਨੀ ਦਾ ਕੋਈ ਡਰ ਦਿਖਾਈ ਦੇ ਰਿਹਾ ਹੈ। ਰਾਮਾ ਮੰਡੀ ਚੌਕ ਤੋਂ ਸ਼ਹਿਰ ਵੱਲ ਯੂ-ਟਰਨ ਲੈਣ ਵਾਲੇ ਪੁਆਇੰਟਸ 'ਤੇ ਖੜ੍ਹੀਆਂ ਹੋਣ ਵਾਲੀਆਂ ਬੱਸਾਂ ਵੀ ਜਾਮ ਦਾ ਕਾਰਨ ਬਣ ਰਹੀਆਂ ਹਨ। ਲਾਡੋਵਾਲੀ ਰੋਡ 'ਤੇ ਸਕ੍ਰੈਪ ਵਾਲਿਆਂ ਨੇ ਟ੍ਰੈਫਿਕ ਪੁਲਸ ਦੇ ਹੁਕਮਾਂ ਦੀਆਂ ਧੱਜੀਆਂ ਉਡਾਉਣ 'ਚ ਕੋਈ ਕਮੀ ਨਹੀਂ ਛੱਡ ਰੱਖੀ। ਫੁੱਟਪਾਥ 'ਤੇ ਸਕ੍ਰੈਪ ਤੇ ਸੜਕਾਂ 'ਤੇ ਗੱਡੀਆਂ ਨੂੰ ਰਿਪੇਅਰ ਕਰਨ ਦਾ ਕੰਮ ਅਜੇ ਵੀ ਚਲਾਇਆ ਜਾ ਰਿਹਾ ਹੈ। ਉਧਰ ਏ. ਡੀ. ਸੀ. ਪੀ. ਟ੍ਰੈਫਿਕ ਅਮਨਦੀਪ ਕੌਰ ਨੇ ਕਿਹਾ ਕਿ ਅਜਿਹੇ ਲੋਕਾਂ ਨਾਲ ਜੀਰੋ ਟਾਲਰੇਂਸ ਦੀ ਨੀਤੀ ਨਾਲ ਨਿਪਟਿਆ ਜਾਵੇਗਾ, ਜੋ ਹੁਕਮਾਂ ਦੀ ਪਾਲਣਾ ਨਹੀਂ ਕਰ ਰਹੇ। ਉਨ੍ਹਾਂ ਕਿਹਾ ਕਿ ਜਲਦ ਹੀ ਉਕਤ ਦੁਕਾਨਦਾਰਾਂ 'ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



## ਜ਼ਮੀਨ ਦਾ ਝੂਠਾ ਇਕਰਾਰਨਾਮਾ ਕਰਕੇ ਮਾਰੀ 40 ਲੱਖ ਦੀ ਠੱਗੀ

ਫਿਰੋਜ਼ਪੁਰ 26 ਅਪ੍ਰੈਲ। ਫਿਰੋਜ਼ਪੁਰ ਦੇ ਅਧੀਨ ਆਉਂਦੇ ਪਿੰਡ ਕੋਟ ਭਾਈ ਸੌਦਾਗਰ ਦਾਖਲੀ ਮਾਛੀਵਾੜਾ ਵਿਖੇ ਜ਼ਮੀਨ ਦਾ ਝੂਠਾ ਇਕਰਾਰਨਾਮਾ ਕਰਕੇ 40 ਲੱਖ ਰੁਪਏ ਦੀ ਠੱਗੀ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਮਾਮਲੇ ਦੇ ਦੋਸ਼ ਵਿਚ ਥਾਣਾ ਕੈਂਟ ਫਿਰੋਜ਼ਪੁਰ ਪੁਲਸ ਨੇ 3 ਵਿਅਕਤੀਆਂ ਖ਼ਿਲਾਫ 420 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਦਰਖਾਸਤ/ਯੂਆਈਡੀ ਨੰਬਰ 265702 ਰਾਹੀਂ ਗੁਰਦੇਵ ਸਿੰਘ ਪੁੱਤਰ ਜੋਗਿੰਦਰ ਸਿੰਘ ਵਾਸੀ ਪਿੰਡ ਕੋਟ ਭਾਈ ਸੌਦਾਗਰ ਦਾਖਲੀ ਮਾਛੀਵਾੜਾ ਜ਼ਿਲ੍ਹਾ ਫਿਰੋਜ਼ਪੁਰ ਨੇ ਦੱਸਿਆ ਕਿ ਦੋਸ਼ੀਅਨ ਦਾਰਾ ਸਿੰਘ ਪੁੱਤਰ ਮੁਨਸ਼ਾ ਸਿੰਘ, ਅਮਰਜੀਤ ਸਿੰਘ ਪੁੱਤਰ ਦਾਰਾ ਸਿੰਘ ਅਤੇ ਸਰਬਜੀਤ ਸਿੰਘ ਪੁੱਤਰ ਰੇਸ਼ਮ ਸਿੰਘ ਨੇ ਉਸ ਨਾਲ ਜ਼ਮੀਨ ਦਾ ਝੂਠਾ ਇਕਰਾਰਨਾਮਾ ਕਰਕੇ 40 ਲੱਖ ਰੁਪਏ ਦੀ ਠੱਗੀ ਮਾਰੀ ਹੈ। ਜਾਂਚ ਕਰਤਾ ਬਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ 'ਤੇ ਬਾਅਦ ਮਾਮਲੇ ਦੀ ਪੜਤਾਲ ਕਰਦੇ ਹੋਏ ਉਕਤ ਦੋਸ਼ੀਅਨ ਖ਼ਿਲਾਫ਼ ਮੁਕੱਦਮਾ ਦਰਜ ਕਰ ਦਿੱਤਾ।

# ਪਠਾਨਕੋਟ ਪੁਲਸ ਵੱਲੋਂ 8 ਕਿਲੋ ਹੈਰੋਇਨ ਤੇ 5 ਲੱਖ ਦੀ ਡਰੱਗ ਮਨੀ ਸਮੇਤ 3 ਗ੍ਰਿਫਤਾਰ

ਪਠਾਨਕੋਟ 26 ਅਪ੍ਰੈਲ। ਜ਼ਿਲ੍ਹਾ ਪਠਾਨਕੋਟ ਪੁਲਸ ਨੇ ਪੰਜਾਬ-ਜੰਮੂ ਕਸ਼ਮੀਰ ਇੰਟਰ ਸਟੇਟ ਮਾਧੋਪੁਰ ਨਾਕੇ ਤੋਂ ਪਹਿਲੀ ਵਾਰ ਹੈਰੋਇਨ ਦੀ ਵੱਡੀ ਖੇਪ ਫੜੀ ਹੈ। ਇਸ ਸਬੰਧੀ ਪਠਾਨਕੋਟ 'ਚ ਡੀ. ਆਈ. ਜੀ. ਬਾਰਡਰ ਰੇਂਜ ਰਾਕੇਸ਼ ਕੌਸ਼ਲ ਅਤੇ ਐੱਸ. ਐੱਸ. ਪੀ. ਸੁਹੇਲ ਕਾਸਿਮ ਮੀਰ ਨੇ ਦੱਸਿਆ ਕਿ 17 ਅਪ੍ਰੈਲ ਨੂੰ ਇੰਟਰ ਸਟੇਟ ਨਾਕਾ ਮਾਧੋਪੁਰ ਵਿਚ ਜੰਮੂ-ਕਸ਼ਮੀਰ ਤੋਂ ਆ ਰਹੇ ਵਾਹਨਾਂ ਦੀ ਚੈਕਿੰਗ ਕੀਤੀ ਤਾਂ ਇਕ ਕਾਰ (ਨੰ. ਪੀ. ਬੀ.09ਵੀ 2824) ਨੂੰ ਪੁਲਸ ਪਾਰਟੀ ਨੇ ਰੋਕਿਆ। ਤਲਾਸ਼ੀ ਦੌਰਾਨ ਕਾਰ ਸਵਾਰ 2 ਵਿਅਕਤੀਆਂ ਕੋਲੋਂ 15 ਗ੍ਰਾਮ ਹੈਰੋਇਨ ਅਤੇ 5 ਲੱਖ ਡਰੱਗ ਮਨੀ ਬਰਾਮਦ ਕੀਤੀ, ਜਿਸ ਤੋਂ ਬਾਅਦ ਕਾਰ ਚਾਲਕ ਅਤੇ ਉਸ ਦੇ ਨਾਲ ਬੈਠੇ ਸਾਥੀ ਖ਼ਿਲਾਫ਼ ਥਾਣਾ ਸੁਜਾਨਪੁਰ ਵਿਚ ਐੱਨ. ਡੀ. ਪੀ. ਐੱਸ. ਐਕਟ ਤਹਿਤ ਮਾਮਲਾ ਦਰਜ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਮੁਲਜਮਾਂ ਨੂੰ ਅਦਾਲਤ ਵਿਚ ਪੇਸ਼ ਕਰ ਕੇ 4 ਦਿਨ ਦਾ ਪੁਲਸ ਰਿਮਾਂਡ ਹਾਸਲ




ਕੀਤਾ ਗਿਆ ਹੈ। ਪੁੱਛਗਿੱਛ ਦੌਰਾਨ ਤੇਲ ਦੀ ਟੈਂਕੀ ਵਿਚ ਬਣਾਈ ਗੁਪਤ ਜਗ੍ਹਾ 'ਚੋਂ 8 ਕਿਲੋ 300 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ, ਜਿਸ ਦੇ ਚਲਦਿਆਂ ਮੁਕੱਦਮੇ 'ਚ 29-61-85 ਐੱਨ. ਡੀ. ਪੀ. ਐੱਸ. ਐਕਟ ਦਾ ਵਾਧਾ ਕੀਤਾ ਗਿਆ ਅਤੇ 2 ਵਿਅਕਤੀਆਂ ਨੂੰ ਹੋਰ ਨਾਮਜਦ ਕੀਤਾ। ਮੁਲਜਮਾਂ ਦੀ ਪਛਾਣ ਗੁਰਜੰਟ ਸਿੰਘ ਉਰਫ ਰਵੀ, ਸਿਮਰਜੀਤ ਸਿੰਘ ਉਰਫ ਨਿੱਕਾ, ਜਸਪ੍ਰੀਤ ਸਿੰਘ ਅਤੇ ਹਰਪਾਲ ਸਿੰਘ ਉਰਫ ਬਿੱਟੂ ਸਾਰੇ ਵਾਸੀ ਤਰਨਤਾਰਨ ਵਜੋਂ ਹੋਈ ਹੈ। ਉਕਤ ਤਿੰਨੋਂ ਮੁਲਜਮਾਂ ਖਿਲਾਫ ਵੱਖ-ਵੱਖ ਥਾਣਿਆਂ 'ਚ ਪਹਿਲਾਂ ਵੀ ਮਾਮਲੇ ਦਰਜ ਹਨ। ਡੀ. ਆਈ. ਜੀ. ਬਾਰਡਰ ਰੇਂਜ ਰਾਕੇਸ਼ ਕੌਸ਼ਲ ਨੇ ਦੱਸਿਆ ਕਿ ਪੁਲਸ ਨੇ ਕਾਬੂ ਕੀਤੇ ਗਏ ਮੁਲਜਮਾਂ ਕੋਲੋਂ ਪੁੱਛਗਿੱਛ ਦੌਰਾਨ ਪਾਇਆ ਗਿਆ ਕਿ ਇਸ ਗਿਰੋਹ ਦਾ ਕਿੰਗ ਪਿਨ ਹਰਪਾਲ ਸਿੰਘ ਉਰਫ ਬਿੱਟੂ ਭਲਵਾਨ ਬੀ-ਕੈਟੇਗਰੀ ਦਾ ਗੈਂਗਸਟਰ ਹੈ,

# ਪ੍ਰਸ਼ਾਸਨ ਦੇ ਦਾਅਵਿਆਂ ਦੀ ਖੋਲ੍ਹੀ ਪੋਲ, ਬੇਮੌਸਮੀ ਗੜ੍ਹੇਮਾਰੀ ਨੇ 400 ਬੋਰੀਆਂ ਮੰਡੀ 'ਚ ਭਿੱਜੀਆਂ

ਅੰਮ੍ਰਿਤਸਰ 26 ਅਪ੍ਰੈਲ। ਜ਼ਿਲ੍ਹਾ ਪ੍ਰਸਾਸਨ ਵੱਲੋਂ ਕਣਕ ਦੀ ਖਰੀਦ ਸਬੰਧੀ ਕੀਤੇ ਦਾਅਵਿਆਂ ਦੀ ਬੇਮੌਸਮੀ ਗੜ੍ਹੇਮਾਰੀ ਅਤੇ ਹਨੇਰੀ ਨੇ ਪੋਲ ਖੋਲ੍ਹ ਦਿੱਤੀ ਹੈ। ਸਰਕਾਰੀ ਖਰੀਦ ਏਜੰਸੀ ਪਨਗ੍ਰੇਨ ਵੱਲੋਂ ਬੀਤੇ ਕੱਲ੍ਹ ਖਰੀਦੇ ਗਏ 400 ਦੇ ਕਰੀਬ ਬੋਰੀਆਂ ਦੀ ਲਿਫਟਿੰਗ ਨਾ ਹੋਣ ਕਾਰਨ ਗੜ੍ਹੇਮਾਰੀ ਵਿਚ ਕਣਕ ਪੂਰੀ ਤਰ੍ਹਾਂ ਭਿੱਜ ਗਈ ਹੈ। ਉਧਰ ਦੂਸਰੇ ਪਾਸੇ ਮੌਸਮ ਦੇ ਲਗਾਤਾਰ ਲੈ ਰਹੀ ਕਰਵਟ ਨੂੰ ਦੇਖ ਕੇ ਆੜ੍ਹਤੀ ਅਤੇ ਕਿਸਾਨਾਂ ਦੇ ਮੱਥੇ 'ਤੇ ਵੀ ਚਿੰਤਾ ਦੀਆਂ ਲਕੀਰਾਂ ਖਿੱਚ ਰਹੀਆਂ ਹਨ। ਪੁੱਤਾਂ ਵਾਂਗ ਪਾਲੀ ਫਸਲ ਅੱਜ ਦੀ ਗੜ੍ਹੇਮਾਰੀ ਕਾਰਨ ਜਮੀਨ 'ਤੇ ਲੇਟ ਗਈ ਹੈ ਅਤੇ ਹੁਣ ਕਟਾਈ ਕੁਝ ਦਿਨ ਹੋਰ ਲੇਟ ਹੋ ਗਈ ਹੈ। ਆੜ੍ਹਤੀ ਵਰਗ ਅੱਜ ਵੀ ਲਿਫਟਿੰਗ ਦਾ ਟੈਂਡਰ ਨਾ ਹੋਣ ਕਾਰਨ ਪ੍ਰੇਸਾਨੀ ਵਿਚ ਦਿਖਾਈ ਦਿੱਤਾ। ਜਾਣਕਾਰੀ ਅਨੁਸਾਰ ਪੰਜਾਬ ਸਰਕਾਰ ਵੱਲੋਂ 1 ਅਪ੍ਰੈਲ ਤੋਂ ਪੰਜਾਬ ਭਰ ਦੀਆਂ ਮੰਡੀਆਂ ਵਿਚ ਕਣਕ ਦੀ ਖਰੀਦ ਸੁਰੂ ਕੀਤੀ ਗਈ ਹੈ ਪਰ ਅੰਮ੍ਰਿਤਸਰ ਜ਼ਿਲ੍ਹੇ ਦੀ ਦਾਣਾ ਮੰਡੀ ਭਗਤਾਂਵਾਲਾ ਵਿਚ ਸਰਕਾਰੀ ਖਰੀਦ ਏਜੰਸੀ ਪਨਗ੍ਰੇਨ ਵੱਲੋਂ 18 ਅਪ੍ਰੈਲ ਨੂੰ ਖਰੀਦ ਕੀਤੀ ਗਈ ਅਤੇ ਡਿਪਟੀ ਕਮਿਸਨਰ ਵੱਲੋਂ ਖਰੀਦ ਸੂਰੂ ਕਰਵਾਉਂਦਿਆਂ ਹੋਇਆਂ ਸਾਰੀਆਂ ਤਿਆਰੀਆਂ ਮੁਕੰਮਲ ਹੋਣ ਦਾ ਦਾਅਵਾ ਕੀਤਾ ਗਿਆ। ਪ੍ਰਸਾਸਨ ਵੱਲੋਂ ਖਰੀਦੀ ਗਈ 400 ਦੇ ਕਰੀਬ ਤੋੜੇ ਦੀ ਲਿਫਟਿੰਗ ਨਾ ਹੋਣ ਕਾਰਨ ਬੇਮੌਸਮੀ ਗੜ੍ਹੇਮਾਰੀ ਕਾਰਨ ਫਸਲ ਪੂਰੀ ਤਰ੍ਹਾਂ ਭਿੱਜ ਗਈ। ਗੜ੍ਹੇਮਾਰੀ ਤੋਂ ਬਚਾਉਣ ਲਈ ਮਜਦੂਰ ਅਤੇ ਆੜ੍ਹਤੀ ਵਰਗ ਫਸਲ ਨੂੰ ਤਰਪਾਲਾਂ ਦੇ ਨਾਲ ਢੱਕਦੇ ਹੋਏ ਦਿਖਾਈ ਦਿੱਤੇ ਪਰ ਬਰਸਾਤ ਜ਼ਿਆਦੀ ਹੋਣ ਕਾਰਨ ਅਤੇ ਹਨੇਰੀ ਕਾਰਨ ਤਰਪਾਲਾਂ ਵੀ ਪੂਰੀ ਤਰ੍ਹਾਂ ਨਾਲ ਸਰਕਾਰ ਵੱਲੋਂ ਖਰੀਦੀ ਫਸਲ ਨੂੰ ਢੱਕ ਨਹੀਂ ਪਾਈ। ਉਧਰ ਦੂਸਰੇ ਪਾਸੇ ਕੁੱਕੜਾਂ ਵਾਲਾ ਅਨਾਜ ਮੰਡੀ ਵਿਚ ਨਿਰੀਖਣ ਕਰਨ ਗਏ ਦਾਣਾ ਮੰਡੀ ਭਗਤਾਂ ਵਾਲਾ ਦੇ ਪ੍ਰਧਾਨ ਅਤੇ ਆੜ੍ਹਤੀ ਐਸੋਸੀਏਸਨ ਦੇ ਸੂਬਾ ਉਪ ਪ੍ਰਧਾਨ ਅਮਨਦੀਪ ਸਿੰਘ ਛੀਨਾ ਨੇ ਕਿਹਾ ਕਿ ਬੇਮੌਸਮੀ ਬਰਸਾਤ ਕਾਰਨ ਸਰਕਾਰ ਵੱਲੋਂ ਖਰੀਦੀ ਫਸਲ ਪੂਰੀ ਤਰ੍ਹਾਂ ਨਾਲ ਭਿੱਜ ਗਈ ਹੈ। ਮੌਸਮ ਦੀ ਕਰਵਟ ਕਾਰਨ ਹੁਣ ਫਸਲ ਦੀ ਕਟਾਈ ਤਿੰਨ ਚਾਰ ਦਿਨ ਹੋਰ ਲੇਟ ਹੋ ਗਈ ਹੈ। ਜੇਕਰ ਬਰਸਾਤ ਫਿਰ ਹੁੰਦੀ ਹੈ ਤਾਂ ਕਟਾਈ ਹੋਰ ਜ਼ਿਆਦਾ ਲੇਟ ਹੋ ਜਾਵੇਗੀ। ਪ੍ਰਧਾਨ ਅਮਨਦੀਪ ਸਿੰਘ ਛੀਨਾ ਨੇ ਦੱਸਿਆ ਕਿ ਬਰਸਾਤ ਕਾਰਨ ਫਸਲ ਵਿਚ ਹੁਣ ਹੋਰ ਨਮੀ ਆ ਗਈ ਹੈ। ਕਿਸਾਨ ਵਰਗ ਨੂੰ ਚਾਹੀਦਾ ਹੈ ਕਿ ਸਰਕਾਰ ਵੱਲੋਂ ਨਿਰਧਾਰਿਤ ਕੀਤੀ ਗਈ 12 ਫੀਸਦੀ ਨਮੀ ਵਾਲੀ ਫਸਲ ਹੀ ਮੰਡੀ ਵਿਚ ਲੈ ਕੇ ਆਉਣ। ਉਨ੍ਹਾਂ ਕਿਹਾ ਕਿ ਪ੍ਰਸਾਸਨ ਵੱਲੋਂ ਦਾਅਵਾ ਕੀਤਾ ਗਿਆ ਸੀ ਕਿ ਫਸਲ ਦੀ ਲਿਫਟਿੰਗ ਨਿਰਧਾਰਿਤ ਸਮੇਂ 'ਤੇ ਕੀਤੀ ਜਾਵੇਗੀ ਅਤੇ ਆੜ੍ਹਤੀਆਂ ਅਤੇ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਮੱਸਿਆ ਨਹੀਂ ਆਵੇਗੀ ਪਰ ਅਫਸੋਸ ਦੀ ਗੱਲ ਹੈ ਕਿ ਸਰਕਾਰੀ ਖਰੀਦ ਦੇ ਦੂਸਰੇ ਦਿਨ ਹੀ ਖਰੀਦੇ ਮਾਲ ਦੀ ਲਿਫਟਿੰਗ ਨਾ ਹੋਣ ਕਾਰਨ ਉਹ ਬੇਮੌਸਮੀ ਗੜ੍ਹੇਮਾਰੀ ਵਿਚ ਗਿੱਲਾ ਹੋ ਗਿਆ ਹੈ ਅਤੇ ਅਜੇ ਤੱਕ ਲਿਫਟਿੰਗ ਕਰਨ ਲਈ ਕਿਸੇ ਵੀ ਕੰਪਨੀ ਵੱਲੋਂ ਟੈਂਡਰ ਅਪਲਾਈ ਨਹੀਂ ਕੀਤਾ ਗਿਆ ਹੈ। ਪ੍ਰਧਾਨ ਛੀਨਾ ਨੇ ਕਿਹਾ ਕਿ ਅੱਜ ਵੀ ਪ੍ਰਸਾਸਨਿਕ ਅਧਿਕਾਰੀ ਮੰਡੀ ਵਿਚ ਦੌਰਾ ਕਰਨ ਆਏ ਅਤੇ ਉਨ੍ਹਾਂ ਵੱਲੋਂ ਫਿਰ ਆਪਣੀ ਗੱਲ ਦੁਹਰਾਈ ਗਈ ਕਿ ਲਿਫਟਿੰਗ ਦਾ ਕੰਮ ਆੜ੍ਹਤੀ ਵਰਗ ਖੁਦ ਕਰੇ। ਉਨ੍ਹਾਂ ਕਿਹਾ ਕਿ ਪ੍ਰਸਾਸਨਿਕ ਅਧਿਕਾਰੀਆਂ ਨੂੰ ਸਪੱਸਟ ਕਰ ਦਿੱਤਾ ਗਿਆ ਹੈ ਕਿ ਆੜ੍ਹਤੀ ਵਰਗ ਕੋਲ ਪੂਰੇ ਸਾਧਨ ਨਹੀਂ ਹਨ ਅਤੇ ਆੜ੍ਹਤੀ ਵਰਗ ਕਿਸੇ ਵੀ ਹਾਲਤ ਵਿਚ ਲਿਫਟਿੰਗ ਨਹੀਂ ਕਰ ਸਕਦਾ। ਜੇਕਰ ਪ੍ਰਸਾਸਨ ਲਿਫਟਿੰਗ ਦਾ ਟੈਂਡਰ ਉਸ ਕੰਪਨੀ ਨੂੰ ਨਾ ਦਿੱਤਾ ਗਿਆ, ਜਿਸ ਕੋਲ ਯਾਤਾਯਾਤ ਦੇ ਪੂਰੇ ਸਾਧਨ ਹਨ



ਤਾਂ ਆੜ੍ਹਤੀ ਵਰਗ ਮਜਬੂਰ ਹੋ ਕੇ ਸੜਕਾਂ 'ਤੇ ਉਤਰੇਗਾ। ਉਨ੍ਹਾਂ ਕਿਹਾ ਕਿ ਪ੍ਰਸਾਸਨ ਹੁਣ ਤੱਕ ਲਿਫਟਿੰਗ ਦੀ ਸਮੱਸਿਆ ਨੂੰ ਹੱਲ ਕਰਨ ਵਿਚ ਬੁਰੀ ਤਰ੍ਹਾਂ ਫੇਲ ਸਾਬਿਤ ਹੋਇਆ ਹੈ। ਜੇਕਰ ਕੁਦਰਤ ਦੀ ਮਾਰ ਇਸੇ ਤਰ੍ਹਾਂ ਪੈਂਦੀ ਰਹੀ ਤਾਂ ਆਉਣ ਵਾਲੇ ਸਮੇਂ ਵਿਚ ਵੱਡੇ ਪੱਧਰ 'ਤੇ ਕਣਕ ਖਰਾਬ ਹੋ ਸਕਦੀ ਹੈ। ਪ੍ਰਧਾਨ ਛੀਨਾ ਨੇ ਸਰਕਾਰ ਨੂੰ ਅਪੀਲ ਕੀਤੀ ਆੜ੍ਹਤੀ ਅਤੇ ਕਿਸਾਨਾਂ ਨੂੰ ਆ ਰਹੀਆਂ ਸਮੱਸਿਆ ਦਾ ਹੱਲ ਕੱਢਿਆ ਜਾਵੇ। ਉਨ੍ਹਾਂ ਇਹ ਵੀ ਸਪੱਸਟ ਕੀਤਾ ਕਿ ਜੇਕਰ ਆਉਣ ਵਾਲੇ ਸਮੇਂ ਵਿਚ ਬੇਲੋੜੀ ਘਾਟ ਆੜ੍ਹਤੀ ਵਰਗ ਨੂੰ ਪਾਈ ਜਾਂਦੀ ਹੈ ਤਾਂ ਉਸ ਦਾ ਵੀ ਜਬਰਦਸਤ ਵਿਰੋਧ ਕੀਤਾ ਜਾਵੇਗਾ। ਇਸ ਮੌਕੇ ਉਡੀਕ ਸਿੰਘ, ਕਾਰਜ ਸਿੰਘ, ਸਰਪੰਚ ਛੇਦ ਸਿੰਘ, ਜਰਨੈਲ ਸਿੰਘ ਬਾਠ ਆਦਿ ਆੜ੍ਹਤੀ ਮੌਜੂਦ ਸਨ ਅਤੇ ਪ੍ਰਧਾਨ ਅਮਨਦੀਪ ਛੀਨਾ ਨੂੰ ਉਪ ਪ੍ਰਧਾਨ ਬਣਨ 'ਤੇ ਵਿਸੇਸ ਤੌਰ ਤੇ ਸਨਮਾਨਿਤ ਕੀਤਾ ਗਿਆ। ਕਿਸਾਨ ਰਣਬੀਰ ਸਿੰਘ ਮੂਧਲ ਨੇ ਕਿਹਾ ਕਿ ਕਣਕ ਦੀ ਫਸਲ ਨੂੰ ਕਿਸਾਨ ਵਰਗ ਵੱਲੋਂ ਆਪਣੇ ਪੁੱਤਾਂ ਵਾਂਗ ਸੰਭਾਲ ਕੇ ਪਾਲਿਆ ਹੁੰਦਾ ਹੈ ਤਾਂ ਕਿ ਫਸਲ ਦੀ ਕਟਾਈ ਹੋ ਕੇ ਨਿਰਧਾਰਿਤ ਮੁੱਲ ਮੰਡੀ ਵਿਚ ਮਿਲ ਸਕੇ ਪਰ ਹੋਈ ਬੇਮੌਸਮੀ ਗੜ੍ਹੇਮਾਰੀ ਕਾਰਨ ਖੇਤਾਂ ਵਿਚ ਖੜੀ ਸੁੱਕੀ ਫਸਲ ਪੂਰੀ ਤਰ੍ਹਾਂ ਨਾਲ ਜਮੀਨ 'ਤੇ ਵਿਛ ਗਈ ਹੈ ਅਤੇ ਕਿਸਾਨ ਵਰਗ ਦਾ ਭਾਰੀ ਨੁਕਸਾਨ ਹੋਇਆ ਹੈ। ਉਧਰ ਦੂਸਰੇ ਪਾਸੇ ਆੜ੍ਹਤੀ ਵਰਗ ਵੱਲੋਂ ਵੀ 12 ਫੀਸਦੀ ਨਵੀਂ ਵਾਲੀ ਕਣਕ ਮੰਡੀ ਵਿਚ ਲਿਆਉਣ ਦੀ ਗੱਲ ਕੀਤੀ ਜਾ ਰਹੀ ਹੈ। ਕਿਸਾਨ ਵਰਗ ਲਗਾਤਾਰ ਬੇਮੌਸਮੀ ਬਰਸਾਤ ਕਾਰਨ ਪ੍ਰੇਸਾਨ ਹੋ ਰਿਹਾ ਹੈ। ਸਰਕਾਰ ਨੂੰ ਚਾਹੀਦਾ ਹੈ ਕਿ ਕੁਦਰਤ ਦੀ ਮਾਰ ਕਾਰਨ ਚਿੰਤਾ ਵਿਚ ਪਏ ਕਿਸਾਨਾਂ ਨੂੰ ਵਿਸੇਸ ਮੁਆਵਜਾ ਦੇ ਕੇ ਰਾਹਤ ਦਿੱਤੀ ਜਾਵੇ ਤਾਂ ਕਿ ਕੁਦਰਤੀ ਮਾਰ ਕਾਰਨ ਨੁਕਸਾਨੇ ਗਈ ਫਸਲ ਦਾ ਵਾਜਿਬ ਮੁੱਲ ਕਿਸਾਨ ਵਰਗ ਨੂੰ ਮਿਲ ਸਕੇ। ਉਨ੍ਹਾਂ ਪ੍ਰਸਾਸਨਿਕ ਅਧਿਕਾਰੀਆਂ ਨੂੰ ਵੀ ਅਪੀਲ ਕੀਤੀ ਕਿ ਮੰਡੀ ਵਿੱਚ ਫਸਲ ਦੀ ਲਿਫਟਿੰਗ ਅਤੇ ਫਸਲ ਦੇ ਰੱਖ-ਰਖਾਵ ਲਈ ਉਚਿਤ ਪ੍ਰਬੰਧ ਕੀਤੇ ਜਾਣ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814

Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## ਪੰਜਾਬ ਸਰਕਾਰ ਨੇ ਝੋਨੇ ਦੀ ਪੂਸਾ 44 ਕਿਸਮ ’ਤੇ ਲਗਾਈ ਪਾਬੰਦੀ

ਚੰਡੀਗੜ੍ਹ 26 ਅਪ੍ਰੈਲ। ਪੰਜਾਬ ਸਰਕਾਰ ਨੇ ਜ਼ਮੀਨੀ ਪਾਣੀ ਦੇ ਬਚਾਅ ਹਿਤ ਤੁਰੰਤ ਪ੍ਰਭਾਵ ਨਾਲ ਝੋਨੇ ਦੀ ਪੂਸਾ 44 ਕਿਸਮ ’ਤੇ ਪਾਬੰਦੀ ਲਗਾ ਦਿੱਤੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਪੂਸਾ 44 ਦੀ ਵਿਕਰੀ ਰੋਕੇ ਜਾਣ ਨੂੰ ਯਕੀਨੀ ਬਣਾਉਣ ਲਈ ਖੇਤੀ ਮਹਿਕਮੇ ਨੂੰ ਆਖ ਦਿੱਤਾ ਹੈ। ਪਿਛਲੇ ਦਿਨਾਂ ਦੌਰਾਨ ਬਾਜ਼ਾਰ ਵਿਚ ਪੂਸਾ 44 ਦਾ ਬੀਜ ਧੜੱਲੇ ਨਾਲ ਵਿਕ ਰਿਹਾ ਸੀ ਜਿਸ ਦਾ ਸਰਕਾਰ ਵੱਲੋਂ ਫੌਰੀ ਨੋਟਿਸ ਲਿਆ ਗਿਆ ਹੈ।



ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਨੇ ਆਪਣੇ ਫੀਲਡ ਸਟਾਫ ਨੂੰ ਸੂਬੇ ਵਿਚ ਪੂਸਾ 44 ਦੇ ਬੀਜਾਂ ਦੀ ਵਿਕਰੀ ਸਖ਼ਤੀ ਨਾਲ ਰੋਕਣ ਦੇ ਨਿਰਦੇਸ਼ ਦਿੱਤੇ ਹਨ। ਇੰਡੀਅਨ ਕੌਂਸਲ ਆਫ ਐਗਰੀਕਲਚਰ ਰਿਸਰਚ ਵੱਲੋਂ 1993 ਵਿਚ ਪੂਸਾ 44 ਨੂੰ ਵਿਕਸਿਤ ਕੀਤਾ ਗਿਆ ਸੀ। ਇਸ ਕਿਸਮ ਵਿਚ ਪਾਣੀ ਦੀ ਖਪਤ ਜ਼ਿਆਦਾ ਹੋਣ ਕਰਕੇ ਪੰਜਾਬ ਸਰਕਾਰ ਨੇ ਪਿਛਲੇ ਸਾਲ ਵੀ ਪੂਸਾ 44 ’ਤੇ ਪਾਬੰਦੀ ਲਗਾਈ ਸੀ। ਵੱਡੀ ਗਿਣਤੀ ਵਿਚ ਕਿਸਾਨਾਂ ਨੇ ਪੂਸਾ 44 ਦਾ ਬੀਜ ਪਹਿਲਾਂ ਹੀ ਖਰੀਦ ਲਿਆ ਹੈ। ਹਾਲਾਂਕਿ ਕ੍ਰਿਸ਼ੀ ਵਿਗਿਆਨ ਕੇਂਦਰਾਂ ਵਿਚ ਬੀਜ ਨਹੀਂ ਵੇਚੇ ਜਾ ਰਹੇ ਸਨ ਪਰ ਇਹ ਨਿੱਜੀ ਦੁਕਾਨਾਂ ਵਿਚ ਵੇਚੇ ਜਾ ਰਹੇ ਸਨ।

# ਮਾਪਿਆਂ ਨੂੰ ਚਿੱਠੀ ਲਿਖ ਘਰੋਂ ਗਾਇਬ ਹੋਈ ਚੌਥੀ ‘ਚ ਪੜ੍ਹਦੀ ਬੱਚੀ, ਲਿਖਿਆ- “ਜਿੱਥੇ ਵੀ ਰਹਾਂਗੀ

ਜਲੰਧਰ 26 ਅਪ੍ਰੈਲ। ਜਲੰਧਰ ਦੇ ਵੱਡਾ ਸਈਪੁਰ ਇਲਾਕੇ ’ਚੋਂ ਇਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ, ਜਿੱਥੇ ਚੌਥੀ ‘ਚ ਪੜ੍ਹਦੀ ਇਕ ਬੱਚੀ ਅਚਾਨਕ ਗਾਇਬ ਹੋ ਗਈ ਹੈ। ਕੰਮ ‘ਤੇ ਗਏ ਬੱਚੀ ਦੇ ਮਾਪੇ ਜਦ ਦੁਪਹਿਰ ਦਾ ਖਾਣਾ ਖਾਣ ਲਈ ਘਰ ਆਏ ਤਾਂ 2 ਬੱਚੀਆਂ ਘਰ ਵਿਚ ਇਕ ਚਿੱਠੀ ਦੇਣ ਆਈਆਂ,ਜੋ ਕਿ ਘਰੋਂ ਗਾਇਬ ਹੋਈ ਬੱਚੀ ਨੇ ਲਿਖੀ ਸੀ। ਬੱਚੀ ਦੇ ਪਿਤਾ ਨੇ ਥਾਣਾ ਨੰਬਰ 8 ਦੀ ਪੁਲਸ ਨੂੰ ਦਿੱਤੀ ਸ਼ਿਕਾਇਤ ਵਿਚ ਦੱਸਿਆ ਕਿ ਸਵੇਰੇ ਲੱਗਭਗ 8.30 ਵਜੇ ਉਹ ਘਰੋਂ ਨੌਕਰੀ ਲਈ ਚਲਾ ਗਿਆ ਸੀ। ਕੁਝ ਸਮੇਂ ਬਾਅਦ ਪਤਨੀ ਵੀ ਚਲੀ ਗਈ। ਪਰਿਵਾਰ ਵਿਚ ਕੁੱਲ 5 ਬੱਚੇ ਹਨ, ਜਿਨ੍ਹਾਂ ਵਿਚੋਂ ਸਭ ਤੋਂ ਛੋਟੀ ਬੱਚੀ ਚੌਥੀ ਜਮਾਤ ਵਿਚ ਪੜ੍ਹਦੀ ਹੈ। ਪਿਤਾ ਨੇ ਦੱਸਿਆ ਕਿ ਦੁਪਹਿਰੇ 2 ਵਜੇ ਉਹ ਖਾਣਾ ਖਾਣ ਘਰ ਆਇਆ ਤਾਂ ਦੇਖਿਆ ਕਿ ਉਨ੍ਹਾਂ ਦੀ ਸਭ ਤੋਂ ਛੋਟੀ ਬੱਚੀ ਘਰ ‘ਚ ਨਹੀਂ ਸੀ। ਬੱਚੀ ਨੂੰ ਹਾਲੇ ਉਹ ਲੱਭ ਹੀ ਰਹੇ ਸਨ ਕਿ ਘਰ ਵਿਚ 2 ਛੋਟੀਆਂ ਬੱਚੀਆਂ ਆਈਆਂ, ਜਿਨ੍ਹਾਂ ਦੇ ਹੱਥ ‘ਚ ਇਕ ਡੱਬਾ ਸੀ। ਜਿਉਂ ਹੀ ਉਨ੍ਹਾਂ ਡੱਬਾ ਖੋਲ੍ਹਿਆ ਤਾਂ ਉਸ ਵਿਚ ਇਕ ਚਿੱਠੀ ਮਿਲੀ, ਜੋ ਕਿ ਉਨ੍ਹਾਂ ਦੀ ਬੱਚੀ ਨੇ ਲਿਖੀ ਸੀ। ਬੱਚੀ ਨੇ ਲਿਖਿਆ ਕਿ ਉਹ ਆਪਣੀ ਮਰਜੀ ਨਾਲ ਜਾ ਰਹੀ ਹੈ, ਪਰਿਵਾਰ ਵਾਲੇ ਉਸ ਦੀ ਟੈਨਸ਼ਨ ਨਾ ਲੈਣ। ਉਹ ਜਿਥੇ ਵੀ



ਰਹੇਗੀ, ਖੁਸ਼ ਰਹੇਗੀ। ਬੱਚੀ ਨੇ ਇਹ ਵੀ ਲਿਖਿਆ- “ ਮੈਂ ਤੁਹਾਡੀ ਦੋਵਾਂ (ਮਾਤਾ-ਪਿਤਾ) ਦੀ ਨਿੱਤ ਦੀ ਲੜਾਈ ਤੋਂ ਤੰਗ ਆ ਕੇ ਘਰੋਂ ਜਾ ਰਹੀ ਹਾਂ।“ ਹਾਲਾਂਕਿ ਬੱਚੀ ਦੇ ਪਿਤਾ ਨੇ ਪੁਲਸ ਅੱਗੇ ਪੇਸ਼ ਹੋ ਕੇ ਸ਼ੱਕ ਪ੍ਰਗਟਾਇਆ ਕਿ ਉਨ੍ਹਾਂ ਦੀ ਬੱਚੀ ਨੂੰ ਕੋਈ ਅਣਪਛਾਤਾ ਵਿਅਕਤੀ ਵਰਗਲਾ ਕੇ ਆਪਣੇ ਨਾਲ ਲੈ ਗਿਆ ਹੈ। ਬੱਚੀ ਆਪਣੇ ਨਾਲ ਇਕ ਮੋਬਾਈਲ ਵੀ ਲੈ ਕੇ ਗਈ ਹੈ, ਜਿਸ ਦਾ ਨੰਬਰ ਪੁਲਸ ਨੂੰ ਦੇ ਦਿੱਤਾ ਗਿਆ ਹੈ। ਫਿਲਹਾਲ ਪੁਲਸ ਨੇ ਅਣਪਛਾਤੇ ਵਿਅਕਤੀ ਖਿ਼ਲਾਫ ਵਰਗਲਾ ਕੇ ਆਪਣੇ ਨਾਲ ਲਿਜਾਣ ਦਾ ਕੇਸ ਦਰਜ ਕਰ ਲਿਆ ਹੈ ਅਤੇ ਜਾਂਚ ਕੀਤੀ ਜਾ ਰਹੀ ਹੈ। ਏ.ਐੱਸ.ਆਈ. ਰਾਜਪਾਲ ਸਿੰਘ ਨੇ ਕਿਹਾ ਕਿ ਬੱਚੀ ਕੋਲ ਜਿਹੜਾ ਮੋਬਾਈਲ ਸੀ, ਉਹ ਫਿਲਹਾਲ ਬੰਦ ਹੈ। ਉਨ੍ਹਾਂ ਅੱਗੇ ਦੱਸਿਆ ਕਿ ਬੱਚੀ ਦਾ ਹਾਲੇ ਕੋਈ ਸੁਰਾਗ ਨਹੀਂ ਲੱਗ ਸਕਿਆ ਪਰ ਜਲਦ ਮਾਮਲਾ ਟਰੇਸ ਕਰ ਲਿਆ ਜਾਵੇਗਾ।

### ਹਥਿਆਰਾਂ ਨਾਲ ਲੈਸ ਹੋ ਕੇ ਦੂਜੀ ਧਿਰ ਨੂੰ ਵੰਗਾਰਿਆ, ਮੁੰਡਿਆਂ ਦੀ ਵਾਇਰਲ ਹੋਈ ਵੀਡੀਓ ਨੇ ਪਾ ‘ਤਾ ਭੜਥੂ

ਫਰੀਦਕੋਟ 26 ਅਪ੍ਰੈਲ। ਫਰੀਦਕੋਟ ਦੀ ਸੋਸ਼ਲ ਮੀਡੀਆ ‘ਤੇ ਇਕ ਵੀਡੀਓ ਵਾਇਰਲ ਹੋ ਰਹੀ ਹੈ ਜਿਸ ਵਿਚ 10/12 ਨੌਜਵਾਨ ਮਾਰੂ ਹਥਿਆਰਾਂ ਨਾਲ ਲੈਸ ਹੋ ਕੇ ਸ਼ਰੇਆਮ ਦੂਜੀ ਧਿਰ ਨੂੰ ਲਲਕਾਰਦੇ ਨਜ਼ਰ ਆ ਰਹੇ ਹਨ। ਵੀਡੀਓ ਵਿਚ ਸਾਫ਼ ਦਿਖ਼ ਰਿਹਾ ਹੈ ਕਿ ਇਹ ਨੌਜਵਾਨ ਸ਼ਰੇਆਮ ਸੜਕ ਕਿਨਾਰੇ ਖੜ੍ਹੇ ਹੋ ਕੇ ਦੂਜੀ ਧਿਰ ਨੂੰ ਭੱਦੀ ਸ਼ਬਦਾਵਲੀ ਵਰਤ ਕੇ ਵੰਗਾਰ ਰਹੇ ਹਨ ਅਤੇ ਧਮਕੀਆਂ ਦੇਣ ਦੇ ਨਾਲ-ਨਾਲ ਮਾਰੂ ਹਥਿਆਰ ਵੀ ਲਹਿਰਾ ਰਹੇ ਹਨ। ਵੀਡੀਓ ਫਰੀਦਕੋਟ ਦੇ ਸ਼ੈਦੂ ਸ਼ਾਹ ਚੌਂਕ ਦੀ ਹੈ, ਜਿਥੇ ਖੜ੍ਹੇ ਹੋ ਕੇ ਇਨ੍ਹਾਂ ਨੌਜਵਾਨਾਂ ਵਲੋਂ ਸ਼ਰੇਆਮ ਗੁੰਡਾ-ਗਰਦੀ ਦਾ ਨੰਗਾ ਨਾਚ ਕੀਤਾ ਜਾ ਰਿਾ ਹੈ। ਉਧਰ ਵੀਡੀਓ ਵਾਇਰਲ ਹੋਣ ਤੋਂ ਬਾਅਦ ਫਰੀਦਕੋਟ ਪੁਲਸ ਵੀ ਹਰਕਤ ਵਿਚ ਆ ਗਈ ਹੈ ਅਤੇ ਇਨ੍ਹਾਂ ਨੌਜਵਾਨਾਂ ਦੀ ਭਾਲ ਕੀਤੀ ਜਾ ਰਹੀ ਹੈ।

### ਪਾਰਟੀ ‘ਚ ਡੀ. ਜੇ. ਚਲਾਉਣ ਨੂੰ ਲੈ ਕੇ ਹੋਈ ਬਹਿਸ, ਫਿਰ ਕਰ ਦਿੱਤਾ ਹਮਲਾ

ਭਵਾਨੀਗੜ੍ਹ 26 ਅਪ੍ਰੈਲ। ਵਿਆਹ ਦੀ ਪਾਰਟੀ ‘ਚੋਂ ਪਰਤ ਰਹੇ ਨੌਜਵਾਨਾਂ ਦੀ ਕੁੱਟਮਾਰ ਕਰਨ ਦੇ ਦੋਸ ‘ਚ ਪੁਲਸ ਨੇ 4 ਜਣਿਆਂ ਖਿਲਾਫ ਮਾਮਲਾ ਦਰਜ ਕੀਤਾ ਹੈ। ਮਾਮਲਾ ਪਾਰਟੀ ‘ਚ ਡੀ. ਜੇ. ਚਲਾਉਣ ਨੂੰ ਲੈ ਕੇ ਹੋਏ ਵਿਵਾਦ ਦਾ ਹੈ। ਇਸ ਸਬੰਧੀ ਸੁਖਦੀਪ ਸਿੰਘ ਵਾਸੀ ਬਾਲਦ ਕਲਾਂ ਨੇ ਸਥਾਨਕ ਪੁਲਸ ਨੂੰ ਦਿੱਤੀ ਸਿ਼ਕਾਇਤ ‘ਚ ਦੱਸਿਆ ਕਿ ਬੀਤੇ ਦਿਨ ਉਹ ਅਤੇ ਉਸਦਾ ਸਾਥੀ ਹਰਪ੍ਰੀਤ ਸਿੰਘ ਆਪਣੇ ਦੋਸਤ ਦੀਪੂ ਦੇ ਭਰਾ ਸੂਰਜ ਦੇ ਵਿਆਹ ਦੀ ਰਿਸੈਪਸਨ ਪਾਰਟੀ ਵਿੱਚ ਬਾਲਦ ਕੋਠੀ ਗਏ ਸਨ। ਸੁਖਦੀਪ ਨੇ ਦੱਸਿਆ ਕਿ ਦਲਜੀਤ ਸਿੰਘ, ਬੰਟੀ, ਮਮਨਾ ਵਾਸੀ ਰਾਏਸਿੰਘ ਵਾਲਾ ਤੇ ਸਲੀਮ ਖਾਨ ਵਾਸੀ ਉਪਲੀ ਉੱਥੇ ਆਏ ਹੋਏ ਸਨ ਤਾਂ ਰਾਤ ਕਰੀਬ ਸਾਢੇ 11 ਵਜੇ ਦੀਪੂ ਦੇ ਪਰਿਵਾਰ ਵੱਲੋਂ ਡੀ. ਜੇ. ਬੰਦ ਕਰਵਾ ਦਿੱਤਾ ਗਿਆ ਪਰ ਉਕਤ ਵਿਅਕਤੀ ਮੁੜ ਡੀ. ਜੇ. ਚਲਾਉਣ ਦੀ ਜਿ਼ਦ ਕਰਨ ਲੱਗੇ। ਸੁਖਦੀਪ ਨੇ ਦੱਸਿਆ ਕਿ ਉਨ੍ਹਾਂ ਨੇ ਕਿਹਾ ਕਿ ਦੇਰ ਰਾਤ ਡੀ. ਜੇ. ਚਲਾਉਣਾ ਠੀਕ ਨਹੀਂ ਜਿਸ ‘ਤੇ ਉਕਤ ਵਿਅਕਤੀਆਂ ਨੇ ਬਹਿਸ ਕਰਨੀ ਸੁਰੂ ਕਰ ਦਿੱਤੀ। ਸੁਖਦੀਪ ਹੋਰਾਂ ਨੇ ਦੋਸ਼ ਲਗਾਇਆ ਕਿ ਬਾਅਦ ‘ਚ ਜਦੋਂ ਉਹ ਆਪਣੇ ਘਰ ਜਾ ਰਹੇ ਸਨ ਤਾਂ ਉਕਤ ਵਿਅਕਤੀਆਂ ਨੇ ਉਨ੍ਹਾਂ ਨੂੰ ਘੇਰ ਕੇ ਕੁੱਟਮਾਰ ਕਰਕੇ ਜਖਮੀ ਕਰ ਦਿੱਤਾ। ਸਿ਼ਕਾਇਤਕਰਤਾ ਨੇ ਦੱਸਿਆ ਕਿ ਰੌਲਾ ਪਾਉਣ ‘ਤੇ ਉਕਤ ਵਿਅਕਤੀ ਜਾਨੋਂ ਮਾਰਨ ਦੀਆਂ ਧਮਕੀਆਂ ਦਿੰਦੇ ਹੋਏ ਮੌਕੇ ਤੋਂ ਭੱਜ ਗਏ। ਮਾਮਲੇ ਸਬੰਧੀ ਪੁਲਸ ਨੇ ਸਿ਼ਕਾਇਤ ਦੇ ਆਧਾਰ ‘ਤੇ ਉਕਤ ਦਲਜੀਤ ਸਿੰਘ, ਬੰਟੀ, ਮਮਨਾ ਤੇ ਸਲੀਮ ਖਾਨ ਖਿਲਾਫ ਥਾਣਾ ਭਵਾਨੀਗੜ੍ਹ ਵਿਖੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸੁਰੂ ਕਰ ਦਿੱਤੀ ਹੈ।

## ਪ੍ਰੇਮਿਕਾ ਨੇ ਵਿਆਹ ਤੋਂ ਕੀਤਾ ਇਨਕਾਰ, ਨੌਜਵਾਨ ਨੇ ਖੁਦ ਨੂੰ ਲਗਾਈ ਅੱਗ

ਮੁਜੱਫਰਨਗਰ 26 ਅਪ੍ਰੈਲ। ਉੱਤਰ ਪ੍ਰਦੇਸ਼ ਦੇ ਮੁਜੱਫਰਨਗਰ ਨਾਲ ਲੱਗਦੇ ਸ਼ਾਮਲੀ ਜਿ਼ਲ੍ਹੇ ‘ਚ ਪ੍ਰੇਮਿਕਾ ਵਲੋਂ ਵਿਆਹ ਤੋਂ ਇਨਕਾਰ ਕਰਨ ਤੋਂ ਦੁਖੀ ਨੌਜਵਾਨ ਨੇ ਆਤਮਦਾਹ ਦੀ ਕੋਸ਼ਿਸ਼ ਕੀਤੀ। ਉਸ ਨੂੰ ਗੰਭੀਰ ਹਾਲਤ



‘ਚ ਹਸਪਤਾਲ ‘ਚ ਦਾਖਲ ਕਰਵਾਇਆ ਗਿਆ ਹੈ। ਸ਼ਾਮਲੀ ਦੇ ਪੁਲਸ ਸੁਪਰਡੈਂਟ ਅਭਿਸ਼ੇਕ ਨੇ ਮੰਗਲਵਾਰ ਨੂੰ ਦੱਸਿਆ ਕਿ ਵਿਨੇ ਨਾਮੀ 28 ਸਾਲਾ ਨੌਜਵਾਨ ਨੇ ਸੋਮਵਾਰ ਨੂੰ ਮਹਿਲਾ ਪੁਲਸ ਥਾਣੇ ਦੇ ਬਾਹਰ ਖੁਦ ਨੂੰ ਅੱਗ ਲਗਾ ਲਈ। ਇਸ ਘਟਨਾ ‘ਚ ਉਸ ਦਾ ਕਰੀਬ 80 ਫੀਸਦੀ ਸਰੀਰ ਸੜ ਗਿਆ ਹੈ ਅਤੇ ਉਸ ਨੂੰ ਨਾਜ਼ੁਕ ਹਾਲਤ ‘ਚ ਹਸਪਤਾਲ ‘ਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ ਵਿਨੇ ਇਕ ਵਿਧਵਾ ਔਰਤ ਨਾਲ ਪ੍ਰੇਮ ਕਰਦਾ ਸੀ ਅਤੇ ਦੋਹਾਂ ਨੇ ਵਿਆਹ ਕਰਨ ਦੀ ਯੋਜਨਾ ਬਣਾਈ ਸੀ। ਹਾਲਾਂਕਿ ਬਾਅਦ ‘ਚ ਔਰਤ ਨੇ ਕੁਝ ਕਾਰਨਾਂ ਕਰ ਕੇ ਉਸ ਨਾਲ ਵਿਆਹ ਤੋਂ ਇਨਕਾਰ ਕਰ ਦਿੱਤਾ, ਜਿਸ ਕਾਰਨ ਉਹ ਪਰੇਸ਼ਾਨ ਸੀ। ਅਭਿਸ਼ੇਕ ਨੇ ਦੱਸਿਆ ਕਿ ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ।

### ਪੰਜਾਬ ’ਚ ਸਰਕਾਰੀ ਬੱਸਾਂ ’ਚ ਸਫਰ ਕਰਨ ਵਾਲਿਆਂ ਲਈ ਅਹਿਮ ਖਬਰ, ਸੋਚ ਸਮਝ ਕੇ ਨਿਕਲਿਓ ਘਰੋਂ

ਚੰਡੀਗੜ੍ਹ 26 ਅਪ੍ਰੈਲ। ਸੂਬੇ ਵਿਚ ਜੇਕਰ ਤੁਸੀਂ ਕੱਲ੍ਹ ਪਨਬੱਸ, ਰੋਡਵੇਜ ਜਾਂ ਪੈਪਸੂ ਦੀ ਬੱਸ ਰਾਹੀਂ ਸਫਰ ਕਰਨ ਜਾ ਰਹੇ ਹੋ ਤਾਂ ਤੁਹਾਨੂੰ ਥੋੜ੍ਹਾ ਧਿਆਨ ਦੇਣ ਦੀ ਲੋੜ ਹੈ। ਦਰਅਸਲ ਪੰਜਾਬ ਭਰ ਵਿਚ ਪੀ. ਆਰ.




ਟੀ. ਸੀ, ਪਨਬਸ ਯੂਨੀਅਨ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਚੱਕਾ ਜਾਮ ਕੀਤਾ ਗਿਆ ਹੈ। ਜਿਸ ਦੇ ਚੱਲਦੇ ਕੱਲ੍ਹ ਪੂਰੇ ਸੂਬੇ ਵਿਚ ਬੱਸਾਂ ਦਾ ਚੱਕਾ ਜਾਮ ਰਹੇਗਾ। ਮਿਲੀ ਜਾਣਕਾਰੀ ਮੁਤਾਬਿਕ ਪੀ. ਆਰ. ਟੀ. ਸੀ, ਪਨਬਸ ਯੂਨੀਅਨ ਵਲੋਂ ਪੰਜਾਬ ਸਰਕਾਰ ਖਿ਼ਲਾਫ ਰੋਸ ਜਾਹਿਰ ਕਰਦਿਆਂ ਅਣਮਿੱਥੇ ਸਮੇਂ ਲਈ ਹੜਤਾਲ ਦਾ ਐਲਾਨ ਕੀਤਾ ਹੈ। ਜਿਸ ਦੇ ਚੱਲਦੇ ਪੰਜਾਬ ਦੀਆਂ ਸੜ੍ਹਕਾਂ ’ਤੇ ਦੋ ਦਿਨਾਂ ਤੱਕ ਬੱਸਾਂ ਨਹੀਂ ਦੌੜਨਗੀਆਂ। ਦੱਸ ਦਈਏ ਕਿ ਕੰਟਰੈਕਟ ਵਰਕਰ ਯੂਨੀਅਨ ਵੱਲੋਂ ਕੁਝ ਮੰਗਾਂ ਰੱਖੀਆਂ ਗਈਆਂ ਹਨ, ਇਸ ਵਿਚ ਕੱਚੇ ਮੁਲਾਜ਼ਮਾਂ ਦੀਆਂ ਤਨਖਾਹਾਂ ’ਚ ਵਾਧੇ ਦੀ ਮੰਗ ਵੀ ਰਾਖੀ ਗਈ ਹੈ।

### ਜੀਪ ‘ਚ ਸਵਾਰ ਹੋ ਕੇ ਲੇਬਰ ਲੈਣ ਗਏ ਨੌਜਵਾਨ ਨਾਲ ਵਾਪਰਿਆ ਵੱਡਾ ਹਾਦਸਾ, ਰਸਤੇ ‘ਚ ਹੋਈ ਟਰੱਕ ਨਾਲ ਟੱਕਰ

ਫਿਰੋਜ਼ਪੁਰ 26 ਅਪ੍ਰੈਲ। ਫਿਰੋਜ਼ਪੁਰ ਦੇ ਪਿੰਡ ਲੋਹਗੜ੍ਹ ਦੇ ਬੱਸ ਸਟੈਂਡ ਨੇੜੇ ਇੱਕ ਅਣਪਛਾਤੇ ਆਰਮੀ ਦੇ ਟਰੱਕ ਅਤੇ ਟਰੈਕਟਰ ਵਿਚਾਲੇ ਭਿਆਨਕ ਟੱਕਰ ਹੋ ਗਈ। ਇਸ ਹਾਦਸੇ ਵਿੱਚ 30 ਸਾਲਾ ਹਰਚਰਨ ਸਿੰਘ ਦੀ ਮੌਕੇ ’ਤੇ ਹੀ ਮੌਤ ਹੋ ਗਈ। ਇਸ ਸਬੰਧੀ ਥਾਣਾ ਕੁਲਗੜੀ ਦੀ ਪੁਲੀਸ ਨੇ ਅਣਪਛਾਤੇ ਟਰੱਕ ਅਤੇ ਟਰੈਕਟਰ ਚਾਲਕਾਂ ਦੇ ਖਿਲਾਫ ਮਾਮਲਾ ਦਰਜ ਕਰਕੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਏ.ਐੱਸ.ਆਈ. ਕੁਲਵੰਤ ਸਿੰਘ ਨੇ ਦੱਸਿਆ ਕਿ ਮ੍ਰਿਤਕ ਹਰਚਰਨ ਸਿੰਘ ਦੇ ਭਰਾ ਹਰਚੰਦ ਸਿੰਘ ਪੁੱਤਰ ਲਖਵੀਰ ਸਿੰਘ ਵਾਸੀ ਪਿੰਡ ਮਰਖਾਈ ਨੇ ਪੁਲਿਸ ਨੂੰ ਦਿੱਤੇ ਬਿਆਨਾਂ ਵਿੱਚ ਦੱਸਿਆ ਕਿ ਉਹ ਆਪਣੇ ਭਰਾ ਹਰਚਰਨ ਸਿੰਘ ਨਾਲ ਜੀਪ ’ਤੇ ਸਵਾਰ ਹੋ ਕੇ ਲੇਬਰ ਲੈਣ ਲਈ ਲੋਹਗੜ੍ਹ ਵੱਲ ਜਾ ਰਿਹਾ ਸੀ ਅਤੇ ਜਦੋਂ ਉਹ ਬੱਸ ਸਟੈਂਡ ਨੇੜੇ ਪਹੁੰਚਿਆ ਤਾਂ ਆਰਮੀ ਦਾ ਇਕ ਟਰੱਕ ਤੇਜ਼ ਰਫਤਾਰ ਅਤੇ ਲਾਪਰਵਾਹੀ ਨਾਲ ਆ ਰਿਹਾ ਸੀ ਅਤੇ ਜੀਪ ਦੇ ਪਿੱਛੇ 3 ਟਰੈਕਟਰ ਟੋਚਨ ਪਾ ਕੇ ਆ ਰਹੇ ਸੀ, ਜਿਨ੍ਹਾਂ ਨੇ ਜੀਪ ਨੂੰ ਟੱਕਰ ਮਾਰ ਦਿੱਤੀ ਅਤੇ ਇਸ ਹਾਦਸੇ ਵਿਚ ਉਸਦੇ ਭਰਾ ਦੀ ਮੌਕੇ ‘ਤੇ ਹੀ ਮੌਤ ਹੋ ਗਈ।

### ਗਰੀਬੀ ਦੂਰ ਕਰਨ ਲਈ 14 ਸਾਲ ਪਹਿਲਾਂ ਛੱਡਿਆ ਸੀ ਘਰ, ਹੁਣ ਵਿਦੇਸ਼ੋਂ ਆਈ ਖਬਰ ਨੇ ਸੁੰਨ ਕੀਤਾ ਪਰਿਵਾਰ

ਗੁਰਦਾਸਪੁਰ 26 ਅਪ੍ਰੈਲ। ਅੱਜ-ਕੱਲ੍ਹ ਹਰ ਕੋਈ ਰੋਜੀ-ਰੋਟੀ ਕਮਾਉਣ ਲਈ ਵਿਦੇਸ ਜਾ ਰਿਹਾ ਹੈ ਪਰ ਉੱਥੇ ਕਈ ਵਾਰ ਅਜਿਹੇ ਹਾਦਸੇ ਵਾਪਰ ਜਾਂਦੇ ਹਨ ਕਿ ਉਹ ਵਿਅਕਤੀ ਮੁੜ ਆਪਣੇ ਦੇਸ ਵਾਪਸ ਨਹੀਂ ਆ ਪਾਉਂਦੇ। ਅਜਿਹਾ ਹੀ ਇੱਕ ਮਾਮਲਾ ਗੁਰਦਾਸਪੁਰ ਤੋਂ ਸਾਹਮਣੇ ਆਇਆ ਹੈ। ਜਿਥੇ ਕਾਦੀਆ ਦੇ ਪਿੰਡ ਛੋਟਾ ਨੰਗਲ ਦੇ ਰਹਿਣ ਵਾਲੇ ਵਿਅਕਤੀ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਜਾਣਕਾਰੀ ਮੁਤਾਬਕ 45 ਸਾਲਾ ਗੁਰਮੁੱਖ ਸਿੰਘ 14 ਸਾਲ ਪਹਿਲਾਂ ਰੋਜੀ ਰੋਟੀ ਕਮਾਉਣ ਲਈ ਲੇਬਨਾਨ ਗਿਆ ਸੀ। ਜਿਥੇ ਉਸ ਦੀ ਦਿਲ ਦਾ ਦੌਰਾ ਪੈਣ ਕਾਰਨ ਮੌਤ ਹੋ ਗਈ। ਮ੍ਰਿਤਕ ਗੁਰਮੁੱਖ ਸਿੰਘ ਦੀਆਂ ਦੋ ਧੀਆਂ ਅਤੇ ਇਕ ਪੁੱਤਰ ਹੈ। ਗਰੀਬ ਪਰਿਵਾਰ ਹੋਣ ਕਾਰਨ ਉਸ ਦੀ ਲਾਸ਼ ਭਾਰਤ ਲਿਆਉਣ ਤੋਂ ਪਰਿਵਾਰ ਅਸਮਰੱਥ ਹੈ

## ਸ਼ਾਰਟ ਕੱਟ ਦੇ ਚੱਕਰ ‘ਚ ਮੌਤ ਦੇ ਮੂੰਹ ‘ਚ ਫਸੀ ਔਰਤ, ਦੇਖਣ ਵਾਲਿਆਂ ਦੇ ਰੁਕ ਗਏ ਸਾਹ

ਲੁਧਿਆਣਾ 26 ਅਪ੍ਰੈਲ। ਇੱਥੇ ਚੰਦਰ ਨਗਰ ਰੇਲਵੇ ਓਵਰਬ੍ਰਿਜ ’ਤੇ ਸ਼ਾਰਟਕੱਟ ਦੇ ਚੱਕਰ ’ਚ ਇਕ ਔਰਤ ਫਸ ਗਈ। ਪੁਲ ’ਤੇ ਫਸੀ ਔਰਤ ਨੂੰ ਦੇਖ ਕੇ ਹੇਠਾਂ ਪੁਲ ਕ੍ਰਾਸ ਕਰ ਰਹੇ ਲੋਕਾਂ ਦੇ ਸਾਹ ਅਟਕ ਗਏ ਪਰ 2 ਮਿੰਟ ’ਚ ਜਿਉਂ ਹੀ ਟਰੇਨ ਪੁਲ ਤੋਂ ਲੰਘੀ ਤਾਂ ਔਰਤ ਨੂੰ ਬਚੀ ਦੇਖ ਲੋਕਾਂ ਦੀ ਜਾਨ ’ਚ ਜਾਨ ਆਈ। ਉੱਧਰ ਟਰੇਨ ਨਿਕਲਦੇ ਹੀ ਔਰਤ ਨੇ ਭੱਜ ਕੇ ਪੁਲ ਪਾਰ ਕੀਤਾ। ਮੌਕੇ ’ਤੇ ਮੌਜੂਦ ਲੋਕਾਂ ਨੇ ਦੱਸਿਆ ਕਿ ਪੁਲ ’ਤੇ ਸਲੇਮ ਟਾਬਰੀ ਚੰਦਰ ਨਗਰ ਤੋਂ ਇਕ ਔਰਤ ਨਿਊ ਕੁੰਦਨਪੁਰੀ ਵੱਲ ਜਾ ਰਹੀ ਸੀ ਤਾਂ ਉਸ ਨੇ ਸ਼ਾਰਟ ਕੱਟ ਦੇ ਚੱਕਰ ਵਿਚ ਬੁੱਢੇ ਨਾਲੇ ’ਤੇ ਬਣੇ ਰੇਲਵੇ ਪੁਲ ਨੂੰ ਕ੍ਰਾਸ ਕਰਨਾ ਸਹੀ ਸਮਝਿਆ ਪਰ ਜਿਉਂ ਪੁਲ ਕ੍ਰਾਸ ਕਰ ਰਹੀ ਸੀ ਤਾਂ ਪਿੱਛੋਂ ਜਲੰਧਰ ਵੱਲੋਂ ਟਰੇਨ ਆ ਗਈ। ਪਹਿਲਾਂ ਲੋਕਾਂ ਨੇ ਸਮਝਿਆ ਕਿ ਔਰਤ ਖੁਦਕੁਸ਼ੀ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਪਰ ਲੋਕਾਂ ਦੀ ਆਵਾਜ਼ ਸੁਣ ਕੇ ਔਰਤ ਨੇ ਭੱਜਣ ਦੀ ਕੋਸ਼ਿਸ਼ ਕੀਤੀ। ਉਸ ਨੇ ਦੇਖਿਆ ਕਿ ਉਹ ਪੁਲ ਕ੍ਰਾਸ ਨਹੀਂ ਕਰ ਸਕੇਗੀ ਤਾਂ ਉਹ ਪੁਲ ਕੋਲ ਬਣੇ ਲੋਹੇ ਦੇ ਪਾਈਪ ਨਾਲ ਬੈਠ ਗਈ। 2 ਮਿੰਟ ’ਚ ਟਰੇਨ ਲੰਘਣ ਤੋਂ ਬਾਅਦ ਉਹ ਤੋਂ ਭੱਜ ਖੜ੍ਹੀ ਹੋਈ ਪਰ ਚੰਦਰ ਨਗਰ ਪੁਲ ਦੇ ਇਕ ਪਾਸੇ ਪੁਲ ਦੀ ਸੁਰੱਖਿਆ ਲਈ ਸੁਰੱਖਿਆ ਮੁਲਾਜਮ ਤਾਇਨਾਤ ਰਹਿੰਦੇ ਹਨ ਪਰ ਉਨ੍ਹਾਂ ਨੇ ਵੀ ਔਰਤ ਨੂੰ ਪੁਲ ਕ੍ਰਾਸ ਕਰਦੇ ਹੋਏ ਦੇਖਿਆ ਨਹੀਂ।

## ਬੁਢਲਾਡਾ ’ਚ ਬਾਸਮਤੀ ਦੀ ਬੰਪਰ ਆਮਦ ਨੇ ਤੋੜੇ ਰਿਕਾਰਡ, ਕਿਸਾਨ ਤੇ ਆੜ੍ਹਤੀ ਹੋਏ ਬਾਗੋਬਾਗ

ਬੁਢਲਾਡਾ 26 ਅਪ੍ਰੈਲ। ਸਾਉਣੀ ਦੀ ਫਸਲ ਦੀ ਬੰਪਰ ਆਮਦ ਕਾਰਨ ਸ਼ਹਿਰ ਦੇ ਗਲੀ-ਮੁਹੱਲਿਆਂ ਤੱਕ ਜੀਰੀ ਦੇ ਅੰਬਾਰ ਦੇਖਣ ਨੂੰ ਮਿਲ ਰਹੇ ਹਨ। ਵਪਾਰੀਆਂ ਅਤੇ ਕਿਸਾਨਾਂ ਦੇ ਚਿਹਰਿਆਂ ‘ਤੇ ਰੌਣਕ ਦੇਖਣ ਨੂੰ ਮਿਲ ਰਹੀ ਹੈ। ਇਸ ਵਾਰ 4350 ਰੁਪਏ ਪ੍ਰਤੀ ਕੁਇੰਟਲ ਦੇ ਹਿਸਾਬ ਨਾਲ ਬਾਸਮਤੀ ਕਿਸਾਨ ਨੂੰ ਚੌਖਾ ਲਾਭ ਦੇ ਰਹੀ ਹੈ। ਮਾਰਕਿਟ ਕਮੇਟੀ ਦੇ ਚੇਅਰਮੈਨ ਸਤੀਸ਼ ਸਿੰਗਲਾ ਨੇ ਦੱਸਿਆ ਕਿ ਪਿਛਲੇ ਸਾਲ ਦੇ ਮੁਕਾਬਲੇ ਇਸ ਸਾਲ 64,000 ਕੁਇੰਟਲ ਵੱਧ ਬਾਸਮਤੀ ਦੀ ਆਮਦ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਸਾਲ 1 ਲੱਖ 78 ਹਜਾਰ ਕੁਇੰਟਲ ਜੀਰੀ ਦੀ ਆਮਦ ਹੋ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਭਾਵੇਂ ਸ਼ਹਿਰ ਵਾਸੀਆਂ ਨੂੰ ਆਮਦ ਜਿ਼ਆਦਾ ਹੋਣ ਕਾਰਨ ਕਾਫੀ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਪ੍ਰੰਤੂ ਉਨ੍ਹਾਂ ਸ਼ਹਿਰੀਆਂ ਨੂੰ ਅਪੀਲ ਕੀਤੀ ਕਿ ਵਪਾਰ ਨੂੰ ਪ੍ਰਫੁੱਲਤ ਕਰਨ ਲਈ ਛੋਟੀਆਂ ਮੋਟੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹੋਏ ਸਰਕਾਰ ਦਾ ਸਾਥ ਦੇਣ।



ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਾਸਮਤੀ ਦੇ ਸਫਲ ਕਿਸਾਨ ਅਵਤਾਰ ਸਿੰਘ, ਸੁਖਜੀਤ ਸਿੰਘ, ਗੁਰਪ੍ਰੀਤ ਸਿੰਘ, ਬਲਵਿੰਦਰ ਸਿੰਘ, ਗੁਰਮੀਤ ਸਿੰਘ, ਬਲਜਿੰਦਰ ਸਿੰਘ ਨੇ ਕਿਹਾ ਕਿ ਪਹਿਲੀ ਵਾਰ ਬੁਢਲਾਡਾ ਦੀ ਅਨਾਜ ਮੰਡੀ ਅੰਦਰ ਕਿਸਾਨਾਂ ਨੂੰ ਸਹੀ ਮੁੱਲ ਮਿਲ ਰਿਹਾ ਹੈ ਉਨ੍ਹਾਂ ਪੰਜਾਬ ਸਰਕਾਰ ਅਤੇ ਮਾਰਕਿਟ ਕਮੇਟੀ ਦਾ ਵਿਸ਼ੇਸ਼ ਤੌਰ ‘ਤੇ ਧੰਨਵਾਦ ਵੀ ਕੀਤਾ। ਇਸ ਸਬੰਧੀ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ ਨੇ ਕਿਹਾ ਕਿ ਮੰਡੀਕਰਨ ਅਧੀਨ ਕਿਸੇ ਵੀ ਕਿਸਾਨ, ਵਪਾਰੀ, ਮਜਦੂਰ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ। ਉਨ੍ਹਾਂ ਮਾਰਕਿਟ ਕਮੇਟੀ ਨੂੰ ਹਦਾਇਤ ਕੀਤੀ ਕਿ ਅਨਾਜ ਮੰਡੀ ਦੇ ਬਾਹਰ ਝੋਨੇ ਨੂੰ ਸਮਾਂਬੱਧ ਤਰੀਕੇ ਨਾਲ ਲੈ ਕੇ ਪਹਿਲ ਦੇ ਅਧਾਰ ‘ਤੇ ਕਿਸਾਨਾਂ ਨੂੰ ਵਿਹਲਾ ਕੀਤਾ ਜਾਵੇ। ਮਾਰਕਿਟ ਕਮੇਟੀ ਦੇ ਸਕੱਤਰ ਜੈ ਸਿੰਘ ਸਿੱਧੂ ਨੇ ਖਰੀਦ ਪ੍ਰਬੰਧਾਂ ‘ਤੇ ਭਰੋਸਾ ਪ੍ਰਗਟ ਕਰਦਿਆਂ ਕਿਹਾ ਕਿ ਪ੍ਰਬੰਧ ਪੂਰੇ ਮੁਕੰਮਲ ਹਨ ਪਰ ਜੀਰੀ ਦੀ ਆਮਦ ਜਿ਼ਆਦਾ ਆਉਣ ਕਾਰਨ ਜਿ਼ਆਦਾ ਸਮਾਂ ਲੱਗ ਰਿਹਾ ਹੈ।

## ਕਾਰ ਸਵਾਰ ਬਾਰਾਤੀਆਂ ਵੱਲੋਂ ਟਰੱਕ ਡਰਾਈਵਰ ਤੇ ਸਾਥੀ ਨਾਲ ਕੁੱਟਮਾਰ

ਅਬੋਹਰ 26 ਅਪ੍ਰੈਲ। ਅਬੋਹਰ ਕਿੱਲਿਆਂਵਾਲੀ ਰੋਡ ’ਤੇ ਕਾਰ ’ਚ ਸਵਾਰ ਬਾਰਾਤੀਆਂ ਨੇ ਇਕ ਟਰੱਕ ਦੇ ਡਰਾਈਵਰ ਤੇ ਉਸ ਦੇ ਸਾਥੀ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ। ਕੁੱਟਮਾਰ ਤੋਂ ਬਾਅਦ ਉਸ ਦੇ ਟਰੱਕ ਦੀਆਂ ਚਾਬੀਆਂ, ਨਕਦੀ ਅਤੇ ਹੋਰ




ਸਾਮਾਨ ਖੋਹ ਲਿਆ ਅਤੇ ਆਪਣੇ ਨਾਲ ਲੈ ਗਏ। ਇਹ ਬਾਰਾਤੀ ਟਰੱਕ ਡਰਾਈਵਰ ’ਤੇ ਕਥਿਤ ਤੌਰ ’ਤੇ ਉਨ੍ਹਾਂ ਦੀ ਕਾਰ ਵਿਚ ਟੱਕਰ ਮਾਰਨ ਦਾ ਵਿਰੋਧ ਕਰ ਰਹੇ ਸੀ। ਮਾਮਲੇ ਦੀ ਸੂਚਨਾ ਪੁਲਸ ਨੂੰ ਦੇ ਦਿੱਤੀ ਗਈ ਹੈ। ਜਾਣਕਾਰੀ ਅਨੁਸਾਰ ਟਰੱਕ ਚਾਲਕ ਮੁਖਤਿਆਰ ਖਾਨ ਵਾਸੀ ਫਲੋਦੀ ਨੇ ਦੱਸਿਆ ਕਿ ਉਹ ਤੇ ਉਸ ਦਾ ਸਾਥੀ ਈਸ਼ਰਦੀਨ ਅਤੇ ਧਰਮਕੰਡਾ ਦਾ ਮਾਲਕ ਆਪਣੇ ਟਰੱਕ ’ਚ ਧਰਮਕੰਡਾ ਲੱਦ ਕੇ ਅੰਮ੍ਰਿਤਸਰ ਤੋਂ ਸ਼੍ਰੀਗੰਗਾਨਗਰ ਵੱਲ ਜਾ ਰਹੇ ਸਨ। ਜਦੋਂ ਉਨ੍ਹਾਂ ਦਾ ਟਰੱਕ ਕਿੱਲਿਆਂਵਾਲੀ ਰੋਡ ਫਾਟਕ ਨੇੜੇ ਪੁੱਜਾ ਤਾਂ ਸਵੇਰੇ 5 ਵਜੇ ਰੇਲਗੱਡੀ ਆਉਣ ਕਾਰਨ ਫਾਟਕ ਬੰਦ ਹੋਣ ਲੱਗਾ ਤਾਂ ਉਨ੍ਹਾਂ ਟਰੱਕ ਦੀ ਰਫਤਾਰ ਹੌਲੀ ਕੀਤੀ। ਇਸ ਦੌਰਾਨ ਬਾਰਾਤੀਆਂ ਦੀਆਂ ਚਾਰ ਗੱਡੀਆਂ ’ਚੋਂ ਇਕ ਕਾਰ ਵਿਚ ਸਵਾਰ ਲੋਕਾਂ ਨੇ ਫਾਟਕ ਬੰਦ ਹੁੰਦਾ ਦੇਖ ਅੱਗੇ ਨਿਕਲਣ ਦੇ ਚੱਕਰ ਵਿਚ ਉਸਦੇ ਟਰੱਕ ਦੇ ਅੱਗੇ ਲਿਆ ਕੇ ਕਾਰ ਲਗਾ ਦਿੱਤੀ, ਜਦ ਉਸਨੇ ਇਕਦਮ ਤੋਂ ਉਸਨੂੰ ਬਚਾਉਣ ਲਈ ਬ੍ਰੇਕ ਲਗਾਈ ਤਾਂ ਕਾਰ ਟਰੱਕ ਨਾਲ ਜਾ ਟਕਰਾਈ, ਜਦਕਿ ਕਾਰ ਨੂੰ ਬਚਾਉਣ ਦੇ ਚੱਕਰ ਵਿਚ ਉਨ੍ਹਾਂ ਦਾ ਟਰੱਕ ਸੜਕ ਕੰਢੇ ਕੱਚੀ ਸੜਕ ’ਤੇ ਉਤਰ ਗਿਆ। ਮੁਖਤਿਆਰ ਖਾਨ ਨੇ ਦੱਸਿਆ ਕਿ ਇਸ ਤੋਂ ਗੁੱਸੇ ’ਚ ਆ ਕੇ ਕਾਰ ਸਵਾਰ ਬਾਰਾਤੀਆਂ ਨੇ ਉਸ ਦੀ ਅਤੇ ਉਸ ਦੇ ਸਾਥੀਆਂ ਦੀ ਬੁਰੀ ਤਰ੍ਹਾਂ ਕੁੱਟਮਾਰ ਕੀਤੀ ਅਤੇ ਟਰੱਕ ਦੀਆਂ ਚਾਬੀਆਂ, ਪਰਮਿਟ, ਉਸ ਦਾ ਪਰਸ ਅਤੇ 25 ਹਜ਼ਾਰ ਰੁਪਏ ਦੀ ਨਕਦੀ ਖੋਹ ਲਈ। ਇਸ ਤੋਂ ਬਾਅਦ ਉਸ ਨੇ ਇਸ ਦੀ ਸੂਚਨਾ ਪੁਲਸ ਹੈਲਪਲਾਈਨ ਨੰਬਰ 112 ’ਤੇ ਦਿੱਤੀ, ਜਿਸ ’ਤੇ ਸਹਾਇਕ ਸਬ ਇੰਸਪੈਕਟਰ ਪੱਪੂ ਰਾਮ ਨੇ ਮੌਕੇ ’ਤੇ ਪਹੁੰਚ ਕੇ ਆਪਣੇ ਬਿਆਨ ਦਰਜ ਕਰਵਾਏ। ਬਿਆਨਾਂ ਅਨੁਸਾਰ ਪੁਲਸ ਨੇ ਕਾਰ ਦੇ ਨੰਬਰ ਨੋਟ ਕਰ ਕੇ ਕਾਰ ਚਾਲਕਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ।

**NAME CHANGE**

I, hitherto known as RAM JOSHI S/o KRIPA RAM JOSHI, residing at N - 2, Second Floor, Panchsheel Park North, South Delhi – 110017, have changed my name and shall hereafter be known as RAM CHANDRA JOSHI.

**NAME CHANGE**

It is for general information that I, MUKESH KUMAR S/O HARIRAM GOYAL R/O D-16 CHANAKYA PLACE-1, 40 FOOT ROAD, JANAKPURI, NEW DELHI, WEST DELHI, DELHI-110059, declare that name of mine and my wife has been wrongly written as MUKESH GOYAL and PREETY in my minor daughter NAVYA GOYAL aged 14 year in her birth certificate No-MCDOLR09082716. The actual name of mine and my wife are MUKESH KUMAR and PREETY GOYAL, which may be amended accordingly.

**NAME CHANGE**

I Manjit Singh s/o Baldev Singh Kohli r/o J - 3/35, First Floor, Rajouri Garden , New Delhi - 110027 have changed my name to Manjit Singh Kohli for all purposes.

**PUBLIC NOTICE**

General Public hereby inform that my client SHRI ASHOK KUMAR AGGARWAL AND SMT. KAVITA AGGARWAL BOTH R/O HOUSE NO.D5/1, SANGAM VIHAR, NEW DELHI-110080 HAVE DISOWNED/ DEBARRED THIER SON AND DAUGHTER IN LAW NAMELY SHRI CHAHAT AGRAWAL AND SMT. SHAGUN VAID RESPECTIVELY from their all movable and immovable assets and severed their all relationship with them due to their disobedience and bad behavior. Anybody dealing with them will do at his/her own risks, costs and responsibility.

**SUBHASH SINGH YADAV**
ADVOCATE
CHAMBER NO.125, OLD BLOCK
PATIALA HOUSE COURTS
NEW DELHI-110001

**NAME CHANGE**

I, AESHWARYA PAUL, D/o. LATE VIJAY PAUL, R/o. A-704, SIGNATURE GLOBAL SOLERA, SECTOR-107, GURUGRAM, HARYANA-122006, have changed my name to AISHWARYA PAUL for all future purpose.

**PUBLIC NOTICE**

Information is given to general public at large that our client Mrs. Taravati W/o Mr. Naresh is the owner of FREEHOLD RESIDENTIAL HOUSE ON PLOT NO. 121, AREA MEASURING 50 SQ. YARDS, OUT OF KHASRA NO. 927, SITUATED IN THE VILLAGE SHAHPUR BAMHETA PARGANA DASNA TEHSIL & DISTT. GHAZIABAD, U.P. By Virtue of Sale Deed dated 10.03.2023 as Doc. No. 2209, book No.1, Vol. No. 19772, Pages No. 329-358, SRO- I Ghaziabad., till date and has lost/Misplace his Original Sale Deed dated 12.05.2003, as Doc. No. 3902, book No.1, Vol. No. 5344, Pages No. 115-130, SRO- I Ghaziabad.it was executed in favour of Mr. Manoj Kumar S/o Mr. Ramoutar our client is declaring that that any other Person does not have any right over the said property, and same property sold to be MRS. BHURI W/O MR. RAFIK which is to be financed by Home First Finance Company India Ltd. Branch: Gurugram, Haryana If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

Information is given to general public at large that our client Mr. Kuldeep Arya S/o Mr. S. S. Arya is the owner of Freehold Residential Plot area measuring 71 Sq. Yards i.e. 59.36 Sq. Meters, Out of Khasra No. 293 Mi., Situated in the Village ilaahabaans, Pargana & Tehsil Dadri, District Gautam Budh Nagar, U.P. Vide Sale Deed dated 16.06.2020 as Doc No. 1683, Book No. 1, Vol. No. 7798, Page Nos. 67-98, Dated 16.06.2020, SRO- III, Noida. till date and has lost/Misplace his Sale Deed dated 03.06.2017, It was executed in favour of Mr. Arjun Singh S/o Mr. Veer Sahay Rathor as Doc No. 2542, Book No. 1, Vol. No. 5860, Page Nos. 223-254, SRO- III, Noida, now our client is declaring that any other Person does not have any right over the said property, and same property Sold to be Mrs. Mamta and same property is going to be financed by Ujjivan Small Finance Bank Ltd. Branch: Vigyan Vihar, Delhi. If any person(s) have any objection(s) or claim(s) with respect to the right, title or interest in the Said Property then contact us within 14 days from the date of Publication of this notice and or the same to the undersigned if found by any one. Thereafter no claim shall be entertained.

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

It is for general information that I, AMANJIT SINGH S/o SARBJIT SINGH R/o L-2, 2nd Floor, Sujan Singh Park, Lodhi Road, Central Delhi, Delhi-110003 declare that name of my Father and my Mother has been wrongly written as SARABJEET SINGH and PARAMJEET in my 10th and 12th Educational Documents and Birth Certificate no. MMM2908 102637368/2012/2. The actual name of my Father and my Mother are SARBJIT SINGH and PARMJIT KAUR respectively which may be amended accordingly.

**NAME CHANGE**

I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.

**NAME CHANGE**

I, YAMUNA KAUR mother of No-19001021N Rank-HAV Name-VEDPAL R/O GARHI GUJRAN (54), KARNAL, HARYANA-132041 have changed my name from YAMUNA KAUR to JAMNA DEVI for all future purposes vide Affidavit Dated 30/09/2023 before Notary Public, Delhi.

**PUBLIC NOTICE**

I hitherto known as SANDHYA KUMARI D/o Awadhesh Kumar, W/o Subhash Kumar, R/o B-6, M S Flats Near Supreme Court, Tilak Lane, New Delhi GPO, New Delhi - 110001, have changed my name and shall hereafter be known as SANDHYA KUMAR

**NAME CHANGE**

I, Pam Ganpathy D/o M.A Prithviraj R/O DDA Flat no 1095, Third Floor, Sector C , Pocket 1 , Vasant Kunj , New Delhi - 110070 have changed my name to PAM PRITHVIRAJ , for all future purpose

**NAME CHANGE**

I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

**NAME CHANGE**

I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

**PUBLIC NOTICE**

I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

**NAME CHANGE**

I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

**NAME CHANGE**

I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

**PUBLIC NOTICE**

Information is given to general public at large that our client Smt. Jaichandi is the owner of Freehold Residential Plot no. 30 & 31 area measuring 133 sq. yds. Out of Khasra no. 68. Situated at Village Begampur Bhangale Pargana & Tehsil Dadri Distt. Gautam Budh Nagar Uttar Pradesh. by virtue of Sale Deed dated 02.01.2013, as Doc no. 20, Vol no. 3662 Page no. 263-306 SR- Noida-III & Rectification Deed dated 30.01.2017 as Doc no. 330, Vol no. 5634 Page no. 103-118 SR-Noida-III till date and has lost/Misplace his Original Sale Deed dated 06.02.2006 as Doc no. 761, Vol no. 653 Page no. 603-614 Sr- Noida, Original Sale Deed dated 06.02.2006 as Doc no. 762, Vol no. 653 Page no. 615-628 Sr- Noida & Original Sale Deed dated 05.05.2008, as Doc no. 1131, Vol no. 1270 Page no. 283-298 SR-Noida-III, It was executed in favour of Smt. Munesh w/o Sh. Manoj, our client is declaring that that any other Person does not have any right over the said property, which is to be financed by Piramal Capital & Housing Finance Ltd. Branch: Unit No.302, 3rd floor World Trade Tower Plot No-C-1, Sector-16, Noida UP. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**PUBLIC NOTICE**

This is to inform all concerned that
1. DDA Alottment letter dated 28.03.2001 vide F.96(230)2001/C.L/
2. DDA Alottment letter dated 30.04.2003 vide F.96(230) 2001/C.L/1374
3. Bank Challan No. 85901 dated 01.03.2007
4. Bank Challan no. 41350 dated 30.03.2007
5. File Report
Mohd Iqbal S/o Mohd Yusuf, R/o C-1191, Gali no 12/5, Chauhan Banger, Seelampur, Delhi-110053 Mob: 9718849951, has been lost, if anybody find the same, he/she may return to the above said address to me. The Public is cautioned in dealing with the above they will be doing it at their own risk.

**PUBLIC NOTICE**

It is for general information that I, TANISHA D/O UMRAW SINGH R/O B-514/15, RAGHUBIR NAGAR, TAGORE GARDEN, WEST DELHI, DELHI-110027 declare that name of mine and my father has been wrongly written as TANISHA BORA and UMRAO SINGH BORA in my education documents. And name of my father has been wrongly written as UMARAV SINGH in my Aadhar Card-794221403642. The actual name of mine and my father are TANISHA and UMRAW SINGH, which may be amended accordingly.

**NAME CHANGE**

I, SUNITA DEVI Wife of No-3196613M Rank-HAV Name-MANOJ KUMAR BHAWARIYA R/O PLOT NO-02, SHRI KALYAN DHAM COLONY, PO-NANGLA JAISABOHRA, TEH+DIST-JAIPUR, RAJASTHAN-302012 have changed my name from SUNITA DEVI to SUNITA BALODA for all future purposes vide affidavit dated 30/09/2023 before Notary Public, Delhi.

**NAME CHANGE**

I, Amarjeet Singh S/o Manjeet Singh R/o E-201 Emaar Emerald Estate Sec-65 Nirvana Countery Gurgaon-122018 Haryana have Changed my Name to Amarjit Singh For All Purpose

**NAME CHANGE**

I, VANDANA D/O DINESH RAWAT residing at C-97 SHIV VIHAR KARALA DELHI-110081 have changed my name to VANDANA RAWAT for all future purpose

**PUBLIC NOTICE**

Information is given to general public at large that our client M/s Shri Homes and Associates through its Partner Mr. Sandeep Kumar is the owner of Freehold Residential Plot Bearing No. 75-D, area measuring 252 sq. yd. (210.70 sq. mtr.) out of Khasra No. 64/15, Situated in the area of Village Hastsal, Delhi Colony known as Mohan Garden in Block-K-1, Extn. Uttam Nagar New Delhi. by virtue of Sale Deed dated 25.10.2022, as Doc. No. 27157, Book No. I, Vol. No. 8246, Page No. 26-37, on dated 25.10.2022, SR-IIB-Janakpuri New Delhi/Delhi. in the chain document Probate Order of Will dated 22.11.2003 not available our client is declaring that that any other Person does not have any right over the said property, and Built-up Third Floor (Back Side), area measuring 76 Sq. Yards, sold too be Ms. Munmun Biswas which is to be financed by Ujjivan Small Finance Bank Ltd. Branch: Dwarka Delhi. If any person(s) have any objection(s) or claim(s) with respect to the right, title or interest in the Said Property then contact us within 14 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NOTICE**

Public at large is hereby informed that (1) Sh. Ranjan Mittal S/o Sh. AnandSwaroop Mittal (2) Smt. Pooja Mittal W/o Sh. Ranjan Mittal (3) Smt. Suman Mittal W/o Sh. Anand Swaroop Mittal are owners of Residential House, Situated at Laxmi Vihar Colony, out of khasra no. 576, Village Jatvada Kala, Pargana Loni Tehsil & Distt. Ghaziabad U.P (area measuring 76 sq. yds) vide Registered Sale Deed Dated 11/03/2010executed by M/s Cello Electricals Pvt Ltd through director Sh. Praveen Kumar S/o Sh. Khem Chand in favour of (1) Sh. Ranjan Mittal S/o Sh. AnandSwaroop Mittal (2) Smt. Pooja Mittal W/o Sh. Ranjan Mittal (3) Smt. Suman Mittal W/o Sh. AnandSwaroop Mittal. (vide doc no. 980, book no.1, vol no. 8205, pages-309 to 380, SR- I Ghaziabad). Initially, Sale Deed Dated 20/05/1982 executed by Sh. Dalel Singh in favour of Sh. Rajender Kumar S/o Sh. Jagan Nath. (vide doc no. 7120), who executed Sale Deed Dated 16/01/1999 in favour of M/s Cello Electricals Pvt Ltd .(vide doc no. 170), who executed Registered Sale Deed Dated 11/03/2010 (1) Sh. Ranjan Mittal S/o Sh. AnandSwaroop Mittal (2) Smt. Pooja Mittal W/o Sh. Ranjan Mittal (3) Smt. Suman Mittal W/o Sh. Anand Swaroop Mittal who intends to sell said property to my client who shall further mortgage the said property with Bandhan Bank Ltd. Whosoever, is having any objection to the said mortgage or anyone has claim or right or interest in the property shall contact the undersigned with the objection within 07 days failing which it shall be presumed that there stands no objections.

NEW DELHI
DATE: 1/10/2023

**PRAGYA BHUSHAN ADVOCATE**
Enrl. No. D/721/02
Office: L-27,GF, Kailash Colony, New Delhi-48
Mob.: 9968006418

## ਪੰਜਾਬ ਦੇ ਪੰਛੀ

*ਬੱਚਿਓ! ਇਸ ਦੁਨੀਆ 'ਤੇ ਅਨੇਕਾਂ ਜੀਵ-ਜੰਤੂਆਂ ਦਾ ਨਿਵਾਸ ਹੈ, ਜਿਨ੍ਹਾਂ 'ਚੋਂ ਕੁਝ ਲੋਪ ਹੋ ਚੁੱਕੇ ਹਨ। ਆਓ, ਅਸੀਂ ਤੁਹਾਨੂੰ ਪੰਛੀਆਂ ਬਾਰੇ ਦੱਸੀਏ...*



# ਵੱਡੀ ਬੈਬਲਰ

**ਲੰਬਾਈ**
28 ਸੈਂਟੀਮੀਟਰ

**ਭਾਰ**
80 ਗ੍ਰਾਮ

ਇਹ ਪੰਛੀ ਭੂਰੇ ਸਲੇਟੀ ਰੰਗ ਦਾ, ਪਾਸਿਆਂ ਦੇ ਦੋ ਖੰਭ ਚਿੱਟੇ ਹੁੰਦੇ ਹਨ ਅਤੇ ਬਾਕੀ ਖੰਭਾਂ ਦੇ ਸਿਰੇ ਚਿੱਟੇ ਹੁੰਦੇ ਹਨ। ਅੱਖਾਂ ਪੀਲੀਆਂ ਹੁੰਦੀਆਂ ਹਨ। ਚੁੰਝ ਭੂਰੇ ਰੰਗ ਦੀ ਹੁੰਦੀ ਹੈ, ਜੋ ਹੇਠੋਂ ਲਾਲ ਹੁੰਦੀ ਹੈ। ਇਸ ਦੇ ਪਹੁੰਚੇ ਘਸਮੈਲੇ ਗੁਲਾਬੀ ਪੀਲੇ ਰੰਗ ਦੇ ਹੁੰਦੇ ਹਨ। ਜੋੜਾ ਇੱਕੋ ਜਿਹਾ ਹੁੰਦਾ ਹੈ। ਇਹ ਇਕ ਸਥਾਨਕ ਪੰਛੀ ਹੈ ਅਤੇ ਇਨ੍ਹਾਂ ਦੀ ਗਿਣਤੀ ਹੋਰ ਬੈਬਲਰਾਂ ਨਾਲੋਂ ਘੱਟ ਦੇਖਣ 'ਚ ਆਉਂਦੀ ਹੈ।

**• ਰਾਜਪਾਲ ਸਿੰਘ ਸਿੱਧੂ**

ਬਾਲ ਕਵਿਤਾ

## ਮੱਛਰ



*ਪਤਾ ਨਹੀਂ ਕਿੱਧਰੋਂ ਚੰਦਰਾ ਆਵੇ ਮੱਛਰ,*
*ਆ ਕੇ ਸਾਨੂੰ ਇਹ ਖ਼ੂਬ ਤਪਾਵੇ ਮੱਛਰ।*

*ਆਉਂਦਾ ਇਹ ਖੰਭਾਂ ਨਾਲ ਰੌਲ਼ਾ ਪਾਉਂਦਾ,*
*ਆ ਕੇ ਭੀਂ-ਭੀਂ ਦਾ ਰਾਗ ਸਣਾਵੇ ਮੱਛਰ।*

*ਭਾਵੇਂ ਇਸ ਤੋਂ ਕਿੰਨੇ ਹੀ ਬਚਦੇ ਰਹੀਏ,*
*ਮੁਫ਼ਤੋ ਮੁਫ਼ਤ ਵਾਲਾ ਟੀਕਾ ਲਾਵੇ ਮੱਛਰ।*

*ਰਾਤ ਨੂੰ ਕਿੱਧਰੋਂ ਇਹ ਨਿੱਕਲ ਆਉਂਦਾ,*
*ਦਿਨੇਂ ਵਿਚ ਖੱਲੀਂ ਖੂਜੀਂ ਛੁੱਪ ਜਾਵੇ ਮੱਛਰ।*

*ਭਾਵੇਂ ਸਰਦੀ ਗਰਮੀ ਦੀਆਂ ਰੁੱਤਾਂ ਆਵਣ,*
*ਫਿਰ ਕਿਵੇਂ ਆਪਣੀ ਹੋਂਦ ਬਚਾਵੇ ਮੱਛਰ,*

*ਬਰਸਾਤਾਂ ਦੇ ਨਾਲ ਇਸਦੀ ਗੂੜ੍ਹੀ ਯਾਰੀ,*
*ਵਿਚ ਬਰਸਾਤਾਂ ਪੂਰੀ ਹੋਂਦ ਵਿਖਾਵੇ ਮੱਛਰ।*

*ਅਨੇਕਾਂ ਰੋਗਾਂ ਦਾ ਵਾਹਕ ਇਹ ਮੱਛਰ ਹੁੰਦਾ,*
*ਮਲੇਰੀਏ ਵਰਗੇ ਕਈ ਰੋਗ ਫੈਲਾਵੇ ਮੱਛਰ।*

*ਪੀ ਖ਼ੂਨ ਬੇਗਾਨਾ ਢਿੱਡ ਇਹ ਆਪਣਾ ਭਰੇ,*
*ਪੀ-ਪੀ ਖ਼ੂਨ ਡਾਢਾ ਮੋਟਾ ਹੋ ਪਾਵੇ ਮੱਛਰ।*

*ਗੰਦ-ਮੰਦ ਦੇ ਨਾਲ ਇਸਦਾ ਗੂੜ੍ਹਾਂ ਰਿਸ਼ਤਾ,*
*ਗੰਦ-ਮੰਦ ਨੂੰ ਆਪਣਾ ਘਰ ਬਣਾਵੇ ਮੱਛਰ।*

*ਰੱਖੋ ਸਫ਼ਾਈ ਜੇ ਇਸ ਤੋਂ ਬਚਣਾ ਚਾਹਵੋ,*
*ਹੋਵੇ ਸਫ਼ਾਈ ਤਾਂ ਪਾਸਾ ਵੱਟ ਜਾਵੇ ਮੱਛਰ।*

**• ਜੱਗਾ ਸਿੰਘ ਆਦਮਕੇ**
*81469-24800*

# ਹਾਥੀ ਮੇਰੇ ਸਾਥੀ

***ਇਤਿਹਾਸ 'ਤੇ ਝਾਤ ਮਾਰੀ ਜਾਵੇ ਤਾਂ ਦੇਖਣ ਨੂੰ ਮਿਲਦਾ ਹੈ ਕਿ ਹਾਥੀ ਵੱਡੇ-ਵੱਡੇ ਰਾਜੇ-ਮਹਾਰਾਣੀਆਂ ਦੀ ਸਵਾਰੀ ਹੁੰਦੇ ਸਨ। ਵੱਖ-ਵੱਖ ਰੰਗਾਂ ਨਾਲ ਸਜੇ-ਧਜੇ ਤੇ ਪਿੱਠ 'ਤੇ ਆਲੀਸ਼ਾਨ ਹੌਦੇ ਲਗਾਏ ਹਾਥੀ ਰਾਜਿਆਂ ਦੀ ਸ਼ਾਹੀ ਠਾਠ ਦਾ ਪ੍ਰਤੀਕ ਹੁੰਦੇ ਸਨ...***

ਭਾਰੇ ਸਰੀਰ ਵਾਲਾ ਹਾਥੀ ਕਿਸੇ ਤੋਂ ਘੱਟ ਨਹੀਂ ਹੁੰਦਾ, ਤਾਹੀਂ ਤਾਂ ਜੰਗਲ ਦਾ ਰਾਜਾ ਸ਼ੇਰ ਵੀ ਇਸ ਨਾਲ ਪੰਗਾ ਨਹੀਂ ਲੈਂਦਾ। ਇਹ ਗੱਲ ਵੱਖ ਹੈ ਕਿ ਸਾਡੇ 'ਚੋਂ ਕੁਝ ਇਨਸਾਨਾਂ ਨੇ ਗੁੱਸੇ ਨਾਲ ਜਾਂ ਪਿਆਰ ਨਾਲ ਤੇਜ਼ ਦਿਮਾਗ਼ ਵਾਲੇ ਹਾਥੀ 'ਤੇ ਕਾਬੂ ਪਾ ਲਿਆ ਹੈ ਅਤੇ ਉਨ੍ਹਾਂ ਨੂੰ ਟ੍ਰੇਨਿੰਗ ਦੇ ਕੇ ਅੱਜ ਤੋਂ ਨਹੀਂ ਸਦੀਆਂ ਤੋਂ ਆਪਣਾ ਦੋਸਤ ਬਣਾਇਆ ਹੋਇਆ ਹੈ। ਮਨੁੱਖ ਕਈ ਤਰ੍ਹਾਂ ਦੇ ਕੰਮਾਂ 'ਚ ਅੱਜ ਵੀ ਹਾਥੀ ਦੀ ਮਦਦ ਲੈ ਰਿਹਾ ਹੈ।

ਇਤਿਹਾਸ 'ਤੇ ਝਾਤ ਮਾਰੀ ਜਾਵੇ ਤਾਂ ਦੇਖਾਂਗੇ ਕਿ ਹਾਥੀ ਵੱਡੇ-ਵੱਡੇ ਰਾਜੇ-ਮਹਾਰਾਣੀਆਂ ਦੀ ਸਵਾਰੀ ਹੁੰਦੇ ਸਨ। ਵੱਖ-ਵੱਖ ਰੰਗਾਂ ਨਾਲ ਸਜੇ-ਧਜੇ ਅਤੇ ਪਿੱਠ 'ਤੇ ਆਲੀਸ਼ਾਨ ਹੌਦੇ (ਸੀਟ) ਲਗਾਏ ਹਾਥੀ ਰਾਜਿਆਂ ਦੀ ਰਾਜਸ਼ਾਹੀ ਠਾਠ ਦਾ ਪ੍ਰਤੀਕ ਹੁੰਦੇ ਸਨ। ਇਸ ਦੀ ਸਵਾਰੀ ਕਰਨਾ ਅੱਜ ਵੀ ਰੋਮਾਂਚ ਨਾਲ ਭਰਿਆ ਅਨੁਭਵ ਹੁੰਦਾ ਹੈ। ਤੁਸੀਂ ਅੰਦਾਜ਼ਾ ਨਹੀਂ ਲਗਾ ਸਕਦੇ ਕਿ ਜੰਗਲ ਦੇ ਇਸ ਤਾਕਤਵਰ ਜਾਨਵਰ ਦੀਆਂ ਕਿੰਨੀਆਂ ਖ਼ੂਬੀਆਂ ਹਨ। ਸ਼ਾਇਦ ਇਹੀ ਵਜ੍ਹਾ ਹੈ ਕਿ ਇਹ ਸਾਡੇ ਅਨੁਸਾਰ ਢਲ਼ ਜਾਂਦੇ ਹਨ। ਪਾਲਤੂ ਜਾਨਵਰ ਵਾਂਗ ਇਨ੍ਹਾਂ ਨੂੰ ਸਾਡੇ ਸਮਾਜ 'ਚ ਇਕ ਅਹਿਮ ਸਥਾਨ ਹਾਸਲ ਹੈ। ਤੁਸੀਂ ਇਨ੍ਹਾਂ ਨੂੰ ਚਿੜੀਆਘਰਾਂ ਆਦਿ 'ਚ ਦੇਖ ਸਕਦੇ ਹੋ। ਇਸ ਤੋਂ ਇਲਾਵਾ ਤੁਸੀਂ ਸਰਕਸ 'ਚ ਵੀ ਰਿੰਗ ਮਾਸਟਰ ਦੇ ਇਸ਼ਾਰੇ 'ਤੇ ਨੱਚਦੇ ਤੇ ਕਰਤੱਬ ਦਿਖਾਉਂਦੇ ਹਾਥੀਆਂ ਨੂੰ ਵੀ ਦੇਖਿਆ ਹੋਵੇਗਾ ਜੋ ਤੁਹਾਡਾ ਮਨੋਰੰਜਨ ਵੀ ਕਰਦੇ ਹਨ।

ਦੁਨੀਆ 'ਚ ਹਾਥੀਆਂ ਦੇ ਲੋਪ ਹੋਣ ਦੇ ਹਲਾਤ ਨੂੰ ਦੇਖਦੇ ਹੋਏ ਲੋਕਾਂ 'ਚ ਜਾਗਰੂਕਤਾ ਵਧਾਉਣ ਲਈ ਕਦਮ ਉਠਾਏ ਜਾ ਰਹੇ ਹਨ। ਇਸ ਲਈ ਕਈ ਸੰਸਥਾਵਾਂ ਵੀ ਅੱਗੇ ਆਈਆਂ ਹਨ। ਉਨ੍ਹਾਂ ਦੀ ਰੱਖਿਆ ਨੂੰ ਧਿਆਨ 'ਚ ਰੱਖਦਿਆਂ ਹਰ ਸਾਲ ਹਾਥੀਆਂ ਦੀ ਰੱਖਿਆ ਲਈ 'ਸੇਵ ਦ ਐਲੀਫੈਂਟ ਡੇਅ' ਮਨਾਇਆ ਜਾਂਦਾ ਹੈ। ਇਸ ਦਿਨ ਨੂੰ ਥਾਈਲੈਂਡ ਦੀ ਐਲੀਫੈਂਟ ਰੀਇੰਟ੍ਰੋਡਕਸ਼ਨ ਫਾਊਂਡੇਸ਼ਨ ਨੇ ਕੈਨੇਡਾ ਦੇ ਫਿਲਮ ਮੇਕਰ ਪੈਰੀਸਿਆ ਸਿਮਸ ਨਾਲ ਮਿਲ ਕੇ 2012 'ਚ ਸ਼ੁਰੂ ਕੀਤਾ। ਹਾਥੀਆਂ ਨੂੰ ਬਚਾਉਣ ਲਈ ਉਨ੍ਹਾਂ ਦੀ ਇਹ ਪਹਿਲ ਅੰਤਰਰਾਸ਼ਟਰੀ ਪੱਧਰ ਦੀ ਸੀ। ਇਸ ਮੌਕੇ 'ਤੇ ਉਨ੍ਹਾਂ ਨੇ ਇਕ ਸਟਾਰ ਟ੍ਰੈਕ ਸੀਰੀਜ਼ ਦੇ ਨਿਰਮਾਤਾ ਵਿਲੀਅਮ ਸ਼ੇਟਨਰ ਦੁਆਰਾ ਬਣਾਈ ਗਈ ਡਾਕੂਮੈਂਟਰੀ ਫਿਲਮ 'ਰਿਟਰਨ ਟੂ ਦਿ ਫਾਰੈਸਟ' ਵੀ ਰਿਲੀਜ਼ ਕੀਤੀ। ਸੇਵ ਦਿ ਐਲੀਫੈਂਟ ਡੇਅ ਦਾ ਉਦੇਸ਼ ਏਸ਼ੀਆ ਅਤੇ ਅਫਰੀਕਾ 'ਚ ਮੌਜੂਦ ਹਾਥੀਆਂ ਨੂੰ ਬਚਾਉਣਾ ਹੈ।

ਬੱਚਿਓ! ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਤੇਜ਼ ਦਿਮਾਗ਼ ਵਾਲੇ ਇਹ ਹਾਥੀ ਇੰਨੇ ਉਸਤਾਦ ਹੁੰਦੇ ਹਨ ਕਿ ਆਪਣੀ ਸੁੰਡ ਨਾਲ ਕੈਮਰੇ ਦੇ ਟ੍ਰਿਗਰ ਨੂੰ ਦਬਾ ਕੇ ਸੈਲਫ਼ੀ ਖਿੱਚ ਲੈਂਦੇ ਹਨ। ਆਪਣੀ ਸੁੰਡ ਨਾਲ ਪੇਂਟ-ਬੁਰਸ਼ ਫੜ ਕੇ ਕੈਨਵਸ 'ਤੇ ਪੇਂਟਿੰਗ ਬਣਾ ਸਕਦੇ ਹਨ। ਥਾਈਲੈਂਡ ਦੇ ਨੈਸ਼ਨਲ ਐਲੀਫੈਂਟ ਇੰਸਟੀਟਿਊਟ 'ਚ ਰਹਿਣ ਵਾਲਾ ਸੁਦਾ ਹਾਥੀ ਉਨ੍ਹਾਂ 'ਚੋਂ ਇਕ ਹੈ, ਜੋ ਦੁਨੀਆ ਭਰ 'ਚ ਮਿਲਣ ਵਾਲੇ ਐਨੀਮਲ ਆਰਟਿਸਟ 'ਚ ਸਭ ਤੋਂ ਕਾਮਯਾਬ ਰਿਹਾ ਹੈ। ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਇਸ ਦੁਆਰਾ ਬਣਾਈਆਂ ਗਈਆਂ ਪੇਂਟਿੰਗ ਗਿਨੀਜ਼ ਬੁਕ ਆਫ਼ ਵਰਲਡ ਰਿਕਾਰਡ 'ਚ ਵੀ ਸ਼ਾਮਲ ਕੀਤੀਆਂ ਗਈਆਂ ਹਨ। ਸਾਲ 2005 'ਚ ਸੁਦਾ ਹਾਥੀ ਦੀ ਬਣਾਈ ਪੇਂਟਿੰਗ 39,000 ਡਾਲਰ 'ਚ ਵਿਕੀ ਸੀ।

### ਰੋਚਕ ਜਾਣਕਾਰੀ

ਹਾਥੀ ਧਰਤੀ 'ਤੇ ਰਹਿਣ ਵਾਲਾ ਸਭ ਤੋਂ ਵੱਡਾ ਜਾਨਵਰ ਹੈ। ਇਹ ਸਭ ਤੋਂ ਵੱਡਾ ਜਾਨਵਰ ਹੀ ਨਹੀਂ ਬਲਕਿ ਇਸ ਬਾਰੇ ਕਈ ਹੋਰ ਮਜ਼ੇਦਾਰ ਗੱਲਾਂ ਹਨ, ਜੋ ਤੁਹਾਨੂੰ ਪਤਾ ਹੋਣੀਆਂ ਚਾਹੀਦੀਆਂ ਹਨ...

- ਹਾਥੀ ਲੰਮਾ ਪੈ ਕੇ ਨਹੀਂ ਬਲਕਿ ਖੜੇ ਹੋ ਕੇ ਸੌਂਦੇ ਹਨ। ਇਹ ਦਿਨ 'ਚ ਬਹੁਤ ਘੱਟ ਸੌਂਦੇ ਹਨ। ਹਾਥੀ ਦੀ ਗਰਜ਼ ਵੀ ਮਨੁੱਖਾਂ ਦੀ ਆਵਾਜ਼ ਵਾਂਗ ਵੱਖ ਹੁੰਦੀ ਹੈ। ਜੇ ਕਿਸੇ ਹਾਥੀ ਨੂੰ ਸੱਟ ਲਗਦੀ ਹੈ ਤਾਂ ਦੂਜਾ ਹਾਥੀ ਉਸ ਦੀ ਸਹਾਇਤਾ ਜ਼ਰੂਰ ਕਰਦਾ ਹੈ। ਜੇ ਕਿਸੇ ਇਕ ਝੁੰਡ ਦਾ ਹਾਥੀ ਮਰ ਜਾਵੇ ਤਾਂ ਸਾਰਾ ਝੁੰਡ ਅਜੀਬ-ਅਜੀਬ ਤਰ੍ਹਾਂ ਨਾਲ ਗਰਜ਼ ਕੇ ਸ਼ੋਕ ਮਨਾਉਂਦਾ ਹੈ।
- ਹਾਥੀ ਸਾਫ਼-ਸੁਥਰਾ ਰਹਿਣਾ ਪਸੰਦ ਕਰਦੇ ਹਨ ਅਤੇ ਹਰ ਰੋਜ਼ ਨਹਾਉਂਦੇ ਹਨ। ਵੱਡੇ ਕੰਨ ਹੋਣ ਦੇ ਬਾਵਜੂਦ ਹਾਥੀ ਦੀ ਸੁਣਨ ਸਮਰੱਥਾ ਬਹੁਤ ਘੱਟ ਹੁੰਦੀ ਹੈ।
- ਜਾਨਵਰਾਂ 'ਚੋਂ ਹਾਥੀਆਂ ਦਾ ਦਿਮਾਗ਼ ਸਭ ਤੋਂ ਵੱਡਾ ਹੁੰਦਾ ਹੈ। ਇਕ ਹਾਥੀ ਦੀ ਚਮੜੀ ਲਗਪਗ ਇਕ ਇੰਚ ਤਕ ਮੋਟੀ ਹੁੰਦੀ ਹੈ। ਹਾਥੀ ਦੇ ਦੰਦ ਉਸ ਦੇ ਜੀਵਨ ਕਾਲ ਦੌਰਾਨ ਵੱਧਦੇ ਰਹਿੰਦੇ ਹਨ।
- ਹਾਥੀ ਆਪਣੇ ਪੈਰਾਂ ਦੀ ਵਰਤੋਂ ਸੁਣਨ ਲਈ ਵੀ ਕਰਦੇ ਹਨ। ਜਦੋਂ ਹਾਥੀ ਚੱਲਦੇ ਹਨ ਤਾਂ ਜ਼ਮੀਨ 'ਚ ਇਕ ਵਿਸ਼ੇਸ਼ ਤਰੀਕੇ ਦੀ ਕੰਬਣੀ ਪੈਦਾ ਹੁੰਦੀ ਹੈ। ਇਸ ਕੰਬਣੀ ਨਾਲ ਹਾਥੀ ਦੂਜੇ ਹਾਥੀਆਂ ਬਾਰੇ ਜਾਣ ਲੈਂਦੇ ਹਨ। ਇਨ੍ਹਾਂ ਦੀ ਉਪਰਲੀ ਚਮੜੀ ਧੁੱਪ 'ਚ ਝੁਲਸ ਜਾਂਦੀ ਹੈ ਇਸ 'ਤੇ ਇਹ ਆਪਣੇ ਸਰੀਰ 'ਤੇ ਮਿੱਟੀ ਲਗਾ ਲੈਂਦਾ ਹੈ।
- ਹਾਥੀਆਂ ਨੂੰ ਸ਼ਹਿਦ ਦੀਆਂ ਮੱਖੀਆਂ ਤੋਂ ਬਹੁਤ ਡਰ ਲਗਦਾ ਹੈ। ਅੱਜ ਦੇ ਸਮੇਂ 'ਚ ਹਾਥੀ ਦੀਆਂ ਸਿਰਫ਼ ਦੋ ਪ੍ਰਜਾਤੀਆਂ ਪਾਈਆਂ ਜਾਂਦੀਆਂ ਹਨ ਇਕ ਹੈ ਅਫਰੀਕਨ ਹਾਥੀ ਅਤੇ ਦੂਜਾ ਹੈ ਏਸ਼ਿਆਈ ਹਾਥੀ।
- ਹਾਥੀ ਡੂੰਘੇ ਪਾਣੀ 'ਚ ਤੈਰ ਸਕਦੇ ਹਨ। ਇਹ ਆਪਣੀ ਸੁੰਡ ਦੀ ਸਹਾਇਤਾ ਨਾਲ ਸਾਹ ਲੈਂਦੇ ਹਨ। •

### ਵਰਲਡ ਰਿਕਾਰਡ

*ਵਾਈਲਡ ਲਾਈਫ ਕੰਜ਼ਰਵੇਸ਼ਨ ਸੁਸਾਇਟੀ ਨੇ ਜੂਨ ਤੋਂ ਸਤੰਬਰ 2016 'ਚ ਹਾਥੀਆਂ ਦੀ ਹੋਂਦ ਲਈ ਮੁਹਿੰਮ ਚਲਾਈ ਸੀ। ਇਸ ਮੁਹਿੰਮ 'ਚ ਸੁਸਾਇਟੀ ਨੇ ਲੋਕਾਂ ਨੂੰ ਜ਼ਿਆਦਾ ਤੋਂ ਜ਼ਿਆਦਾ ਆਰੀਗੈਮੀ ਦੇ ਹਾਥੀ ਬਣਾ ਕੇ ਭੇਜਣ ਦੀ ਅਪੀਲ ਕੀਤੀ। ਸੁਸਾਇਟੀ ਕੋਲ ਅਨੁਮਾਨ ਤੋਂ ਕਿਤੇ ਜ਼ਿਆਦਾ ਆਰਗੇਮੀ ਹਾਥੀ ਪਹੁੰਚੇ, ਜਿਨ੍ਹਾਂ ਨੂੰ ਅਮਰੀਕਾ ਦੇ ਮੈਨਹਟਨ ਸ਼ਹਿਰ 'ਚ ਬ੍ਰੋਂਕਸ ਚਿੜੀਆਘਰ 'ਚ ਪੇਸ਼ ਕੀਤਾ ਗਿਆ। ਇੱਥੇ ਦੁਨੀਆ ਭਰ ਦੇ 40 ਦੇਸ਼ਾਂ ਤੋਂ ਰੰਗ-ਬਿਰੰਗੇ 78,564 ਆਰਗੇਮੀ ਹਾਥੀ ਪੇਸ਼ ਕੀਤੇ ਗਏ ਸਨ, ਜੋ ਵਰਲਡ ਰਿਕਾਰਡ ਹੈ।*

**ਸੇਵ ਦ ਐਲੀਫੈਂਟ**

### ਪਛਾਣ

*ਕੀ ਤੁਹਾਨੂੰ ਪਤਾ ਹੈ ਕਿ ਇਨ੍ਹਾਂ ਹਾਥੀਆਂ ਦੇ ਦੰਦ ਬਹੁਤ ਕੀਮਤੀ ਹੁੰਦੇ ਹਨ, ਇਹੀ ਵਜ੍ਹਾ ਹੈ ਕਿ ਜੰਗਲੀ ਪ੍ਰਦੇਸ਼ਾਂ 'ਚ ਇਨ੍ਹਾਂ ਦਾ ਵੱਡੇ ਪੱਧਰ 'ਤੇ ਸ਼ਿਕਾਰ ਕੀਤਾ ਜਾਂਦਾ ਹੈ। ਅੰਕੜਿਆਂ ਮੁਤਾਬਕ ਹਾਥੀ ਦੇ ਦੰਦਾਂ ਲਈ ਹਰ ਸਾਲ ਦੁਨੀਆ 'ਚ ਕਰੀਬ 35 ਹਜ਼ਾਰ ਹਾਥੀਆਂ ਨੂੰ ਮਾਰ ਦਿੱਤਾ ਜਾਂਦਾ ਹੈ। ਹਾਥੀ ਦੇ ਦੰਦ ਗਹਿਣੇ, ਫਰਨੀਚਰ, ਡੈਕੋਰੇਟਿਵ ਆਈਟਮਜ਼ ਆਦਿ ਬਣਾਈਆਂ ਜਾਂਦੀਆਂ ਹਨ ਤੇ ਨਾਲ ਹੀ ਵੱਧਦੇ ਸ਼ਹਿਰੀਕਰਨ ਦੇ ਦੌਰ 'ਚ ਜੰਗਲਾਂ ਦੀ ਕਟਾਈ ਵੀ ਤੇਜ਼ੀ ਨਾਲ ਹੋ ਰਹੀ ਹੈ। ਜਿਸ ਨਾਲ ਇਨ੍ਹਾਂ ਦੇ ਰਹਿਣ ਦੀ ਸਮੱਸਿਆ ਗੰਭੀਰ ਹੋ ਰਹੀ ਹੈ।*

*ਹਾਥੀ ਆਮਤੌਰ 'ਤੇ 6 ਕਿਲੋਮੀਟਰ ਪ੍ਰਤੀ ਘੰਟੇ ਦੀ ਰਫ਼ਤਾਰ ਨਾਲ ਚੱਲਦੇ ਹਨ। ਇਹ ਦਿਨ 'ਚ 16 ਘੰਟੇ ਖਾਣ-ਪੀਣ 'ਚ ਹੀ ਬਿਤਾ ਦਿੰਦੇ ਹਨ...*



ਹੁਣ ਤਕ ਸਭ ਤੋਂ ਵੱਡੇ ਹਾਥੀ ਦਾ ਭਾਰ **10,886** ਕਿਲੋਗ੍ਰਾਮ ਅਤੇ ਉਚਾਈ 3.96 ਮਾਪੀ ਗਈ ਹੈ...

ਇਕ ਹਾਥੀ ਪਾਣੀ ਦੀ ਖ਼ੁਸ਼ਬੂ ਨੂੰ **4.5** ਕਿਲੋਮੀਟਰ ਦੀ ਦੂਰੀ ਤੋਂ ਸੁੰਘ ਸਕਦਾ ਹੈ...

ਅੱਜ ਤੋਂ 5 ਕਰੋੜ ਸਾਲ ਪਹਿਲਾਂ ਹਾਥੀਆਂ ਦੀਆਂ ਕਰੀਬ **170** ਪ੍ਰਜਾਤੀਆਂ ਸਨ...

ਹਰ ਰੋਜ਼ **100** ਹਾਥੀ ਮਾਰੇ ਜਾਂਦੇ ਹਨ ਤਾਂ ਕਿ ਹਾਥੀ ਦੇ ਦੰਦ ਕੱਢ ਕੇ ਗਹਿਣੇ ਬਣਾਏ ਜਾ ਸਕਣ...

## ਬੁਝਾਰਤਾਂ



1. ਕਾਲਾ ਕੁੱਤਾ,
ਕੰਧ ਨਾਲ ਪਿਆ ਸੁੱਤਾ।
2. ਇੱਧਰ ਖਾਈ ਉੱਧਰ ਖਾਈ,
ਵਿਚਾਲੇ ਭਾਈ।
3. ਲੰਮੀਆਂ ਲੰਮੀਆਂ ਤਾਰਾਂ,
ਵਿਚ ਫਿਰਨ ਮਾਰੂਤੀ ਕਾਰਾਂ।
4. ਨਿੱਕੀ ਜਿਹੀ ਕੁੜੀ
ਉਹਦੇ ਢਿੱਡ 'ਚ ਲਕੀਰ।
5. ਜਾਦੂਗਰ ਦਾ ਵੇਖ ਕਮਾਲ,
ਖਾਵੇ ਹਰਾ ਕੱਢੇ ਲਾਲ।
6. ਵੱਟ 'ਤੇ ਘੁਮਿਆਰੀ ਬੈਠੀ,
ਘੱਗਰਾ ਖਿਲਾਰੀ ਬੈਠੀ।
7. ਧੁੱਪ ਦੇਖ ਪੈਦਾ ਹੋਇਆ,
ਛਾਂ ਦੇਖ ਮੁਰਝਾ ਗਿਆ।

**• ਸ਼ੰਕਰ ਦਾਸ,** 96469-27646

ਉੱਤਰ : 1. ਤਵਾ 2. ਜੀਭ 3. ਕੀੜੀਆਂ 4. ਕਣਕ ਦਾ ਦਾਣਾ 5. ਪਾਨ 6. ਛੱਲੀ 7. ਪਸੀਨਾ

# ਪਾਣੀ 'ਚ ਖ਼ਜ਼ਾਨਾ

***ਸਮੁੰਦਰ ਅੰਦਰ ਬਹੁਤ ਖ਼ਜ਼ਾਨਾ ਭਰਿਆ ਹੈ। ਜਿੰਨਾ ਸਮੁੰਦਰ ਨੂੰ ਖੰਗਾਲਿਆ ਜਾਵੇਗਾ, ਉਨੇ ਹੀ ਖ਼ਜ਼ਾਨੇ ਬਾਹਰ ਆਉਂਦੇ ਹਨ। ਕੁਦਰਤ ਨੇ ਸਮੁੰਦਰ ਨੂੰ ਕੀਮਤੀ ਰਤਨਾਂ ਦੀ ਖਾਨ ਬਣਾਇਆ ਹੈ। ਆਓ, ਅੱਜ ਅਸੀਂ ਸਾਰੇ ਸਮੁੰਦਰ ਦੀ ਸੈਰ ਕਰੀਏ ਤੇ ਲੱਭੀਏ ਅਨੋਖੇ ਖ਼ਜ਼ਾਨੇ...***



### ਸੀ ਗਲਾਸ

ਇਹ ਖ਼ਾਰੇ ਪਾਣੀ 'ਚ ਪਾਇਆ ਜਾਂਦਾ ਹੈ, ਇਸ ਦੀ ਵਰਤੋਂ ਗਹਿਣੇ ਬਣਾਉਣ ਲਈ ਕੀਤੀ ਜਾਂਦੀ ਹੈ। ਇਸ ਨੂੰ ਬਣਾਉਣ ਲਈ 50 ਸਾਲ ਲੱਗ ਜਾਂਦੇ ਹਨ। ਇੰਨੇ ਸਾਲਾਂ ਤਕ ਪਾਣੀ 'ਚ ਰਹਿਣ ਤੋਂ ਬਾਅਦ ਇਹ ਆਪਣਾ ਚਿਕਨਾ ਆਕਾਰ ਪ੍ਰਾਪਤ ਕਰਦਾ ਹੈ। ਇਹ ਟੁੱਟੀਆਂ ਹੋਈਆਂ ਬੋਤਲਾਂ ਜਾਂ ਡੁੱਬੇ ਹੋਏ ਜਹਾਜ਼ਾਂ ਤੋਂ ਨਿਕਲੇ ਸ਼ੀਸ਼ਿਆਂ ਤੋਂ ਤਿਆਰ ਹੁੰਦਾ ਹੈ। ਕਈ ਸਾਲ ਤਕ ਪਾਣੀ 'ਚ ਰਹਿਣ ਕਾਰਨ ਇਨ੍ਹਾਂ ਦੇ ਕੋਨੇ ਘਿਸ ਜਾਂਦੇ ਹਨ ਅਤੇ ਇਹ ਚਮਕੀਲੇ ਪੱਥਰ ਦਾ ਰੂਪ ਲੈਣ ਲਗਦੇ ਹਨ। ਇਨ੍ਹਾਂ ਦਾ ਰੰਗ ਟੁੱਟੇ ਹੋਏ ਸ਼ੀਸ਼ੇ ਦੇ ਰੰਗ 'ਤੇ ਨਿਰਭਰ ਕਰਦਾ ਹੈ।

ਮੋਤੀ ਨੂੰ ਅੰਗਰੇਜ਼ੀ ਭਾਸ਼ਾ 'ਚ 'ਪਰਲ' ਕਹਿੰਦੇ ਹਨ। ਕੁਦਰਤੀ ਮੋਤੀ, ਹੀਰਿਆਂ ਦੀ ਸ਼੍ਰੇਣੀ 'ਚ ਆਉਂਦੇ ਹਨ। ਇਨ੍ਹਾਂ ਦਾ ਨਿਰਮਾਣ ਸਮੁੰਦਰ 'ਚ ਸਿੱਪੀ ਅੰਦਰ ਹੁੰਦਾ ਹੈ। ਕੈਲਸ਼ੀਅਮ ਕਾਰਬੋਨੇਟ ਤੋਂ ਬਣਨ ਵਾਲੇ ਮੋਤੀ ਦੇ ਰੂਪ ਅਤੇ ਆਕਾਰ ਉਸ ਦੀ ਸਿੱਪੀ 'ਤੇ ਨਿਰਭਰ ਕਰਦਾ ਹੈ, ਜੋ ਇਕ ਕੱਵਚਧਾਰੀ ਜੀਵ ਹੁੰਦਾ ਹੈ। ਬਿਲਕੁਲ ਗੋਲ ਅਤੇ ਚਿਕਨਾ ਮੋਤੀ ਬਹੁਤ ਮਹਿੰਗਾ ਹੁੰਦਾ ਹੈ। ਇਹ ਸਖ਼ਤ ਹੀਰਾ ਨਹੀਂ ਹੈ। ਇਸ ਦਾ ਰੰਗ ਅਸਲ 'ਚ ਸਫ਼ੈਦ ਹੁੰਦਾ ਹੈ। ਦੂਜੇ ਰੰਗਾਂ 'ਚ ਮੋਤੀ ਤਿਆਰ ਕਰਨ ਲਈ ਸਿੱਪੀ ਨੂੰ ਖ਼ਾਸ ਤਰੀਕੇ ਨਾਲ ਪਾਲਿਆ ਜਾਂਦਾ ਹੈ।

### ਏਰਾਗੋਨਾਈਟ

ਇਹ ਪੀਲੇ, ਨੀਲੇ ਜਾਂ ਕਦੇ-ਕਦੇ ਗੁਲਾਬੀ ਰੰਗ ਦਾ ਵੀ ਹੁੰਦਾ ਹੈ। ਇਹ ਕੈਲਸ਼ੀਅਮ ਕਾਰਬੋਨੇਟ ਨਾਲ ਬਣਦਾ ਹੈ। ਇਹ ਸਮੁੰਦਰ 'ਚ ਡੁੱਬੇ ਪਹਾੜ ਦੇ ਹਿੱਸਿਆਂ ਦੇ ਟੁੱਟਣ ਨਾਲ ਬਣਦਾ ਹੈ। ਪਾਣੀ ਨਾਲ ਰਹਿੰਦੇ ਹੋਏ ਇਸ ਦਾ ਰੂਪ ਬਦਲ ਜਾਂਦਾ ਹੈ ਅਤੇ ਇਹ ਚਿਕਨਾ ਹੋ ਜਾਂਦਾ ਹੈ। ਆਮਤੌਰ 'ਤੇ ਇਹ ਟਰਕੀ, ਫਰਾਂਸ, ਅਮਰੀਕਾ ਅਤੇ ਬਹਾਮਾਸ ਦੇ ਸਮੁੰਦਰੀ ਇਲਾਕਿਆਂ 'ਚ ਮਿਲਦਾ ਹੈ।


### ਲੈਰੀਮਰ

ਇਹ ਅਨੋਖਾ ਪੱਥਰ ਕੈਰੇਬੀਆਈ ਖੇਤਰ ਦੇ ਡਿਮਿਨੀਸ਼ਿਅਨ ਰੀਪਬਲਿਕ ਦੇ ਸਮੁੰਦਰ 'ਚ ਹੀ ਮਿਲਦਾ ਹੈ। 1974 'ਚ ਪਹਿਲੀ ਵਾਰ ਇਹ ਮਿਲਿਆ ਸੀ। ਇੱਥੋਂ ਦੇ ਦੱਖਣੀ ਕਿਨਾਰੇ 'ਤੇ ਜਵਾਲਮੁਖੀ ਦੇ ਫਟਣ ਕਾਰਨ ਜੋ ਲਾਵਾ ਨਿਕਲਦਾ ਹੈ, ਉਸ 'ਚ ਹੋਰ ਖਣਿਜ ਮਿਲਣ ਦੇ ਨਾਲ ਇਹ ਪੱਥਰ ਬਣਦਾ ਹੈ। ਨਦੀ ਦੁਆਰਾ ਇਹ ਪੱਥਰ ਵਹਿ ਕੇ ਸਮੁੰਦਰ 'ਚ ਪਹੁੰਚ ਜਾਂਦੇ ਹਨ ਅਤੇ ਇਸ ਤਰ੍ਹਾਂ ਇਸ ਅਦਭੁੱਤ ਨੀਲੇ ਰੰਗ ਦੇ ਲੈਰੀਮਰ ਦਾ ਨਿਰਮਾਣ ਹੁੰਦਾ ਹੈ।

### ਮੂੰਗਾ

ਇਸ ਲਈ ਅੰਗਰੇਜ਼ੀ ਸ਼ਬਦ 'ਕੋਰਲ' ਦੀ ਜ਼ਿਆਦਾ ਵਰਤੋਂ ਹੁੰਦੀ ਹੈ। ਇਹ ਆਮਤੌਰ 'ਤੇ ਲਾਲ ਰੰਗ ਦਾ ਹੁੰਦਾ ਹੈ ਪਰ ਕਈ ਜਗ੍ਹਾ ਇਹ ਗੁਲਾਬੀ, ਸਫ਼ੈਦ ਜਾਂ ਨੀਲੇ ਰੰਗ ਦਾ ਵੀ ਮਿਲਦਾ ਹੈ। ਇਹ ਇਕ ਤਰ੍ਹਾਂ ਦਾ ਸਮੁੰਦਰੀ ਜੀਵ ਹੈ। ਇਹ ਲੱਖਾਂ-ਕਰੋੜਾਂ ਦੀ ਸੰਖਿਆ 'ਚ ਨਾਲ ਨਾਲ ਰਹਿੰਦੇ ਹਨ। ਇਹ ਆਪਣੇ ਆਲੇ-ਦੁਆਲੇ ਇਕ ਸਖ਼ਤ ਖੋਲ ਬਣਾ ਲੈਂਦੇ ਹਨ, ਜਿਸ ਅੰਦਰ ਉਹ ਰਹਿੰਦੇ ਹਨ। ਅਜਿਹੇ ਸ਼ੰਖ਼ ਆਪਸ 'ਚ ਜੁੜਦੇ-ਜੁੜਦੇ ਸਖ਼ਤ ਪੱਥਰ ਵਾਂਗ ਹੋ ਜਾਂਦੇ ਹਨ। ਸਮੁੰਦਰ 'ਚ ਕਈ ਜਗ੍ਹਾ ਮੂੰਗੇ ਦੀ ਪੂਰੀ ਸ਼੍ਰੇਣੀ ਤਿਆਰ ਹੋ ਜਾਂਦੀ ਹੈ। ਮੂੰਗੇ ਗਰਮ ਪਾਣੀ ਦੇ ਸਮੁੰਦਰ 'ਚ ਹੀ ਮਿਲਦੇ ਹਨ। •

## ਕੀ ਤੁਸੀਂ ਜਾਣਦੇ ਹੋ?



- ਐਲਫਰੈੱਡ ਨੋਬਲ ਨੇ ਡਾਈਨਾਮਾਈਟ ਦੀ ਖੋਜ ਕੀਤੀ ਸੀ।
- ਇਕ ਟਨ ਕਾਗ਼ਜ਼ ਨੂੰ ਰੀਸਾਈਕਲ ਕਰਨ ਨਾਲ ਕਰੀਬ 17 ਦਰੱਖ਼ਤਾਂ ਦੀ ਬੱਚਤ ਹੁੰਦੀ ਹੈ।
- ਜਿਸ ਨੂੰ ਉੱਡਣ ਤੋਂ ਡਰ ਲਗਦਾ ਹੈ, ਉਹ aviophobia ਤੋਂ ਪੀੜਤ ਹੁੰਦਾ ਹੈ।
- ਇਕ ਬਲੱਡ ਸੈੱਲ ਨੂੰ ਪੂਰੇ ਸਰੀਰ 'ਚ ਚੱਕਰ ਲਗਾਉਣ ਨਾਲ ਕਰੀਬ 60 ਸੈਕਿੰਡ ਲਗਦੇ ਹਨ।
- ਪੂਰੇ ਬ੍ਰਹਿਮੰਡ 'ਚ ਕਰੀਬ 100 ਬਿਲੀਅਨ ਗੇਲੈਕਸੀਜ਼ ਹਨ।
- ਛਿੱਕ ਮਾਰਦੇ ਸਮੇਂ ਦਿਲ ਦੀ ਧੜਕਨ 1 ਮਿਲੀ ਸੈਕਿੰਡ ਲਈ ਰੁਕ ਜਾਂਦੀ ਹੈ।



- ਦੁਨੀਆ ਦਾ ਸਭ ਤੋਂ ਉੱਚਾ ਦਰੱਖ਼ਤ ਆਸਟ੍ਰੇਲੀਅਨ ਯੂਕਲਿਪਟਸ ਹੈ ਅਤੇ 1872 'ਚ ਇਸ ਦੀ ਉਚਾਈ 435 ਫੁੱਟ ਸੀ।

ਬਾਲ ਕਹਾਣੀ

# ਸਮਝਦਾਰ ਘੁੱਗੀ

***ਬੱਚਿਓ! ਤੁਸੀਂ ਚਿੜੀ ਤੇ ਕਾਂ ਦੀਆਂ ਕਹਾਣੀਆਂ ਤਾਂ ਬਹੁਤ ਪੜ੍ਹੀਆਂ ਹੋਣਗੀਆਂ। ਤੁਹਾਨੂੰ ਇਹ ਵੀ ਪਤਾ ਚੱਲ ਹੀ ਗਿਆ ਹੋਵੇਗਾ ਕਿ ਕਾਂ ਇਕ ਬਹੁਤ ਹੀ ਚਲਾਕ ਪੰਛੀ ਹੈ, ਜੋ ਹਰ ਵਾਰ ਚਿੜੀ ਨਾਲ ਧੋਖਾ ਕਰਦਾ ਹੈ ਪਰ ਇਸ ਕਹਾਣੀ ਵਿਚ ਕਾਂ ਚਿੜੀ ਨਾਲ ਨਹੀਂ ਬਲਕਿ ਘੁੱਗੀ ਨਾਲ ਧੋਖਾ ਕਰਦਾ ਦੱਸਿਆ ਗਿਆ ਹੈ...***

**ਪਰਮ ਪਿਆਰ**
99148-33670

ਗੱਲ ਕੁੱਝ ਸਾਲ ਪੁਰਾਣੀ ਹੈ। ਪਿੰਡੋਂ ਬਾਹਰ ਖੇਤਾਂ ਵਿਚ ਟਾਹਲੀ ਦੇ ਰੁੱਖ ਉੱਤੇ ਘੁੱਗੀ ਆਪਣਾ ਆਲ੍ਹਣਾ ਪਾ ਕੇ ਰਹਿ ਰਹੀ ਸੀ। ਆਲ੍ਹਣੇ ਵਿਚ ਉਸ ਨੇ ਚਾਰ ਆਂਡੇ ਵੀ ਦਿੱਤੇ ਹੋਏ ਸਨ। ਉਸ ਦੇ ਆਲ੍ਹਣੇ ਦੇ ਸਾਹਮਣੇ ਵਾਲੀ ਟਾਹਣੀ 'ਤੇ ਇਕ ਕਾਂ ਵੀ ਰਾਤ ਕੱਟਣ ਆ ਠਹਿਰਦਾ ਸੀ।

ਆਲਸੀ ਤੇ ਵਿਹਲਾ ਰਹਿਣ ਦੀ ਮਾੜੀ ਆਦਤ ਕਾਰਨ ਆਪਣਾ ਆਲ੍ਹਣਾ ਵੀ ਨਹੀਂ ਬਣਾ ਸਕਿਆ ਸੀ। ਹੁਣ ਅੱਗੇ ਆ ਰਹੀ ਠੰਢ ਤੋਂ ਬਚਣ ਲਈ ਮਨ ਹੀ ਮਨ ਘੁੱਗੀ ਦਾ ਆਲ੍ਹਣਾ ਹੜੱਪਣ ਦੀਆਂ ਸਕੀਮਾਂ ਘੜਨ ਲੱਗਾ ਪਰ ਉਸਨੂੰ ਕੋਈ ਮੌਕਾ ਨਹੀਂ ਮਿਲਦਾ ਸੀ।

ਫਿਰ ਇਕ ਦਿਨ ਜਦ ਘੁੱਗੀ ਬਾਹਰ ਚੋਗਾ ਚੁਗਣ ਗਈ ਹੋਈ ਸੀ ਤਾਂ ਕਾਂ ਦੇ ਮਨ 'ਚ ਸ਼ੈਤਾਨੀ ਜਾਗ ਗਈ। ਉਸ ਨੇ ਸੋਚਿਆ ਜੇ ਘੁੱਗੀ ਦੇ ਆਂਡੇ ਪੀ ਗਿਆ ਤਾਂ ਉਹ ਇਕੱਲੀ ਹੀ ਰਹਿ ਜਾਏਗੀ ਤੇ ਆਪਣਾ ਆਲ੍ਹਣਾ ਛੱਡ ਕੇ ਡਰਦੀ ਮਾਰੀ ਕਿਤੇ ਹੋਰ ਉੱਡ ਜਾਏਗੀ।

ਬਸ ਫਿਰ ਕੀ ਸੀ, ਉਹ ਝੱਟ ਉਡਾਰੀ ਮਾਰ ਘੁੱਗੀ ਦੇ ਆਲ੍ਹਣੇ ਕੋਲ ਜਾ ਪੁੱਜਾ। ਇਕ -ਇਕ ਕਰ ਕੇ ਸਾਰੇ ਹੀ ਆਂਡੇ ਪੀ ਗਿਆ। ਸ਼ਾਮ ਨੂੰ ਘੁੱਗੀ ਆਪਣਾ ਖਾਲੀ ਆਲ੍ਹਣਾ ਵੇਖ ਬਹੁਤ ਹੀ ਰੋਈ। ਫਿਰ ਜਦ ਇਕ ਸਾਥੀ ਚਿੜੀ ਨੇ ਕਾਂ ਦੀ ਕਾਲੀ ਕਰਤੂਤ ਦੀ ਗੱਲ ਦੱਸੀ ਤਾਂ ਉਹ ਮਨ ਹੀ ਮਨ ਕਾਂ ਕੋਸਦੀ।

ਇਕ ਦਿਨ ਕਾਂ ਕੋਲ ਜਾ ਤਰਲਾ ਕਰਦੀ ਬੋਲੀ, 'ਕਾਂ ਵੀਰਾ, ਜੇ ਤੈਨੂੰ ਆਲ੍ਹਣੇ ਦੀ ਹੀ ਲੋੜ ਸੀ ਤਾਂ ਤੂੰ ਮੈਨੂੰ ਦਸ ਦਿੰਦਾ, ਮੈਂ ਤੈਨੂੰ ਆਪਣਾ ਆਲ੍ਹਣਾ ਦੇ ਦਿੰਦੀ।'

ਕਾਂ ਝੱਟ ਬੋਲਿਆ, 'ਲੈ ਤੂੰ ਹੁਣ ਮੈਨੂੰ ਆਪਣਾ ਆਲ੍ਹਣਾ ਦੇ ਦੇ! ਹੁਣ ਤਾਂ ਤੂੰ ਹੈ ਵੀ ਇੱਕਲੀ ਆਂ, ਜਿੱਥੇ ਮਰਜ਼ੀ ਜਾ ਕੇ ਰਹਿ।' ਘੁੱਗੀ ਆਲ੍ਹਣਾ ਕਾਂ ਨੂੰ ਦੇ ਕੇ ਮਨ ਹੀ ਮਨ ਦੁੱਖੀ ਵੀ ਹੋਈ ਪਰ ਉਸ ਨੇ ਕੁੱਝ ਹੀ ਦਿਨਾਂ ਵਿਚ ਨੇੜਲੀ ਟਾਹਣੀ 'ਤੇ ਹੋਰ ਆਲ੍ਹਣਾ ਬਣਾ ਲਿਆ।

ਸਮਾਂ ਪਾ ਕੇ ਕਾਂ ਆਪਣੇ ਆਲ੍ਹਣੇ ਵਿਚ ਬੋਟਾਂ ਨਾਲ ਰਹਿ ਰਿਹਾ ਸੀ। ਇਕ ਦਿਨ ਕਾਂ ਜਦ ਆਪਣੇ ਬੱਚਿਆਂ ਲਈ ਚੋਗਾ ਲੈਣ ਗਿਆ ਤਾਂ ਘੁੱਗੀ ਨੇ ਆਪਣੇ ਆਲ੍ਹਣੇ 'ਚ ਬੈਠੇ ਦੇਖਿਆ ਕਿ ਇਕ ਵੱਡਾ ਸੱਪ ਟਾਹਲੀ 'ਤੇ ਚੜ੍ਹ ਕੇ ਕਾਂ ਦੇ ਬੱਚੇ ਖਾਣ ਨੂੰ ਤੇਜ਼ੀ ਨਾਲ ਵੱਧ ਰਿਹਾ ਹੈ। ਫਿਰ ਕੀ ਸੀ, ਘੁੱਗੀ ਨੇ ਸ਼ੋਰ ਪਾ-ਪਾ ਕੇ ਸਾਰੇ ਪੰਛੀ ਇਕੱਠੇ ਕਰ ਲਏ।

ਸਾਰੇ ਪੰਛੀਆਂ ਨੇ ਮਿਲ ਕੇ ਸੱਪ ਨੂੰ ਮਾਰ ਦਿੱਤਾ। ਵਾਪਸ ਆਉਣ 'ਤੇ ਕਾਂ ਨੂੰ ਜਦ ਸਾਰੀ ਗੱਲ ਦਾ ਪਤਾ ਲੱਗਾ ਕਿ ਘੁੱਗੀ ਨੇ ਮੇਰੇ ਬੱਚਿਆਂ ਦੀ ਜਾਨ ਬਚਾਈ ਹੈ ਤਾਂ ਉਹ ਬਹੁਤ ਹੀ ਸ਼ਰਮਿੰਦਾ ਹੋਇਆ। ਹੁਣ ਉਹ ਘੁੱਗੀ ਅੱਗੇ ਬੈਠਾ ਆਪਣੇ ਕੀਤੇ ਮਾੜੇ ਕੰਮ ਦੀ ਮਾਫ਼ੀ ਮੰਗ ਰਿਹਾ ਸੀ। •



## ਅਨੋਖੀ ਪ੍ਰਜਾਤੀ

*ਬੱਚਿਓ! ਇਸ ਵਾਰ ਅਸੀਂ ਤੁਹਾਨੂੰ ਬਾਂਦਰ ਦੀ ਇਕ ਅਨੋਖੀ ਪ੍ਰਜਾਤੀ ਬਾਰੇ ਦੱਸ ਰਹੇ ਹਾਂ। ਇਸ ਦਾ ਨਾਂ ਹੈ ਨਾਈਟ ਮੰਕੀ। ਇਹ ਬਾਂਦਰ ਦਿਨ 'ਚ ਸੌਂਦੇ ਹਨ ਅਤੇ ਰਾਤ ਨੂੰ ਭੋਜਨ ਦੀ ਤਲਾਸ਼ 'ਚ ਨਿਕਲਦੇ ਹਨ। ਆਓ, ਜਾਣੀਏ ਨਾਈਟ ਮੰਕੀ ਦੀਆਂ ਵਿਸ਼ੇਸ਼ਤਾਵਾਂ ਬਾਰੇ...*



# ਨਾਈਟ ਮੰਕੀ

- ਨਾਈਟ ਮੰਕੀ ਦਾ ਵਿਗਿਆਨਕ ਨਾਂ ਆਓਟਸ ਹੈ। ਇਹ ਮੱਧ ਅਤੇ ਦੱਖਣੀ ਅਮਰੀਕਾ 'ਚ ਪਾਏ ਜਾਂਦੇ ਹਨ। ਇਨ੍ਹਾਂ ਦੀਆਂ ਕੁਲ 10 ਪ੍ਰਜਾਤੀਆਂ ਹਨ। ਇਸ ਨੂੰ ਆਊਲ ਮੰਕੀ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਹੈ।
- ਇਸ ਦੇ ਸਰੀਰ ਦੀ ਕੁਲ ਲੰਬਾਈ 12 ਤੋਂ 16.5 ਇੰਚ ਤਕ ਹੁੰਦੀ ਹੈ। ਸਰੀਰ ਦਾ ਭਾਰ ਲਗਪਗ ਇਕ ਕਿੱਲੋਗ੍ਰਾਮ ਹੁੰਦਾ ਹੈ। ਨਰ ਅਤੇ ਮਾਦਾ ਦਾ ਭਾਰ ਲਗਪਗ ਬਰਾਬਰ ਹੁੰਦਾ ਹੈ।
- ਨਾਈਟ ਮੰਕੀ ਅਜਿਹੇ ਬਾਂਦਰ ਹਨ, ਜੋ ਰਾਤ ਸਮੇਂ ਸੁਚੇਤ ਰਹਿੰਦੇ ਹਨ ਅਤੇ ਦਿਨ ਸਮੇਂ ਦਰੱਖ਼ਤਾਂ 'ਤੇ ਇਕੱਠੇ ਹੋ ਕੇ ਆਰਾਮ ਕਰਦੇ ਹਨ। ਇਹ ਹਮੇਸ਼ਾ ਝੁੰਡਾਂ 'ਚ ਹੀ ਸੌਂਦੇ ਹਨ।
- ਇਨ੍ਹਾਂ ਦੇ ਸਰੀਰ ਦੇ ਪਿੱਛੇ ਭੂਰੇ ਫਰ ਹੁੰਦੇ ਹਨ। ਅੱਖਾਂ ਆਕਾਰ 'ਚ ਵੱਡੀਆਂ ਅਤੇ ਭੂਰੇ ਰੰਗ ਦੀਆਂ ਹੁੰਦੀਆਂ ਹਨ।
- ਇਨ੍ਹਾਂ ਦੀ ਲੰਬੀ ਅਤੇ ਸੰਘਣੇ ਵਾਲ਼ਾਂ ਵਾਲੀ ਪੂਛ ਹੁੰਦੀ ਹੈ। ਪੂਛ ਦੇ ਵਾਲ਼ਾਂ ਦਾ ਰੰਗ ਕਾਲਾ ਹੁੰਦਾ ਹੈ। ਪੂਛ ਦੀ ਮਦਦ ਨਾਲ ਇਹ ਆਸਾਨੀ ਨਾਲ ਦਰੱਖ਼ਤ 'ਤੇ ਸੰਤੁਲਨ ਬਣਾਉਂਦਾ ਹੈ। •

# ਨਵਾਂ ਅਧਿਆਪਕ ਰੋਬੋਟ ਏਲੀਅਨ

***ਤੁਹਾਨੂੰ ਜਾਣ ਕੇ ਅਜੀਬ ਲੱਗ ਰਿਹਾ ਹੋਵੇਗਾ ਕਿ ਇਕ ਰੋਬੋਟ ਅਧਿਆਪਕ ਕਿਵੇਂ ਹੋ ਸਕਦਾ ਹੈ। ਕੀ ਪਤਾ ਤੁਹਾਨੂੰ ਵੀ ਇਕ ਦਿਨ ਰੋਬੋਟ ਅਧਿਆਪਕ ਤੋਂ ਪੜ੍ਹਨ ਦਾ ਮੌਕਾ ਮਿਲ ਜਾਵੇ। ਦਰਅਸਲ ਇਸ 'ਤੇ ਵੀ ਕਈ ਪ੍ਰਾਜੈਕਟ ਚੱਲ ਰਹੇ ਹਨ...***



ਏਲੀਅਨਜ਼ ਨਾਂ ਦਾ ਇਕ ਉਹ ਰੋਬੋਟ ਅਧਿਆਪਕ ਦੇ ਰੂਪ 'ਚ ਬੱਚਿਆਂ ਨੂੰ ਪੜ੍ਹਾਵੇਗਾ। ਉਹ ਬੱਚਿਆਂ ਦੇ ਸਵਾਲਾਂ ਦੇ ਜਵਾਬ ਵੀ ਦੇਵੇਗਾ।

### 23 ਭਾਸ਼ਾਵਾਂ ਦਾ ਗਿਆਨ

ਇਸ ਰੋਬੋਟ ਨੂੰ 23 ਭਾਸ਼ਾਵਾਂ ਦਾ ਗਿਆਨ ਅਤੇ ਸਮਝ ਹੋ ਸਕਦੀ ਹੈ ਤੇ ਇਸ ਦੇ ਨਾਲ ਹੀ ਇਸ ਅੰਦਰ ਲੱਗਿਆ ਸਾਫਟਵੇਅਰ ਬੱਚਿਆਂ ਦੀਆਂ ਜ਼ਰੂਰਤਾਂ ਬਾਰੇ ਦੱਸ ਸਕੇਗਾ। ਬੱਚਿਆਂ ਨੂੰ ਪੜ੍ਹਾਈ ਪ੍ਰਤੀ ਉਤਸ਼ਾਹਿਤ ਕਰਨ ਵੀ ਇਸ ਰੋਬੋਟ ਅਧਿਆਪਕ ਦਾ ਅਹਿਮ ਕੰਮ ਹੋਵੇਗਾ। ਸ਼ੁਰੂਆਤੀ ਸਮੇਂ 'ਚ ਇਹ ਅੰਗਰੇਜ਼ੀ, ਜਰਮਨ ਅਤੇ ਸਪੈਨਿਸ਼ ਭਾਸ਼ਾ 'ਚ ਬੋਲ ਸਕਦਾ ਹੈ।

### ਰਿਪੋਰਟ ਕਾਰਡ

ਇਸ ਰੋਬੋਟ ਦੀ ਖ਼ਾਸ ਗੱਲ ਇਹ ਹੈ ਕਿ ਇਹ ਬੱਚਿਆਂ ਦੀ ਪ੍ਰਤਿਭਾ ਅਤੇ ਹੁਨਰ ਨੂੰ ਪਛਾਣ ਕੇ ਸਵਾਲ ਪੁੱਛ ਸਕਦਾ ਹੈ ਤੇ ਨਾਲ ਹੀ ਅਧਿਆਪਕਾਂ ਨੂੰ ਬੱਚਿਆਂ ਦੀ ਪਰਫਾਰਮੈਂਸ ਦੀ ਫੀਡਬੈਕ ਵੀ ਦੇ ਸਕਦਾ ਹੈ।

ਰੋਬੋਟ ਦੁਆਰਾ ਤਿਆਰ ਕੀਤਾ ਰਿਪੋਰਟ ਕਾਰਡ ਬੱਚਿਆਂ ਦੀ ਮਾਨਸਿਕ ਤੇ ਸਰੀਰਿਕ ਸਮਰੱਥਾ ਨੂੰ ਧਿਆਨ 'ਚ ਰੱਖ ਕੇ ਤਿਆਰ ਕੀਤਾ ਜਾਵੇਗਾ। ਇਹੀ ਨਹੀਂ ਬਲਕਿ ਇਸ ਤੋਂ ਇਲਾਵਾ ਬੱਚਿਆਂ ਦੇ ਦੋਸਤ ਦੇ ਰੂਪ 'ਚ ਵੀ ਇਹ ਰੋਬੋਟ ਤਿਆਰ ਹੋਵੇਗਾ।

ਹਾਲਾਂਕਿ ਇਸ ਦੇ ਨਾਂ ਅਤੇ ਕੰਮ ਬਾਰੇ ਖੋਜ ਕਾਰਜ ਹੋ ਰਹੇ ਹਨ। ਮਾਹਿਰਾਂ ਅਨੁਸਾਰ ਇਸ ਦੀ ਵਰਤੋਂ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਕੀਤੀ ਜਾਵੇਗੀ। •

## ਬਾਲ ਕੈਨਵਸ



**ਰੰਜਨ**
ਜਮਾਤ : ਪੰਜਵੀ, ਸੰਸਕ੍ਰਿਤੀ ਕੇ.ਐੱਮ.ਵੀ ਸਕੂਲ, ਜਲੰਧਰ।





**ਜਸਮੀਤ**
ਜਮਾਤ : ਦੱਸਵੀ
ਗੁਰੂ ਨਾਨਕ ਡੀ.ਏ.ਵੀ ਪਬਲਿਕ ਸਕੂਲ, ਬਠਿੰਡਾ।



**ਜਸ਼ਨਪ੍ਰੀਤ**
ਜਮਾਤ : ਅੱਠਵੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਸਮਾਓਂ।



**ਤਮੰਨਾ**
ਜਮਾਤ : ਛੇਵੀ
ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।



**ਸੰਤੋਸ਼**
ਜਮਾਤ : ਛੇਵੀ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕੀਰਤਪੁਰ।

# ਅਤੀਤ ਦੇ ਪਰਛਾਵੇਂ- ਯਾਦਾਂ ਦੀ ਗਲੀ 'ਚ ਫੇਰਾ

ਜਦੋਂ 15 ਅਗਸਤ 1947 ਨੂੰ ਦੇਸ਼ ਵੰਡ ਕਾਰਨ ਨਵਾਂ ਮੁਲਕ ਪਾਕਿਸਤਾਨ ਬਣਿਆ ਤਾਂ ਮੇਰੀ ਉਮਰ ਮਹਿਜ਼ ਸੱਤ-ਅੱਠ ਸਾਲ ਸੀ। ਪਾਕਿਸਤਾਨ ਬਣਦਿਆਂ ਹੀ ਰਾਵਲਪਿੰਡੀ ਵੱਲ ਦੇ ਮੁਸਲਮਾਨਾਂ ਨੇ ਹਿੰਦੂਆਂ ਅਤੇ ਸਿੱਖਾਂ 'ਤੇ ਹਮਲੇ ਕਰਨੇ



ਸ਼ੁਰੂ ਕਰ ਦਿੱਤੇ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰਿਆਂ ਨੂੰ ਮਾਰ ਮੁਕਾਇਆ। ਰਾਵਲਪਿੰਡੀ ਵੱਲ ਦੰਗੇ ਸ਼ੁਰੂ ਹੋਣ 'ਤੇ ਕਈ ਸਿੱਖ ਪਰਿਵਾਰ ਇਹ ਸੋਚ ਕੇ ਨਨਕਾਣਾ ਸਾਹਿਬ ਵੱਲ ਚਲੇ ਗਏ ਕਿ ਇਹ ਭਾਰਤ ਵਿੱਚ ਹੀ ਰਹੇਗਾ, ਸੋ ਉੱਥੇ ਰਹਿਣਾ ਸੁਰੱਖਿਅਤ ਹੋਵੇਗਾ। ਪਰ ਛੇਤੀ ਹੀ ਨਨਕਾਣਾ ਸਾਹਿਬ ਅਤੇ ਇਸ ਨੇੜਲੀਆਂ ਹੋਰ ਥਾਵਾਂ 'ਤੇ ਵੀ ਤਣਾਅ ਵਧਣ ਲੱਗਿਆ। ਗੁਰੂ ਨਾਨਕ ਦੇਵ ਜੀ ਦਾ ਜਨਮ ਅਸਥਾਨ ਨਨਕਾਣਾ ਸਾਹਿਬ ਉਸ ਸਮੇਂ ਤਹਿਸੀਲ ਹੈੱਡਕੁਆਰਟਰ ਸੀ ਜੋ ਜ਼ਿਲ੍ਹਾ ਸ਼ੇਖ਼ੂਪੁਰਾ ਵਿੱਚ ਪੈਂਦਾ ਸੀ। ਹੁਣ ਪਾਕਿਸਤਾਨ ਸਰਕਾਰ ਨੇ ਨਨਕਾਣਾ ਸਾਹਿਬ ਨੂੰ ਜ਼ਿਲ੍ਹੇ ਦਾ ਦਰਜਾ ਦੇ ਦਿੱਤਾ ਹੈ। ਸ਼ੇਖ਼ੂਪੁਰੇ 'ਤੇ ਪਹਿਲਾ ਹਮਲਾ ਮੁਸਲਮਾਨਾਂ ਨੇ ਕੀਤਾ। ਉਨ੍ਹਾਂ ਨੇ ਤਕਰੀਬਨ ਸਾਰਾ ਸ਼ਹਿਰ ਸਾੜ ਦਿੱਤਾ ਅਤੇ ਵੱਡੀ ਗਿਣਤੀ ਹਿੰਦੂਆਂ ਤੇ ਸਿੱਖਾਂ ਨੂੰ ਮਾਰ ਮੁਕਾਇਆ। ਸ਼ੇਖ਼ੂਪੁਰੇ ਵਿੱਚ ਵਾਪਰੀਆਂ ਘਟਨਾਵਾਂ ਕਾਰਨ ਨਨਕਾਣਾ ਸਾਹਿਬ ਦੇ ਵਾਸੀ ਵੀ ਖ਼ੌਫ਼ਜ਼ਦਾ ਹੋ ਗਏ ਅਤੇ ਕਈ ਪਰਿਵਾਰਾਂ ਨੇ ਸੁਰੱਖਿਆ ਖ਼ਾਤਰ ਗੁਰਦੁਆਰੇ ਨੂੰ ਆਪਣਾ ਟਿਕਾਣਾ ਬਣਾ ਲਿਆ। ਸਾਡਾ ਘਰ ਜੀਟੀ ਰੋਡ 'ਤੇ ਸੀ ਜੋ ਕਾਫ਼ੀ ਵੱਡਾ ਸੀ। ਸਾਡਾ ਪਰਿਵਾਰ ਨਨਕਾਣਾ ਸਾਹਿਬ ਦੇ ਉੱਘੇ ਪਰਿਵਾਰਾਂ ਵਿੱਚੋਂ ਇੱਕ ਸੀ। ਹੋਰ ਇਲਾਕਿਆਂ ਤੋਂ ਹਿੰਦੂਆਂ ਅਤੇ ਸਿੱਖਾਂ ਦੇ ਇਸ ਸ਼ਹਿਰ ਵਿੱਚ ਆਉਣਾ ਸ਼ੁਰੂ ਹੋਣ ਕਾਰਨ ਇਸ ਨੂੰ ਫ਼ੌਜ ਦੀਆਂ ਬਲੋਚ ਯੂਨਿਟਾਂ ਦੇ ਕੰਟਰੋਲ ਹੇਠ ਲਿਆਂਦਾ ਗਿਆ।

ਉੱਥੋਂ ਦੇ ਵਾਸੀ ਡਰ ਦੇ ਸਾਏ ਹੇਠ ਜੀਅ ਰਹੇ ਸਨ ਅਤੇ ਕਿਸੇ ਵੇਲੇ ਵੀ ਹਮਲਾ ਹੋਣ ਦਾ ਸ਼ੱਕ ਸੀ। ਸੋ ਸਾਡੇ ਪਰਿਵਾਰ ਨੇ ਆਤਮ-ਰੱਖਿਆ ਲਈ ਕਦਮ ਚੁੱਕੇ। ਸਾਡਾ ਘਰ ਮੁੱਖ ਸੜਕ 'ਤੇ ਹੋਣ ਕਾਰਨ ਪਰਿਵਾਰ ਨੇ ਛੱਤ ਉੱਤੇ ਕਾਫ਼ੀ ਸਾਰੇ ਇੱਟਾਂ ਰੋੜੇ ਅਤੇ ਸੋਟੀਆਂ ਇਕੱਠੀਆਂ ਕਰ ਲਈਆਂ। ਪਿੰਡਾਂ ਵਾਲੇ ਸਾਡੇ ਰਿਸ਼ਤੇਦਾਰ ਵੀ ਸਾਡੇ ਘਰ ਪੁੱਜ ਗਏ ਸਨ। ਸਾਡੀ ਦਾਦੀ ਬਹੁਤ ਬਹਾਦਰ ਅਤੇ ਨਿਧੜਕ ਔਰਤ ਸੀ। ਉਹ ਭਾਰੀ ਜਿਹੀ ਡਾਂਗ ਫੜ ਕੇ ਘਰ ਦੇ ਗੇਟ ਦੀ ਚੌਕੀਦਾਰੀ ਕਰਦੀ ਸੀ। ਉਸ ਨੇ ਘਰ ਦੀਆਂ ਸਾਰੀਆਂ ਔਰਤਾਂ ਨੂੰ ਹੁਕਮ ਦਿੱਤਾ ਸੀ ਕਿ ਮੁਸਲਮਾਨਾਂ ਵੱਲੋਂ ਹਮਲੇ ਦੀ ਸੂਰਤ ਵਿੱਚ ਉਹ ਉਨ੍ਹਾਂ ਦੇ ਹੱਥ ਆਉਣ ਦੀ ਥਾਂ ਖ਼ੁਦ ਨੂੰ ਬਚਾਉਣ ਲਈ ਸਾਡੇ ਘਰ ਵਿਚਲੇ ਖੂਹ ਵਿੱਚ ਛਾਲਾਂ ਮਾਰ ਦੇਣ। ਘਰ ਦੇ ਗੇਟ ਅੱਗੇ ਲੋਕਾਂ, ਖ਼ਾਸਕਰ ਮੁਸਲਮਾਨਾਂ ਅਤੇ ਫ਼ੌਜੀਆਂ, ਦੀ ਹਿਲਜੁਲ 'ਤੇ ਨਜ਼ਰ ਰੱਖਣ ਲਈ ਇੱਕ ਵੱਡਾ ਸਾਰਾ ਬਲਬ ਲਾਇਆ ਹੋਇਆ ਸੀ। ਮੇਰੇ ਵਰਗੇ ਛੋਟੇ ਬੱਚਿਆਂ ਨੂੰ ਦੋ ਦੋ ਕੁੜਤੇ ਪਜਾਮੇ ਪਹਿਨਾਏ ਜਾਂਦੇ ਸਨ ਅਤੇ ਪਰਿਵਾਰ ਨਾਲੋਂ ਵਿਛੜਨ ਦੀ ਸੂਰਤ ਵਿੱਚ ਆਪਣਾ ਪੇਟ ਭਰਨ ਲਈ ਹਰ ਇੱਕ ਨੂੰ ਸੌ ਸੌ ਰੁਪਏ ਦਿੱਤੇ ਗਏ ਸਨ।

ਇੱਕ ਰਾਤ ਯੋਜਨਾ ਬਣਾ ਕੇ ਵੱਡੀ ਗਿਣਤੀ ਮੁਸਲਮਾਨ ਨਨਕਾਣਾ ਸਾਹਿਬ ਦੇ ਬਾਹਰਵਾਰ ਇਕੱਠੇ ਹੋ ਗਏ ਤਾਂ ਜੋ ਬਲੋਚ ਫ਼ੌਜੀਆਂ ਵੱਲੋਂ ਇਸ਼ਾਰਾ ਮਿਲਦੇ ਹੀ ਹਮਲਾ ਕਰ ਦੇਣ। ਇਹ ਹਮਲਾ ਹੋ ਨਾ ਸਕਿਆ ਜਿਵੇਂ ਗੁਰੂ ਨਾਨਕ ਦੇਵ ਜੀ ਨੇ ਆਪ ਹੱਥ ਦੇ ਕੇ ਨਨਕਾਣੇ ਦੇ ਬਾਸ਼ਿੰਦਿਆਂ ਨੂੰ ਬਚਾਇਆ ਹੋਵੇ। ਉਸ ਰਾਤ ਪਏ ਭਾਰੀ ਮੀਂਹ ਨੇ ਹਿੰਦੂਆਂ ਤੇ ਸਿੱਖਾਂ ਨੂੰ ਬਚਾ ਲਿਆ।

ਮੀਂਹ ਸ਼ੁਰੂ ਹੋਣ 'ਤੇ ਬਲੋਚ ਫ਼ੌਜੀ ਟਰੱਕ ਬਿਲਕੁਲ ਸਾਡੇ ਘਰ ਦੇ ਬਾਹਰ ਰੁਕਿਆ ਅਤੇ ਉਨ੍ਹਾਂ ਕਿਹਾ ਕਿ ਪੂਰੀ ਯੋਜਨਾ ਨਾਕਾਮ ਹੋ ਗਈ। ਕੋਠੇ 'ਤੇ ਬੈਠੇ ਪਰਿਵਾਰ ਦੇ ਬਜ਼ੁਰਗਾਂ ਨੇ ਇਹ ਗੱਲ ਸੁਣ ਲਈ। ਫ਼ੌਜੀ ਜਾਂਦੇ ਹੋਏ ਸਾਡੇ ਗੇਟ ਸਾਹਮਣੇ ਲਾਇਆ ਬਲਬ ਤੋੜ ਗਏ। ਅਗਲੀ ਸਵੇਰ ਨਨਕਾਣਾ ਸਾਹਿਬ ਦੇ ਤਹਿਸੀਲਦਾਰ ਨੇ ਮੇਰੇ ਪਿਤਾ ਨੂੰ ਬੁਲਾ ਕੇ ਕਿਹਾ, "ਬਾਵਾ ਜੀ, ਹੁਣ ਤੁਸੀਂ ਗੁਰਦੁਆਰੇ ਵਿੱਚ ਸ਼ਿਫਟ ਕਰ ਜਾਓ।" ਸੋ ਅਸੀਂ ਰਾਤ ਗੁਰਦੁਆਰਾ ਮਾਲਜੀ ਸਾਹਿਬ ਵਿੱਚ ਕੱਟਦੇ ਅਤੇ ਦਿਨ ਵੇਲੇ ਆਪਣੇ ਘਰ ਆ ਜਾਂਦੇ। ਇਹ ਪ੍ਰਕਿਰਿਆ ਕੁਝ ਦਿਨ ਚੱਲੀ। ਸਾਡਾ ਪਰਿਵਾਰ ਨਨਕਾਣਾ ਸਾਹਿਬ ਵਿੱਚੋਂ ਨਿਕਲਣ ਦਾ ਕੋਈ ਪ੍ਰਬੰਧ ਲੱਭ ਰਿਹਾ ਸੀ। ਇੱਕ ਦਿਨ ਦੋ ਫ਼ੌਜੀ ਟਰੱਕ ਆਏ। ਮੇਰੇ ਪਿਤਾ ਜੀ ਨੇ ਇੱਕ ਟਰੱਕ ਦੇ ਡਰਾਈਵਰ ਨਾਲ ਗੱਲ ਕਰਕੇ ਉਸ ਨੂੰ ਕੁਝ ਰੁਪਏ ਦੇਣ ਦੀ ਗੱਲ ਕਰਕੇ ਸਾਨੂੰ ਸਭ ਨੂੰ ਲਾਹੌਰ ਪਹੁੰਚਾਉਣ ਲਈ ਮਨਾ ਲਿਆ। ਅਸੀਂ ਸਾਰੇ ਪਰਿਵਾਰ ਟਰੱਕ ਵਿੱਚ ਬੈਠ ਗਏ ਅਤੇ ਕੁਝ ਸਾਮਾਨ ਵੀ ਲੱਦ ਲਿਆ। ਸਾਡੇ ਪਰਿਵਾਰ ਕੋਲ ਆਟੇ ਦੀਆਂ ਦੋ ਬੋਰੀਆਂ ਸਨ। ਮੇਰੇ ਮਾਸੜ ਜੀ ਨੇ ਹਾਲੇ ਬੋਰੀਆਂ ਟਰੱਕ ਵਿੱਚ ਰੱਖੀਆਂ ਹੀ ਸਨ ਕਿ ਉਨ੍ਹਾਂ ਦੇ ਹਾਲੇ ਟਰੱਕ ਵਿੱਚ ਨਾ ਚੜ੍ਹਨ ਦੇ ਬਾਵਜੂਦ ਡਰਾਈਵਰ ਨੇ ਟਰੱਕ ਤੋਰ ਲਿਆ। ਰੌਲਾ ਪਾਉਣ ਦੇ ਬਾਵਜੂਦ ਉਸ ਨੇ ਟਰੱਕ ਰੋਕਿਆ ਨਹੀਂ। ਵਿਚਾਰੇ ਮਾਸੜ ਜੀ ਨਨਕਾਣਾ ਸਾਹਿਬ ਵਿੱਚ ਹੀ ਰਹਿ ਗਏ। ਟਰੱਕ ਡਰਾਈਵਰ ਮੁਸਲਮਾਨ ਸੀ ਅਤੇ ਫ਼ੌਜੀ ਗਾਰਡ ਸਿੱਖ ਸੀ। ਨਨਕਾਣਾ ਸਾਹਿਬ ਵਿੱਚ ਸਾਡੀ ਆਟਾ ਚੱਕੀ ਸੀ। ਇੱਕ ਮਹੀਨਾ ਮੇਰੇ ਪਿਤਾ ਜੀ ਰਾਵਲਪਿੰਡੀ ਵੱਲੋਂ ਆਏ ਲੋਕਾਂ ਨੂੰ ਉੱਥੇ ਪਿਆ ਆਟਾ ਵੰਡਦੇ ਰਹੇ ਸਨ। ਲਾਹੌਰ ਜਾਂਦਿਆਂ ਡਰਾਈਵਰ ਨੇ ਟਰੱਕ ਰੋਕ ਲਿਆ ਅਤੇ ਹੋਰ ਪੈਸੇ ਮੰਗੇ ਜੋ ਮੇਰੇ ਪਿਤਾ ਜੀ ਨੇ ਦੇ ਦਿੱਤੇ। ਟਰੱਕ ਡਰਾਈਵਰ ਨੇ ਧਮਕੀ ਦਿੱਤੀ ਕਿ ਉਹ ਸਾਨੂੰ ਲਾਹੌਰ ਤਕ ਨਹੀਂ ਪਹੁੰਚਣ ਦੇਵੇਗਾ।

ਸਾਡੀ ਮਾੜੀ ਕਿਸਮਤ ਕਿ ਰਾਵੀ ਪਾਰ ਕਰਨ ਮਗਰੋਂ ਲਾਹੌਰ ਵਿੱਚ ਦਾਖ਼ਲ ਹੁੰਦਿਆਂ ਹੀ ਟਰੱਕ ਦਾ ਡੀਜ਼ਲ ਮੁੱਕ ਗਿਆ। ਅਸੀਂ ਪਰਮਾਤਮਾ ਦੇ ਰਹਿਮ 'ਤੇ ਸਾਂ। ਸਾਡੀ ਕਿਸਮਤ ਵਿੱਚ ਜਿਊਣਾ ਲਿਖਿਆ ਸੀ। ਸਿੱਖ ਗਾਰਡ ਨੇ ਇੱਕ ਗੇਟ ਅੱਗੇ ਇੱਕ ਗੋਰਖਾ ਗਾਰਡ ਨੂੰ ਖੜ੍ਹਾ ਦੇਖਿਆ ਜੋ ਗੋਰਖਾ ਫ਼ੌਜ ਦਾ ਕੈਂਪ ਸੀ। ਉਹ ਤੁਰੰਤ ਗੋਰਖੇ ਵੱਲ ਨੱਸਿਆ ਅਤੇ ਉਸ ਨੂੰ ਸਾਰੀ ਵਿਥਿਆ ਸੁਣਾਈ। ਗੋਰਖਿਆਂ ਦੀ ਮਦਦ ਨਾਲ ਟਰੱਕ ਨੂੰ ਗੋਰਖਾ ਕੈਂਪ ਵਿੱਚ ਲਿਜਾਇਆ ਗਿਆ ਅਤੇ ਗੋਰਖਿਆਂ ਨੇ ਸਾਨੂੰ ਸੁਰੱਖਿਆ ਛੱਤਰੀ ਮੁਹੱਈਆ ਕੀਤੀ। ਉਹ ਡੀਜ਼ਲ ਭਰ ਕੇ ਟਰੱਕ ਨੂੰ ਗੌਰਮਿੰਟ ਕਾਲਜ, ਲਾਹੌਰ ਵਿਚਲੇ ਰਫਿਊਜੀ ਕੈਂਪ ਵਿੱਚ ਲੈ ਗਏ ਜਿੱਥੇ ਅਸੀਂ ਤਿੰਨ ਦਿਨ ਰਹੇ। ਸਾਡੇ ਕੋਲ ਆਟੇ ਦੀਆਂ ਦੋ ਬੋਰੀਆਂ ਸਨ। ਸੋ ਅਸੀਂ ਖਾਣ ਲਈ ਰੋਟੀਆਂ ਬਣਾ ਸਕਦੇ ਸੀ ਅਤੇ ਕੈਂਪ ਵਿੱਚ ਹੋਰ ਲੋਕਾਂ ਨੂੰ ਵੀ ਆਟਾ ਦੇ ਦਿੱਤਾ।

ਤਿੰਨ ਦਿਨਾਂ ਮਗਰੋਂ ਰਫਿਊਜੀਆਂ ਨੂੰ ਲਾਹੌਰ ਕੈਂਪ ਵਿੱਚੋਂ ਲਿਜਾਣ ਲਈ ਅੰਮ੍ਰਿਤਸਰ ਤੋਂ ਕੁਝ ਬੱਸਾਂ ਆਈਆਂ। ਮੇਰੇ ਪਿਤਾ ਜੀ ਨੇ ਇੱਕ ਬੱਸ ਦੇਖੀ ਜੋ ਨਨਕਾਣਾ ਸਾਹਿਬ ਤੋਂ ਆਈ ਸੀ। ਉਨ੍ਹਾਂ ਨੇ ਡਰਾਈਵਰ ਨਾਲ ਸੰਪਰਕ ਕੀਤਾ ਜੋ ਸਾਨੂੰ ਉੱਥੋਂ ਅੰਮ੍ਰਿਤਸਰ ਲੈ ਆਇਆ। ਮੈਨੂੰ ਯਾਦ ਹੈ ਕਿ ਬੱਸ ਸਾਨੂੰ ਅੰਮ੍ਰਿਤਸਰ ਵਿੱਚ ਖੁੱਲ੍ਹੇ ਆਸਮਾਨ ਹੇਠ ਛੱਡ ਗਈ ਸੀ। ਅਸੀਂ ਭੁੱਖਣ ਭਾਣਿਆਂ ਨੇ ਸੜਕ 'ਤੇ ਰਾਤ ਕੱਟੀ। ਅਗਲੀ ਸਵੇਰ ਅਸੀਂ ਢਾਬ ਵਸਤੀ ਰਾਮ ਖੇਤਰ 'ਚ ਰਹਿੰਦੇ ਆਪਣੇ ਰਿਸ਼ਤੇਦਾਰਾਂ ਨਾਲ ਸੰਪਰਕ ਕੀਤਾ। ਉਹ ਆ ਕੇ ਸਾਨੂੰ ਆਪਣੇ ਨਾਲ ਲੈ ਗਏ ਅਤੇ ਅਸੀਂ ਇੱਕ ਹਫ਼ਤਾ ਉਨ੍ਹਾਂ ਦੇ ਘਰ ਰਹੇ। ਕਿਸੇ ਖੇਤਰ ਵਿੱਚ ਉਨ੍ਹਾਂ ਦਾ ਇੱਕ ਘਰ ਖਾਲੀ ਪਿਆ ਸੀ। ਉਨ੍ਹਾਂ ਨੇ ਸਾਨੂੰ ਉਹ ਘਰ ਰਹਿਣ ਲਈ ਦੇ ਦਿੱਤਾ। ਅਸੀਂ ਇੱਕ ਮਹੀਨਾ ਉੱਥੇ ਰਹੇ ਤੇ ਫਿਰ ਲੁਧਿਆਣੇ ਚਲੇ ਗਏ। ਰੇਲ ਗੱਡੀ ਰਾਹੀਂ ਅੰਮ੍ਰਿਤਸਰ ਤੋਂ ਲੁਧਿਆਣੇ ਜਾਂਦਿਆਂ ਦੇਖਿਆ ਕਿ ਗੱਡੀ ਦੀ ਲਾਈਨ ਨੁਕਸਾਨੀ ਹੋਈ ਸੀ ਅਤੇ ਹੜ੍ਹ ਦੇ ਪਾਣੀ ਵਿੱਚ ਲਾਸ਼ਾਂ ਤੈਰ ਰਹੀਆਂ ਸਨ। ਲੁਧਿਆਣੇ ਅਸੀਂ ਇੱਕ ਅਜਿਹੇ ਘਰ ਵਿੱਚ ਪੁੱਜੇ ਜਿੱਥੇ ਕੁਝ ਲੋਕ ਪਹਿਲਾਂ ਹੀ ਰਹਿ ਰਹੇ ਸਨ। ਸਾਨੂੰ ਵਰਾਂਡੇ ਵਿੱਚ ਹੀ ਥਾਂ ਮਿਲ ਸਕਦੀ ਸੀ। ਸਾਡਾ ਪਰਿਵਾਰ ਵੱਡਾ ਸੀ। ਹੌਲੀ ਹੌਲੀ ਸਾਰੇ ਉਸ ਘਰ ਵਿੱਚੋਂ ਜਾ ਕੇ ਵੱਖੋ ਵੱਖਰੇ ਤੌਰ 'ਤੇ ਹੋਰ ਥਾਵਾਂ ਉੱਤੇ ਰਹਿਣ ਲੱਗੇ। ਹੁਣ ਘਰ ਚਲਾਉਣ ਦਾ ਮਸਲਾ ਸਭ ਤੋਂ ਵੱਡਾ ਸੀ ਕਿਉਂਕਿ ਅਸੀਂ ਰਾਜੇ ਤੋਂ ਰੰਕ ਬਣ ਗਏ ਸਾਂ। ਅਸੀਂ ਇੱਕ ਹੌਜ਼ਰੀ ਮਿੱਲ ਵਿੱਚ ਨੌਕਰੀ ਕਰ ਕੇ ਕੁਝ ਪੈਸੇ ਕਮਾਉਣ ਲੱਗੇ। ਸਾਡੇ ਪਿਤਾ ਜੀ ਆਪਣਾ ਕੰਮ ਸ਼ੁਰੂ ਕਰਨ ਦਾ ਮੌਕਾ ਲੱਭ ਰਹੇ ਸਨ। ਉਨ੍ਹਾਂ ਨੂੰ ਮਾਛੀਵਾੜੇ ਵਿੱਚ ਡੀਜ਼ਲ ਇੰਜਣ ਨਾਲ ਚੱਲਣ ਵਾਲੀ ਖਾਲੀ ਪਈ ਆਟਾ ਚੱਕੀ ਮਿਲ ਗਈ ਅਤੇ ਉਨ੍ਹਾਂ ਨੇ ਸਰਕਾਰ ਤੋਂ ਇਸ ਨੂੰ ਪਟੇ 'ਤੇ ਲੈ ਲਿਆ। ਸਥਾਨਕ ਚੱਕੀ ਮਾਲਕਾਂ ਵੱਲੋਂ ਦਿਖਾਈ ਗਈ ਨਫ਼ਰਤ ਦੇ ਬਾਵਜੂਦ ਪਿਤਾ ਜੀ ਨੇ ਹੌਸਲਾ ਨਹੀਂ ਹਾਰਿਆ। ਉਨ੍ਹਾਂ ਨੇ ਪਿਸਾਈ ਦੀ ਕੀਮਤ ਘੱਟ ਰੱਖੀ। ਮਾਛੀਵਾੜੇ ਆ ਕੇ ਵਸੇ ਸ਼ਰਨਾਰਥੀਆਂ ਨੇ ਵੀ ਤਿੰਨ ਚਾਰ ਸਾਲ ਉਨ੍ਹਾਂ ਦਾ ਪੂਰਾ ਸਾਥ ਦਿੱਤਾ। ਇਸ ਦੌਰਾਨ ਅਸੀਂ ਆਪਣੀ ਪੜ੍ਹਾਈ ਵੀ ਸ਼ੁਰੂ ਕਰ ਸਕਦੇ ਸੀ। ਸਾਡੇ ਮਾਸੜ ਜੀ ਨੂੰ ਲਿਆਉਣ ਲਈ ਸਾਡੇ ਪਿਤਾ ਜੀ ਨੂੰ ਵਾਪਸ ਨਨਕਾਣਾ ਸਾਹਿਬ ਜਾਣਾ ਪਿਆ ਅਤੇ ਉਹ ਆਪਣੇ ਮਿਸ਼ਨ ਵਿੱਚ ਕਾਮਯਾਬ ਵੀ ਹੋਏ। ਨਨਕਾਣਾ ਸਾਹਿਬ ਤੋਂ ਲਾਹੌਰ ਪਹੁੰਚਣ ਵੇਲੇ ਮੁਸਲਿਮ ਡਰਾਈਵਰ ਨੇ ਸਾਨੂੰ ਤੰਗ ਪ੍ਰੇਸ਼ਾਨ ਕੀਤਾ ਸੀ। ਇਸ ਲਈ ਉੱਥੇ ਅਫ਼ਵਾਹ ਫੈਲ ਗਈ ਸੀ ਕਿ ਲਾਹੌਰ ਵਿੱਚ ਸਾਰੇ ਬਾਵਾ ਪਰਿਵਾਰ ਨੂੰ ਲੁੱਟਣ ਮਗਰੋਂ ਕਤਲ ਕਰ ਦਿੱਤਾ ਗਿਆ। ਅੰਮ੍ਰਿਤਸਰ ਵਿੱਚ ਸਾਡੇ ਸਭ ਦੇ ਰਾਜ਼ੀ-ਖ਼ੁਸ਼ੀ ਹੋਣ ਬਾਰੇ ਪਤਾ ਲੱਗਣ 'ਤੇ ਉੱਥੋਂ ਦੇ ਲੋਕਾਂ ਨੇ ਸੁਖ ਦਾ ਸਾਹ ਲਿਆ। ਪਰਮਾਤਮਾ ਨੇ ਸਾਨੂੰ ਸਾਰੇ ਦੁੱਖਾਂ ਮੁਸੀਬਤਾਂ ਵਿੱਚੋਂ ਬਚਾ ਲਿਆ ਸੀ।

- ਕੇ.ਐੱਸ. ਚਾਵਲਾ

## ਆਈਲੈਂਡ ਆਫ ਡੈਡ, ਇੱਥੋਂ ਬਚ ਕੇ ਜਾਣਾ ਹੈ ਅਸੰਭਵ

**ਆਈਲੈਂਡ ਦਾ ਨਵਾਂ ਮਾਲਕ ਇੱਥੇ ਆਪਣੇ ਪਰਿਵਾਰ ਦੇ ਨਾਲ ਰਹਿਣ ਲੱਗਿਅ। ਇੱਕ ਦਿਨ ਇਸ ਆਈਲੈਂਡ ਦੇ ਮਾਲਕ ਦੀ ਲੜਕੀ ਦੇ ਮੂੰਹ ਤੇ ਕਿਸੇ ਨੇ ਕੱਟ ਲਿਆ....**



ਆਈਲੈਂਡ ਆਫ ਡੈਡ ਦੇ ਨਾਂ ਨਾਲ ਮਸ਼ਹੂਰ ਇਟਲੀ ਦਾ ਇੱਕ ਅਜਿਹਾ ਆਈਲੈਂਡ ਹੈ, ਜਿੱਥੇ ਕੋਈ ਇੱਕ ਵਾਰ ਚਲਾ ਗਿਆ ਤਾਂ ਫਿਰ ਉਸਦਾ ਜਿੰਦਾ ਬਚਣਾ ਮੁਸ਼ਕਿਲ ਹੈ। ਇਟਲੀ ਦੇ ਪ੍ਰੋਵੇਲਿੰਗਯਾ ਆਈਲੈਂਡ 'ਤੇ 1922 ਵਿੱਚ ਮੈਂਟਲ ਹਸਪਤਾਲ ਬਣਾਇਆ ਗਿਆ ਸੀ। ਪਰ ਇਸ ਹਸਪਤਾਲ ਵਿੱਚ ਕੰਮ ਕਰਨ ਵਾਲੇ ਡਾਕਟਰ ਅਤੇ ਨਰਸਾਂ ਦੇ ਮੁਤਾਬਕ ਕੁਝ ਅਜੀਬ ਚੀਜ਼ਾਂ ਨਜ਼ਰ ਆਉਂਦੀਆਂ ਰਹਿੰਦੀਆਂ ਸਨ, ਜਿਸ ਦੇ ਕਾਰਨ ਇਸ ਹਸਪਤਾਲ ਨੂੰ ਬੰਦ ਕਰ ਦਿੱਤਾ ਗਿਆ। ਕਈ ਸਾਲਾਂ ਤੱਕ ਇਹ ਹਸਪਤਾਲ ਵੀਰਾਨ ਪਿਆ ਰਿਹਾ। ਆਫਟ੍ਰੈਕਪਲੇਨੇਟ ਡਾਟ ਕਾਮ ਦੇ ਮੁਤਾਬਕ 1950 ਵਿੱਚ ਇਟਲੀ ਦੀ ਸਰਕਾਰ ਨੇ ਇਸ ਆਈਲੈਂਡ ਨੂੰ ਕਿਸੇ ਨੂੰ ਵੇਚ ਦਿੱਤਾ। ਆਈਲੈਂਡ ਦਾ ਨਵਾਂ ਮਾਲਕ ਇੱਥੇ ਆਪਣੇ ਪਰਿਵਾਰ ਦੇ ਨਾਲ ਰਹਿਣ ਲੱਗਿਅ। ਇੱਕ ਦਿਨ ਇਸ ਆਈਲੈਂਡ ਦੇ ਮਾਲਕ ਦੀ ਲੜਕੀ ਦੇ ਮੂੰਹ ਤੇ ਕਿਸੇ ਨੇ ਕੱਟ ਲਿਆ, ਜਿਸ ਕਰਕੇ ਸਰਜਰੀ ਦੇ ਵਕਤ ਉਸਦੇ ਮੂੰਹ ਤੇ 14 ਟਾਂਕੇ ਲਗਾਉਣੇ ਪਏ।

ਲਗਾਤਰ ਹੋ ਰਹੀਆਂ ਉਲਟ ਪ੍ਰਸਥਿਤੀਆਂ ਦੇ ਕਾਰਨ ਸਰਕਾਰ ਨੇ ਲੋਕਾਂ ਦੇ ਇਸ ਆਈਲੈਂਡ 'ਤੇ ਜਾਣਾ ਬੈਨ ਕਰ ਦਿੱਤਾ। 120 ਸਾਲ ਪਹਿਲਾਂ ਇਸ ਜਗ੍ਹਾ ਦੀ ਵਰਤੋਂ ਪਲੇਗ ਗ੍ਰਸਤ ਲੋਕਾਂ ਦੇ ਲਈ ਕੀਤੀ ਜਾਂਦੀ ਸੀ। ਪਲੇਗ ਦੇ ਮਰੀਜ਼ਾਂ ਨੂੰ ਇੱਥੇ ਛੱਡ ਦਿੱਤਾ ਜਾਂਦਾ ਸੀ, ਜਿਸ ਕਾਰਨ ਹੋਰ ਲੋਕਾਂ ਤੱਕ ਇਹ ਇਨਫੈਕਸ਼ਨ ਨਹੀਂ ਫੈਲ ਸਕਦਾ ਸੀ। ਇਸ ਤੋਂ ਬਾਅਦ ਹੋਰ ਭਿਆਨਕ ਬਿਮਾਰੀਆਂ ਦੇ ਲਈ ਵੀ ਇਸ ਜਗ੍ਹਾ ਦੀ ਵਰਤੋਂ ਕੀਤੀ ਜਾਂਦੀ ਰਹੀ। ਇਹਨਾਂ ਬਿਮਾਰੀਆਂ ਕਾਰਨ ਮਰ ਜਾਣ ਤੋਂ ਬਾਅਦ ਵੀ ਲੋਕਾਂ ਨੂੰ ਇੱਥੇ ਦਫਨਾ ਦਿੱਤਾ ਜਾਂਦਾ ਸੀ। ਜਦੋਂ ਇੱਥੇ ਮਰੀਜ਼ਾਂ ਦੀ ਗਿਣਤੀ 1 ਲੱਖ 6 ਹਜ਼ਾਰ ਤੱਕ ਪਹੁੰਚ ਗਈ ਤਾਂ ਉਹਨਾਂ ਨੂੰ ਜਿੰਦਾ ਜਲਾ ਦਿੱਤਾ ਗਿਆ। ਇਸ ਤੋਂ ਬਾਅਦ ਇਸ ਥਾਂ ਨੂੰ ਇਨਕੈਸ਼ਨ ਗ੍ਰਸਤ ਮੰਨਿਆ ਗਿਆ ਅਤੇ ਇੱਥੇ ਕਿਸੇ ਦੀ ਜਾਣਾ ਬੈਨ ਹੈ।

# ਲੁਕਿਆ ਸਵਰਗ ਹੈ ਸਿੱਕਿਮ



ਭਾਰਤ ਦੇ ਹਿਮਾਲਿਆ ਵਿੱਚ ਵਸੇ ਸੂਬਿਆਂ ਵਿੱਚੋਂ ਇੱਕ ਹੈ ਸਿੱਕਿਮ। ਪਹਾੜੀਆਂ ਵਿੱਚ ਵਸਿਆ ਇਹ ਰਾਜ ਭਾਰਤ ਦਾ ਦੂਜਾ ਸਭ ਤੋਂ ਛੋਟਾ ਸੂਬਾ ਹੈ। ਮਹਿਜ਼ ਚਾਰ ਜ਼ਿਲ੍ਹਿਆਂ ਵਾਲੇ ਇਸ ਰਾਜ ਦੀਆਂ ਹੱਦਾਂ ਨੇਪਾਲ, ਭੂਟਾਨ ਅਤੇ ਚੀਨ ਨਾਲ ਲੱਗਦੀਆਂ ਹਨ। ਭਾਰਤ ਦੀ ਸਭ ਤੋਂ ਉੱਚੀ ਚੋਟੀ ਕੰਚਨਜੰਗਾ ਸਿੱਕਿਮ ਨੇਪਾਲ ਸਰਹੱਦ 'ਤੇ ਹੈ। 8,586 ਮੀਟਰ ਉਚਾਈ ਵਾਲੀ ਕੰਚਨਜੰਗਾ ਸੰਸਾਰ ਦੀ ਤੀਜੀ ਸਭ ਤੋਂ ਉੱਚੀ ਚੋਟੀ ਹੈ। ਦੁਨੀਆਂ ਦੀ ਸਭ ਤੋਂ ਉੱਚੀ ਝੀਲ ਗੁਰੂਡਾਂਗਮਾਰ (5,430 ਮੀਟਰ) ਵੀ ਭਾਰਤ ਦੇ ਇਸੇ ਸੂਬੇ ਵਿੱਚ ਹੈ। ਇੱਥੋਂ ਦੀ ਸੁੰਦਰਤਾ ਦੇਖਣ ਲਈ ਦੁਨੀਆਂ ਦੇ ਕੋਨੇ ਕੋਨੇ ਤੋਂ ਲੋਕ ਇੱਥੇ ਘੁੰਮਣ ਆਉਂਦੇ ਹਨ। ਇੱਥੋਂ ਦੀ ਕੁਦਰਤੀ ਸੁੰਦਰਤਾ ਦਾ ਆਨੰਦ ਮਾਣਨ ਦਾ ਵਧੀਆ ਸਮਾਂ ਮਾਰਚ ਤੋਂ ਜੂਨ ਅਤੇ ਸਤੰਬਰ ਤੋਂ ਅਕਤੂਬਰ ਹੈ ਕਿਉਂਕਿ ਸਰਦੀਆਂ ਵਿੱਚ ਜ਼ਿਆਦਾ ਬਰਫ਼ਬਾਰੀ ਅਤੇ ਬਰਸਾਤ ਵਿੱਚ ਜ਼ਿਆਦਾ ਵਰਖਾ ਕਾਰਨ ਰਸਤੇ ਬੰਦ ਹੋਣ ਦਾ ਡਰ ਬਣਿਆ ਰਹਿੰਦਾ ਹੈ। ਰੇਲ ਰਾਹੀਂ ਇੱਥੇ ਜਾਣ ਲਈ ਪੱਛਮੀ ਬੰਗਾਲ ਦੇ ਸਿਲੀਗੁੜੀ ਜਾਂ ਨਿਊਜਲਪਾਈਗੁੜੀ ਰੇਲਵੇ ਸਟੇਸ਼ਨ 'ਤੇ ਉਤਰਨਾ ਪੈਂਦਾ ਹੈ। ਇਨ੍ਹਾਂ ਸਟੇਸ਼ਨਾਂ 'ਤੇ ਟਰੈਵਲ ਏਜੰਟਾਂ ਦੀਆਂ ਕਾਫ਼ੀ ਦੁਕਾਨਾਂ ਵੀ ਹਨ। ਗੰਗਟੋਕ ਤਕ ਇੱਥੋਂ ਅਗਲਾ 120 ਕਿਲੋਮੀਟਰ ਰਸਤਾ ਟੈਕਸੀ ਰਾਹੀਂ ਤੈਅ ਕਰਨਾ ਪੈਂਦਾ ਹੈ। ਗੰਗਟੋਕ: ਸਿੱਕਿਮ ਦੀ ਰਾਜਧਾਨੀ ਗੰਗਟੋਕ ਕਾਫ਼ੀ ਖ਼ੂਬਸੂਰਤ ਹੈ। ਇੱਥੇ ਕਾਫ਼ੀ ਸਫ਼ਾਈ ਹੈ। ਮੌਸਮ ਸੁਹਾਵਣਾ ਤੇ ਠੰਢਾ ਹੈ। ਬੱਚੇ ਤੋਂ ਬਜ਼ੁਰਗ ਤਕ ਦੇ ਹੱਥ ਵਿੱਚ ਫੜੀ ਛੱਤਰੀ ਇਸ ਗੱਲ ਦਾ ਸੰਕੇਤ ਹੈ ਕਿ ਮੀਂਹ ਕਿਸੇ ਵੇਲੇ ਵੀ ਆ ਸਕਦਾ ਹੈ। ਇੱਥੇ ਕਾਨੂੰਨ ਸਖ਼ਤ ਹੈ। ਰਸਤੇ ਵਿੱਚ ਰੁਕ ਕੇ ਪਿਸ਼ਾਬ ਕਰਨ, ਥੁੱਕਣ, ਸ਼ਰਾਬ ਪੀਣ ਜਾਂ ਗੰਦ ਪਾਉਣ ਵਾਲੇ ਨੂੰ ਫੜੇ ਜਾਣ 'ਤੇ 5,000 ਰੁਪਏ ਜੁਰਮਾਨਾ ਦੇਣਾ ਪੈਂਦਾ ਹੈ। ਗ਼ਲਤ ਪਾਰਕਿੰਗ 'ਤੇ ਜੁਰਮਾਨਾ ਹੋਣ ਕਰਕੇ ਇੱਥੇ ਜਾਮ ਨਹੀਂ ਲੱਗਦੇ। ਠੰਢਾ ਮੌਸਮ ਹੋਣ ਕਰਕੇ ਵਾਈਨ ਸ਼ੌਪਜ਼ ਦੀ ਗਿਣਤੀ ਬਹੁਤ ਜ਼ਿਆਦਾ ਹੈ ਜਿੱਥੇ ਸ਼ਰਾਬ ਦੀ ਖ਼ਰੀਦ ਵੇਚ ਔਰਤਾਂ ਦੁਆਰਾ ਵੀ ਕੀਤੀ ਜਾਂਦੀ ਹੈ। ਇੱਥੇ ਗਾਂਧੀ ਮਾਰਕੀਟ, ਹਨੂੰਮਾਨ ਟੋਕ, ਗਣੇਸ਼ ਟੋਕ, ਜ਼ੁਆਲੋਜੀਕਲ ਪਾਰਕ, ਫਲਾਵਰ ਸ਼ੋਅ, ਐਨਚੀ ਮੋਨੈਸਟਰੀ ਆਦਿ ਦੇਖਣ ਯੋਗ ਥਾਵਾਂ ਹਨ।


ਨਾਥੂਲਾ ਪਾਸ: ਗੰਗਟੋਕ ਤੋਂ 52 ਕਿਲੋਮੀਟਰ ਨਾਥੂਲਾ ਪਾਸ ਘੁੰਮਣ ਲਈ ਪਰਮਿਟ ਦੀ ਜ਼ਰੂਰਤ ਪੈਂਦੀ ਹੈ ਜੋ ਇੱਥੋਂ ਹੀ ਬਣ ਜਾਂਦਾ ਹੈ। ਨਾਥੁਲਾ ਪਾਸ ਭਾਰਤ ਚੀਨ ਬਾਰਡਰ ਉੱਤੇ ਸਮੁੰਦਰ ਤਲ ਤੋਂ 14,140 ਫੁੱਟ ਦੀ ਉਚਾਈ 'ਤੇ ਸਥਿਤ ਹੈ। ਰਸਤੇ ਵਿੱਚ ਹਰਿਆਲੀ ਭਰਪੂਰ ਪਹਾੜੀਆਂ ਤੇ ਝਰਨਿਆਂ ਦੇ ਮਨਮੋਹਕ ਦ੍ਰਿਸ਼ਾਂ ਦੇ ਨਾਲ ਨਾਲ ਬੱਦਲਾਂ ਵਿੱਚ ਵਿਚਰਨ ਦਾ ਅਹਿਸਾਸ ਹੁੰਦਾ ਹੈ। ਸੁੰਦਰ ਪਹਾੜੀਆਂ ਵਿੱਚ ਵਸੀ ਚਾਂਗੂੰ ਝੀਲ ਬੇਹੱਦ ਖ਼ੂਬਸੂਰਤ ਹੈ ਜੋ ਸਰਦੀਆਂ ਵਿੱਚ ਕਈ ਮਹੀਨੇ ਜੰਮੀ ਰਹਿੰਦੀ ਹੈ। ਨਾਥੁਲਾ ਪਾਸ ਬਾਰਡਰ 'ਤੇ ਭਾਰਤ ਚੀਨ ਦੇ ਸਰਹੱਦੀ ਗੇਟ ਤੇ ਕੰਡਿਆਲੀ ਤਾਰ ਨੂੰ ਦੇਖਿਆ ਜਾ ਸਕਦਾ ਹੈ। ਇੱਥੇ ਆਕਸੀਜਨ ਦੀ ਕਮੀ ਮਹਿਸੂਸ ਹੁੰਦੀ ਹੈ।

ਬਾਬਾ ਹਰਭਜਨ ਮੰਦਰ: ਨਾਥੁਲਾ ਪਾਸ 'ਤੇ ਕੁਝ ਦੂਰੀ ਉੱਤੇ ਬਾਬਾ ਹਰਭਜਨ ਸਿੰਘ ਦਾ ਮੰਦਰ ਹੈ। ਦਰਅਸਲ, ਹਰਭਜਨ ਸਿੰਘ 23ਵੀਂ ਸਿੱਖ ਰੈਜੀਮੈਂਟ ਦੇ ਸਿਪਾਹੀ ਸਨ ਜੋ ਧਾਰਮਿਕ ਬਿਰਤੀ ਵਾਲੇ ਸਨ। ਪੰਜਾਬ ਦੇ ਕਪੂਰਥਲਾ ਦੇ ਰਹਿਣ ਵਾਲੇ ਹਰਭਜਨ ਸਿੰਘ ਦੀ ਇੱਕ ਦੁਰਘਟਨਾ ਦੌਰਾਨ ਮੌਤ ਹੋ ਗਈ ਸੀ। ਉਨ੍ਹਾਂ ਦੀ ਲਾਸ਼ ਨੂੰ ਤਿੰਨ ਦਿਨ ਬੀਤਣ ਤੋਂ ਬਾਅਦ ਕੱਢਿਆ ਗਿਆ। ਕਹਿੰਦੇ ਹਨ ਕਿ ਮਰਨ ਤੋਂ ਬਾਅਦ ਬਾਬਾ ਹਰਭਜਨ ਜੀ ਸਰਹੱਦ 'ਤੇ ਪਹਿਰਾ ਦਿੰਦੇ ਸਨ। ਭਾਰਤ ਸਰਕਾਰ ਨੇ ਇੱਥੇ ਉਨ੍ਹਾਂ ਦੀ ਯਾਦ ਵਿੱਚ ਮੰਦਰ ਬਣਵਾਇਆ। ਸੈਂਕੜਿਆਂ ਦੀ ਗਿਣਤੀ ਵਿੱਚ ਲੋਕ ਇੱਥੇ ਆ ਕੇ ਸੁੱਖਾਂ ਸੁੱਖਦੇ ਹਨ। ਲੋਕਾਂ ਦੇ ਘਰਾਂ, ਦੁਕਾਨਾਂ ਤੇ ਟੈਕਸੀਆਂ ਵਿੱਚ ਬਾਬਾ ਹਰਭਜਨ ਸਿੰਘ ਦੀਆਂ ਤਸਵੀਰਾਂ ਆਮ ਦੇਖਣ ਨੂੰ ਮਿਲਦੀਆਂ ਹਨ।

ਲਾਚੇਨ ਅਤੇ ਗੁਰੂਡਾਂਗਮਾਰ ਝੀਲ: ਇਹ ਗੰਗਟੋਕ ਤੋਂ ਲਗਭਗ 174 ਕਿਲੋਮੀਟਰ ਦੂਰ ਹੋਣ ਕਾਰਨ ਸਫ਼ਰ ਦੀ ਸ਼ੁਰੂਆਤ ਸਵੇਰੇ ਛੇਤੀ ਕਰਨੀ ਪੈਂਦੀ ਹੈ। ਦਰਅਸਲ, ਰਸਤੇ ਵਿੱਚ ਆਉਣ ਵਾਲੇ ਵਿਊ ਪੁਆਇੰਟਾਂ ਦਾ ਆਨੰਦ ਲੈਣ ਲੱਗਿਆਂ ਸਮਾਂ ਲੱਗ ਜਾਂਦਾ ਹੈ। ਇਨ੍ਹਾਂ ਸਥਾਨਾਂ ਵਿੱਚ ਤਾਸੀ ਵਿਊ ਪੁਆਇੰਟ, ਹਿਸਟੋਰਿਕ ਕਾਬੀ ਲੰਗਟਸੋਕ, ਫੋਡੋਂਗ ਮੋਨੈਸਟਰੀ ਸ਼ੁਮਾਰ ਹਨ। 107 ਕਿਲੋਮੀਟਰ ਦੂਰ ਲਾਚੇਨ ਵਿੱਚ ਹਨੇਰਾ ਹੋਣ 'ਤੇ ਰੁਕਣਾ ਪੈਂਦਾ ਹੈ। ਇਸ ਰਸਤੇ ਲਈ ਪਰਮਿਟ ਜ਼ਰੂਰੀ ਹੈ ਜੋ ਗੰਗਟੋਕ ਤੋਂ ਬਣਦਾ ਹੈ। ਵਿਦੇਸ਼ੀ ਸੈਲਾਨੀਆਂ ਦੇ ਗੁਰੂਡਾਂਗਮਾਰ ਝੀਲ 'ਤੇ ਜਾਣ ਦੀ ਮਨਾਹੀ ਹੈ। ਇਹ ਝੀਲ ਗੁਰੂ ਨਾਨਕ ਦੇਵ ਜੀ ਦੀ ਯਾਦਗਾਰ ਹੈ। ਨੀਲੇ ਰੰਗ ਦੇ ਪਾਣੀ ਦੀ ਇਸ ਝੀਲ ਕੋਲ ਫ਼ੌਜ ਵੱਲੋਂ ਗੁਰਦੁਆਰਾ ਵੀ ਬਣਾਇਆ ਗਿਆ। ਇੱਥੇ ਆਕਸੀਜਨ ਦੀ ਕਮੀ ਕਰਕੇ ਜ਼ਿਆਦਾ ਦੇਰ ਤਕ ਨਹੀਂ ਰੁਕਿਆ ਜਾ ਸਕਦਾ। ਲਾਚੁੰਗ: ਇਹ ਗੰਗਟੋਕ ਤੋਂ 120 ਕਿਲੋਮੀਟਰ ਦੂਰ ਹੈ ਅਤੇ ਛੇ ਘੰਟਿਆਂ ਦਾ ਰਸਤਾ ਹੈ। ਰਾਹ ਵਿੱਚ ਆਉਂਦੇ ਸੈਵਨ ਸਿਸਟਰ ਵਾਟਰ ਫਾਲ ਅਤੇ ਨਾਗਾ ਵਾਟਰ ਫਾਲਜ਼ ਨੂੰ ਦੇਖਣ ਦਾ ਆਪਣਾ ਹੀ ਆਨੰਦ ਹੈ। ਲਾਚੁੰਗ ਪਹੁੰਚਦਿਆਂ ਹੀ ਰਾਤ ਪੈ ਜਾਂਦੀ ਹੈ ਤੇ ਮੌਸਮ ਕਾਫ਼ੀ ਠੰਢਾ ਹੁੰਦਾ ਹੈ। ਸਵੇਰੇ ਪੰਜ ਵਜੇ ਸੂਰਜ ਚੜ੍ਹ ਜਾਂਦਾ ਹੈ। ਲਾਚੁੰਗ ਤੋਂ ਅਗਲਾ ਪੁਆਇੰਟ ਯਮਥਾਂਗ ਘਾਟੀ ਹੈ। ਇੱਥੇ ਹਰਿਆਲੀ ਭਰੀਆਂ ਪਹਾੜੀਆਂ ਵਿਚਕਾਰ ਪੱਥਰਾਂ ਉੱਪਰ ਪਾਣੀ ਚਲਦਾ ਹੈ। ਯਮਥਾਂਗ ਘਾਟੀ ਦੀ ਸੁੰਦਰਤਾ ਦੇਖ ਕੇ ਇੱਥੋਂ ਮੁੜਨ ਨੂੰ ਦਿਲ ਨਹੀਂ ਕਰਦਾ। ਇੱਥੋਂ ਪੰਜ ਕਿਲੋਮੀਟਰ ਅੱਗੇ ਫ਼ੌਜ ਦੀ ਛਾਉਣੀ ਵਿੱਚ ਸ਼ਿਵ ਮੰਦਰ ਹੈ। ਇੱਥੋਂ 26 ਕਿਲੋਮੀਟਰ 'ਤੇ ਜ਼ੀਰੋ ਪੁਆਇੰਟ ਭਾਰਤ ਚੀਨ ਸਰਹੱਦ ਹੈ। ਰਸਤੇ ਵਿੱਚ ਕੁਦਰਤੀ ਰੰਗ ਬਰੰਗੇ ਫੁੱਲਾਂ ਨਾਲ ਭਰੀਆਂ ਪਹਾੜੀਆਂ ਹਨ। ਇੱਥੇ ਜੂਨ ਵਿੱਚ ਵੀ ਬਰਫ਼ ਦਾ ਆਨੰਦ ਲੈ ਸਕਦੇ ਹੋ। ਇਸ ਦੇ ਨਾਲ ਨਾਲ ਸਿੱਕਿਮ ਵਿੱਚ ਹੋਰ ਵੀ ਬਹੁਤ ਸਾਰੀਆਂ ਦੇਖਣ ਯੋਗ ਥਾਵਾਂ ਹਨ। ਇੱਥੇ ਕੁਦਰਤੀ ਸੁੰਦਰਤਾ ਦੇ ਅਦਭੁੱਤ ਨਜ਼ਾਰੇ ਹਨ।

# ਭਗਤ ਰਾਮ ਦੀ ਅਜਬ ਕਹਾਣੀ

**ਜਰਮਨਾਂ ਦੇ ਉਲਟ ਕੁਆਰੋਨੀ ਇਸ ਲਈ ਇਛੁੱਕ ਸਾਬਤ ਹੋਇਆ। ਤਿੰਨ ਹਫ਼ਤੇ ਹੋਈਆਂ ਕਈ ਮੁਲਾਕਾਤਾਂ ਮਗਰੋਂ ਬੋਸ ਨੂੰ ਇਤਾਲਵੀ ਕੂਟਨੀਤਕ ਦਾ ਪਾਸਪੋਰਟ ਦੇ ਕੇ ਅਫ਼ਗਾਨ ਸਰਹੱਦ ਪਾਰ ਕਰਾ ਕੇ ਮਾਸਕੋ ਲਈ ਰੇਲ ਗੱਡੀ ਵਿੱਚ ਬਿਠਾ ਦਿੱਤਾ ਗਿਆ ਜਿੱਥੋਂ ਬਰਲਿਨ ਜਾਣ ਲਈ ਉਨ੍ਹਾਂ ਨੇ ਰਾਤ ਦੀ ਰੇਲ ਗੱਡੀ ਫੜੀ। ਉੱਥੇ ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਉਂਤਾਂ ਬਣਾਈਆਂ, ਹਿਟਲਰ ਨੂੰ ਮਿਲੇ ਅਤੇ ਫਿਰ ਬ੍ਰਿਟਿਸ਼ਾਂ ਖ਼ਿਲਾਫ਼ ਲੜਨ ਲਈ ਫ਼ੌਜ ਤਿਆਰ ਕਰਨ ਖ਼ਾਤਰ ਜਪਾਨ ਚਲੇ ਗਏ। ਜਪਾਨ ਦੇ ਆਤਮ-ਸਮਰਪਣ ਤੋਂ ਕੁਝ ਦਿਨਾਂ ਮਗਰੋਂ ਹਵਾਈ ਹਾਦਸੇ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਸਬੰਧੀ ਭਾਰਤ ਵਿੱਚ ਹਾਲੇ ਵੀ ਵਿਵਾਦ ਹੈ। ਉਹ ਰਹਿਮਤ ਖ਼ਾਨ ਨੂੰ ਕਾਬੁਲ ਵਿੱਚ ਹੀ ਛੱਡ ਗਏ ਸਨ।**



ਬਾਈ ਫਰਵਰੀ 1941 ਨੂੰ ਦੁਪਹਿਰ ਤੋਂ ਬਾਅਦ ਮਧਰੇ ਕੱਦ ਦੇ ਕਲੀਨ-ਸ਼ੇਵਨ ਨਿਰਾਲੇ ਜਿਹੇ ਆਦਮੀ ਨੇ ਕਾਬੁਲ ਦੀ ਇੱਕ ਤੰਗ ਗਲੀ ਵਿੱਚੋਂ ਲੰਘ ਕੇ ਇਤਾਲਵੀ ਸਫ਼ਾਰਤਖ਼ਾਨੇ ਦਾ ਪਿਛਲਾ ਦਰਵਾਜ਼ਾ ਜਾ ਖੜਕਾਇਆ। ਇਸ ਆਦਮੀ ਨੂੰ ਇੱਕ ਬ੍ਰਿਟਿਸ਼ ਅਧਿਕਾਰੀ ਨੇ 'ਦੇਖਣ ਵਿੱਚ ਖਿੱਚ ਭਰਪੂਰ ਨਹੀਂ' ਦੱਸਿਆ ਸੀ। ਇਸ ਦੀ ਸਰਹੱਦ ਤੋਂ ਬਹੁਤ ਦੂਰ ਸ਼ੁਰੂ ਹੋ ਚੁੱਕੀ ਜੰਗ ਵਿੱਚ ਅਫ਼ਗਾਨਿਸਤਾਨ ਨਿਰਪੱਖ ਮੁਲਕ ਰਿਹਾ ਸੀ। ਇਸ ਨੂੰ ਸ਼ੁਰੂ ਹੋਇਆਂ 17 ਮਹੀਨੇ ਹੋ ਗਏ ਸਨ, ਪਰ ਹਾਲੇ ਇਹ ਆਲਮੀ ਜੰਗ ਨਹੀਂ ਬਣੀ। ਯੂਰੋਪ ਵਿੱਚ ਨਾਜ਼ੀਆਂ ਦਾ ਪਲੜਾ ਭਾਰੀ ਸੀ ਅਤੇ ਇਕੱਲਾ ਬ੍ਰਿਟੇਨ ਹੀ ਡਟਿਆ ਹੋਇਆ ਸੀ। ਪੋਲੈਂਡ ਨੂੰ ਆਪਸ ਵਿੱਚ ਵੰਡ ਚੁੱਕੇ ਹਿਟਲਰ ਅਤੇ ਸਟਾਲਿਨ ਹਾਲੇ ਭਾਈਵਾਲ ਸਨ। ਜਾਪਾਨ ਅਤੇ ਅਮਰੀਕਾ ਦਰਮਿਆਨ ਪੂਰੀ ਸ਼ਾਂਤੀ ਸੀ ਕਿਉਂਕਿ ਹਾਲੇ ਪੰਜ ਹਫ਼ਤੇ ਪਹਿਲਾਂ ਫਰੈਂਕਲਿਨ ਰੂਜ਼ਵੈਲਟ ਅਮਰੀਕੀ ਮਾਪਿਆਂ ਨਾਲ ਇਹ ਵਾਅਦਾ ਕਰਕੇ ਤੀਜੀ ਵਾਰ ਮੁਲਕ ਦਾ ਰਾਸ਼ਟਰਪਤੀ ਚੁਣਿਆ ਗਿਆ ਸੀ ਕਿ 'ਤੁਹਾਡੇ ਲੜਕੇ ਕਿਸੇ ਵਿਦੇਸ਼ੀ ਧਰਤੀ ਉੱਤੇ ਜੰਗ ਵਿੱਚ ਨਹੀਂ ਭੇਜੇ ਜਾ ਰਹੇ।'

ਸਫ਼ਾਰਤਖ਼ਾਨੇ ਦੇ ਪਿਛਲੇ ਦਰਵਾਜ਼ੇ 'ਤੇ ਸਿਗਰਟ ਦੇ ਕਸ਼ ਲੈਣ ਲਈ ਖੜ੍ਹੇ ਅਫ਼ਗਾਨ ਕਰਮਚਾਰੀਆਂ ਕੋਲ ਇਹ ਸ਼ੱਕ ਕਰਨ ਦੀ ਕੋਈ ਖ਼ਾਸ ਵਜ੍ਹਾ ਨਹੀਂ ਸੀ ਕਿ ਅੰਦਰ ਆਉਣਾ ਚਾਹ ਰਿਹਾ ਆਦਮੀ ਸਥਾਨਕ ਵਾਸੀ ਨਹੀਂ ਸੀ। ਉਸ ਨੇ ਹੋਰ ਅਫ਼ਗਾਨ ਆਦਮੀਆਂ ਵਾਂਗ ਹੀ ਕਾਰਾਕੁਲੀ ਅਫ਼ਗਾਨ ਟੋਪੀ, ਗੋਡਿਆਂ ਤੋਂ ਹੇਠਾਂ ਤਕ ਆਉਂਦਾ ਲੰਮਾ ਕਮੀਜ਼ ਅਤੇ ਖੁੱਲ੍ਹਾ ਪਜਾਮਾ ਪਹਿਨਿਆ ਹੋਇਆ ਸੀ। ਉਸ ਆਦਮੀ ਦਾ ਮਕਸਦ ਇਤਾਲਵੀ ਸਫ਼ੀਰ ਨੂੰ ਮਿਲਣਾ ਸੀ, ਪਰ ਇਹ ਜਾਣਦਿਆਂ ਕਿ ਉਹ ਇਉਂ ਹੀ ਉਸ ਨੂੰ ਨਹੀਂ ਮਿਲ ਸਕਦਾ, ਉਸ ਨੇ ਗਾਰਡਾਂ ਨੂੰ ਕਿਹਾ ਕਿ ਉਹ ਰਸੋਈਆ ਸੀ ਜੋ ਸਫ਼ੀਰ ਲਈ ਕੰਮ ਕਰਨ ਖ਼ਾਤਰ ਭੇਜਿਆ ਗਿਆ ਸੀ। ਗਾਰਡ ਉਸ ਨੂੰ ਉੱਚੀ ਛੱਤ ਵਾਲੇ ਕਮਰੇ ਵਿੱਚ ਲੈ ਗਏ ਜਿੱਥੇ ਵੱਡੇ ਮੇਜ਼ ਪਿੱਛੇ ਸਫ਼ੀਰ ਇਤਾਲਵੀ ਝੰਡੇ ਅਤੇ ਤਾਨਾਸ਼ਾਹ ਬੈਨਿਤੋ ਮੁਸੋਲਿਨੀ ਦੀ ਵੱਡੀ ਤਸਵੀਰ ਨੇੜੇ ਬੈਠਾ ਸੀ। ਆਪਣੇ ਅਫ਼ਗਾਨ ਕਰਮਚਾਰੀਆਂ ਨਾਲ ਗੱਲਾਂ ਕਰ ਰਿਹਾ ਸਫ਼ੀਰ ਉਸ ਆਦਮੀ ਨੂੰ ਦੇਖ ਕੇ ਕਾਫ਼ੀ ਪ੍ਰੇਸ਼ਾਨ ਹੋ ਗਿਆ। ਗੱਲ ਸ਼ੁਰੂ ਕਰਨ ਲਈ ਉਸ ਦਾ ਰੌਂਅ ਚੰਗਾ ਨਹੀਂ ਸੀ। ਦੋ ਹਫ਼ਤੇ ਪਹਿਲਾਂ ਹਿਟਲਰ ਨੇ ਇਤਾਲਵੀਆਂ ਨੂੰ ਬਚਾਉਣ ਲਈ ਰੌਮੇਲ ਨੂੰ ਲਿਬੀਆ ਭੇਜਿਆ ਸੀ ਜਿਨ੍ਹਾਂ ਨੂੰ ਲਾਰਡ ਵੇਵਲ ਦੇ ਬਲਾਂ ਨੇ ਬ੍ਰਿਟਿਸ਼ਾਂ ਨਾਲੋਂ ਪੰਜ ਗੁਣਾਂ ਫ਼ੌਜੀ ਹੁੰਦੇ ਹੋਏ ਵੀ ਭੱਜਣ ਲਈ ਮਜਬੂਰ ਕਰ ਦਿੱਤਾ ਸੀ। ਕਾਬੁਲ ਵਿਚਲੇ ਹੋਰ ਸਾਰੇ ਵਿਦੇਸ਼ੀ ਕੂਟਨੀਤਕਾਂ ਵਾਂਗ ਉਹ ਵੀ ਸਥਾਨਕ ਅਫ਼ਗਾਨਾਂ ਦੇ ਅਣਐਲਾਨੇ ਫੇਰਿਆਂ ਤੋਂ ਡਰਦਾ ਸੀ ਕਿਉਂਕਿ ਇਹ ਯਕੀਨ ਨਹੀਂ ਸੀ ਕਿ ਉਹ ਅਫ਼ਗਾਨ ਸਰਕਾਰ ਦੇ ਜਾਸੂਸ ਸਨ ਜਾਂ ਦੂਜੇ ਸਫ਼ਾਰਤਖ਼ਾਨਿਆਂ ਦੇ। ਉਸ ਨੂੰ ਇਹ ਯਕੀਨ ਨਹੀਂ ਸੀ ਕਿ ਇਹ ਆਦਮੀ ਜਾਸੂਸ ਸੀ ਜਾਂ ਨਹੀਂ। ਜਦੋਂ ਆਦਮੀ ਨੇ ਉਸ ਨੂੰ ਦੱਸਿਆ ਕਿ ਉਸ ਨੂੰ ਸਿਮਨਜ਼ ਦੇ ਕਾਬੁਲ ਦਫ਼ਤਰ ਦੇ ਅਧਿਕਾਰੀ ਹੈਰ ਥੌਮਸ ਨੇ ਭੇਜਿਆ ਸੀ ਤਾਂ ਵੀ ਅਧਿਕਾਰੀ ਦਾ ਰੌਂਅ ਨਹੀਂ ਬਦਲਿਆ। ਇਤਾਲਵੀ ਸਫ਼ੀਰ ਗਰਜਿਆ, "ਕਿਸ ਲਈ?" ਪਰ ਡਰਨ ਦੀ ਥਾਂ ਆਦਮੀ ਨੇ ਦ੍ਰਿੜਤਾ ਭਰੇ ਲਹਿਜੇ ਅਤੇ ਆਵਾਜ਼ ਵਿੱਚ ਜੁਆਬ ਦਿੱਤਾ, "ਮੈਨੂੰ ਪਤਾ ਨਹੀਂ। ਮੈਨੂੰ ਸਿਰਫ਼ ਤੁਹਾਨੂੰ ਮਿਲਣ ਲਈ ਕਿਹਾ ਗਿਆ ਹੈ।"

ਆਦਮੀ ਦੀ ਆਵਾਜ਼ ਵਿੱਚ ਕੁਝ ਅਜਿਹਾ ਸੀ ਜਿਸ ਨੇ ਇਤਾਲਵੀ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ ਕਿ ਇਹ ਆਮ ਅਫ਼ਗਾਨ ਵਿਅਕਤੀ ਨਹੀਂ। ਹੁਣ ਉਸ ਨੇ ਆਦਮੀ ਨੂੰ ਚੰਗੀ ਤਰ੍ਹਾਂ ਦੇਖਿਆ: ਉਹ ਮਧਰਾ ਸੀ, ਪਰ ਬਹੁਤ ਮਜ਼ਬੂਤ ਅਤੇ ਤਕੜੇ ਜੁੱਸੇ ਵਾਲਾ ਸੀ। ਸਫ਼ੀਰ ਨੇ ਫੋਨ ਚੁੱਕ ਕੇ ਥੌਮਸ ਦਾ ਨੰਬਰ ਮਿਲਾਇਆ। ਇਤਾਲਵੀ ਅਤੇ ਜਰਮਨ ਨੇ ਕੁਝ ਮਿੰਟ ਗੱਲ ਕੀਤੀ। ਇਤਾਲਵੀ ਨੇ ਜਰਮਨ ਦੀ ਗੱਲ ਧਿਆਨ ਨਾਲ ਸੁਣੀ। ਉਨ੍ਹਾਂ ਨੇ ਜਰਮਨ ਭਾਸ਼ਾ ਵਿੱਚ ਗੱਲ ਕੀਤੀ ਜੋ ਅੱਧਾ ਜਰਮਨ ਹੋਣ ਨਾਤੇ ਇਤਾਲਵੀ ਸਫ਼ੀਰ ਚੰਗੀ ਤਰ੍ਹਾਂ ਜਾਣਦਾ ਸੀ। ਆਉਣ ਵਾਲੇ ਵਿਅਕਤੀ ਨੂੰ ਭਾਸ਼ਾ ਨਾ ਜਾਣਨ ਕਾਰਨ ਇੱਕ ਸ਼ਬਦ ਵੀ ਸਮਝ ਨਹੀਂ ਆਇਆ, ਪਰ ਸਫ਼ੀਰ ਦੇ ਸਿਰ ਹਿਲਾਉਣ ਦੇ ਤਰੀਕੇ ਨਾਲ ਉਸ ਨੂੰ ਗੱਲਬਾਤ ਦੀ ਗੰਭੀਰਤਾ ਦਾ ਅਹਿਸਾਸ ਹੋਇਆ। ਇਤਾਲਵੀ ਨੇ ਕੁਝ ਮਿੰਟਾਂ ਬਾਅਦ ਫੋਨ ਰੱਖ ਦਿੱਤਾ ਅਤੇ ਆਪਣੇ ਅਫ਼ਗਾਨ ਸਹਾਇਕ ਅਤੇ ਨੌਕਰ ਨੂੰ ਕਮਰੇ ਵਿੱਚੋਂ ਬਾਹਰ ਜਾਣ ਲਈ ਕਿਹਾ ਜੋ ਉਸ ਆਦਮੀ ਨੂੰ ਅੰਦਰ ਲਿਆਏ ਸਨ। ਉਨ੍ਹਾਂ ਦੇ ਜਾਣ ਮਗਰੋਂ ਸਫ਼ੀਰ ਨੇ ਦਰਵਾਜ਼ਾ ਬੰਦ ਕਰ ਦਿੱਤਾ ਅਤੇ ਆਦਮੀ ਨੂੰ ਬੈਠਣ ਲਈ ਕਿਹਾ। ਉਸ ਨਾਲ ਅੰਗਰੇਜ਼ੀ ਵਿੱਚ ਹੌਲੀ ਹੌਲੀ ਬੋਲਦਿਆਂ ਕਿਹਾ, "ਮੇਰਾ ਨਾਂ ਪੀਤਰੋ ਕੁਆਰੋਨੀ ਹੈ ਅਤੇ ਮੈਂ ਕਾਬੁਲ ਵਿੱਚ ਇਤਾਲਵੀ ਸਫ਼ੀਰ ਹਾਂ।"

ਆਦਮੀ ਨੇ ਕੁਆਰੋਨੀ ਨੂੰ ਆਪਣਾ ਨਾਂ ਰਹਿਮਤ ਖ਼ਾਨ ਦੱਸਿਆ, ਭਾਵੇਂ ਇਹ ਉਸ ਦਾ ਅਸਲ ਨਾਂ ਨਹੀਂ ਸੀ। ਉਸ ਨੇ ਇਤਾਲਵੀ ਨੂੰ ਇਹ ਦੱਸਣ ਸਮੇਂ ਵਧੇਰੇ ਇਮਾਨਦਾਰੀ ਵਰਤੀ ਕਿ ਉਹ ਅਫ਼ਗਾਨ ਨਹੀਂ ਸੀ ਸਗੋਂ ਅਫ਼ਗਾਨਿਸਤਾਨ ਨੂੰ ਬ੍ਰਿਟਿਸ਼ ਇੰਡੀਆ ਨਾਲੋਂ ਨਿਖੇੜਨ ਵਾਲੇ ਕਬਾਇਲੀ ਖਿੱਤੇ ਰਾਹੀਂ ਪਿਸ਼ਾਵਰ ਤੋਂ ਕਾਬੁਲ ਤਕ 200 ਮੀਲ ਦਾ ਰਸਤਾ ਪੈਦਲ ਤੈਅ ਕਰਕੇ 27 ਜਨਵਰੀ ਨੂੰ ਭਾਰਤ ਤੋਂ ਉੱਥੇ ਪੁੱਜਿਆ ਸੀ। ਉਸ ਨੇ ਦੱਸਿਆ ਕਿ ਇਹ ਸਫ਼ਰ ਉਸ ਨੇ ਇਕੱਲਿਆਂ ਤੈਅ ਨਹੀਂ ਕੀਤਾ ਸਗੋਂ ਇਸ ਦੌਰਾਨ ਉਸ ਨੇ ਕ੍ਰਿਸ਼ਮਈ ਭਾਰਤੀ ਕ੍ਰਾਂਤੀਕਾਰੀ ਸ਼ੁਭਾਸ਼ ਚੰਦਰ ਬੋਸ ਦੇ ਗਾਈਡ ਅਤੇ ਰੱਖਿਅਕ ਦੀ ਭੂਮਿਕਾ ਨਿਭਾਈ ਸੀ ਜੋ ਭਾਰਤ ਵਿੱਚੋਂ ਬਚ ਨਿਕਲੇ ਸਨ ਅਤੇ ਦੇਸ਼ ਨੂੰ ਬ੍ਰਿਟਿਸ਼ ਰਾਜ ਤੋਂ ਆਜ਼ਾਦ ਕਰਾਉਣ ਲਈ ਜਰਮਨਾਂ ਤੋਂ ਮਦਦ ਲੈਣ ਲਈ ਹੁਣ ਬਰਲਿਨ ਜਾਣਾ ਚਾਹੁੰਦੇ ਸਨ। ਖ਼ਾਨ ਅਤੇ ਬੋਸ ਨੇ ਕਾਬੁਲ ਵਿਚਲੇ ਜਰਮਨ ਸਫ਼ਾਰਤਖ਼ਾਨੇ ਨਾਲ ਸੰਪਰਕ ਕੀਤਾ ਸੀ ਤੇ ਇਸ ਤਰ੍ਹਾਂ ਉਹ ਹੈਰ ਥੌਮਸ ਦੇ ਸੰਪਰਕ ਵਿੱਚ ਆਏ, ਪਰ ਕਈ ਮੁਲਾਕਾਤਾਂ ਦੇ ਬਾਵਜੂਦ ਬੋਸ ਨੂੰ ਕਾਬੁਲ ਵਿੱਚੋਂ ਕੱਢਣ ਲਈ ਕੋਈ ਪੱਕਾ ਪ੍ਰਬੰਧ ਨਹੀਂ ਕੀਤਾ ਗਿਆ। ਦੋਵੇਂ ਫ਼ਿਕਰਮੰਦ ਸਨ ਕਿਉਂਕਿ ਜ਼ਿਆਦਾ ਸਮਾਂ ਕਾਬੁਲ ਵਿੱਚ ਰਹਿਣਾ ਖ਼ੁਦ ਲਈ ਵੱਡਾ ਖ਼ਤਰਾ ਸਹੇੜਨਾ ਸੀ। ਉਹ ਲਾਜ਼ਮੀ ਦਸਤਾਵੇਜ਼ਾਂ ਅਤੇ ਪਾਸਪੋਰਟ ਤੋਂ ਬਿਨਾਂ ਕਾਬੁਲ ਵਿੱਚੋਂ ਦਾਖ਼ਲ ਹੋਏ ਸਨ। ਇੱਕ ਪੁਲੀਸ ਵਾਲੇ ਨੂੰ ਰਿਸ਼ਵਤ ਦੇ ਕੇ ਉਹ ਗ੍ਰਿਫ਼ਤਾਰੀ ਤੋਂ ਬਚ ਸਕੇ ਸਨ। ਕੁਆਰੋਨੀ ਕੋਲ ਖ਼ਾਨ ਦਾ ਪੁੱਜਣਾ ਉਨ੍ਹਾਂ ਵੱਲੋਂ ਖੇਡੀ ਗਈ ਆਖ਼ਰੀ ਬਾਜ਼ੀ ਸੀ ਤਾਂ ਜੋ ਅਫ਼ਗਾਨ-ਰੂਸ ਸਰਹੱਦ ਪਾਰ ਕਰਨ ਲਈ ਬੋਸ ਨੂੰ ਸਫ਼ਰ ਦੇ ਦਸਤਾਵੇਜ਼ ਮਿਲਣਾ ਯਕੀਨੀ ਬਣਾਇਆ ਜਾ ਸਕੇ ਅਤੇ ਫਿਰ ਉਹ ਸੋਵੀਅਤ ਯੂਨੀਅਨ ਰਸਤੇ ਹਿਟਲਰ ਦੇ ਜਰਮਨੀ ਵਿੱਚ ਪੁੱਜ ਸਕਣ।

ਜਰਮਨਾਂ ਦੇ ਉਲਟ ਕੁਆਰੋਨੀ ਇਸ ਲਈ ਇਛੁੱਕ ਸਾਬਤ ਹੋਇਆ। ਤਿੰਨ ਹਫ਼ਤੇ ਹੋਈਆਂ ਕਈ ਮੁਲਾਕਾਤਾਂ ਮਗਰੋਂ ਬੋਸ ਨੂੰ ਇਤਾਲਵੀ ਕੂਟਨੀਤਕ ਦਾ ਪਾਸਪੋਰਟ ਦੇ ਕੇ ਅਫ਼ਗਾਨ ਸਰਹੱਦ ਪਾਰ ਕਰਾ ਕੇ ਮਾਸਕੋ ਲਈ ਰੇਲ ਗੱਡੀ ਵਿੱਚ ਬਿਠਾ ਦਿੱਤਾ ਗਿਆ ਜਿੱਥੋਂ ਬਰਲਿਨ ਜਾਣ ਲਈ ਉਨ੍ਹਾਂ ਨੇ ਰਾਤ ਦੀ ਰੇਲ ਗੱਡੀ ਫੜੀ। ਉੱਥੇ ਉਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਵਾਉਣ ਲਈ ਵਿਉਂਤਾਂ ਬਣਾਈਆਂ, ਹਿਟਲਰ ਨੂੰ ਮਿਲੇ ਅਤੇ ਫਿਰ ਬ੍ਰਿਟਿਸ਼ਾਂ ਖ਼ਿਲਾਫ਼ ਲੜਨ ਲਈ ਫ਼ੌਜ ਤਿਆਰ ਕਰਨ ਖ਼ਾਤਰ ਜਪਾਨ ਚਲੇ ਗਏ। ਜਪਾਨ ਦੇ ਆਤਮ-ਸਮਰਪਣ ਤੋਂ ਕੁਝ ਦਿਨਾਂ ਮਗਰੋਂ ਹਵਾਈ ਹਾਦਸੇ ਵਿੱਚ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੀ ਮੌਤ ਸਬੰਧੀ ਭਾਰਤ ਵਿੱਚ ਹਾਲੇ ਵੀ ਵਿਵਾਦ ਹੈ। ਉਹ ਰਹਿਮਤ ਖ਼ਾਨ ਨੂੰ ਕਾਬੁਲ ਵਿੱਚ ਹੀ ਛੱਡ ਗਏ ਸਨ। ਉਸ ਦੀ ਕਹਾਣੀ ਹੋਰ ਵੀ ਅਸਾਧਾਰਨ ਹੈ ਜੋ ਹਾਲੇ ਪੂਰੀ ਸੁਣਾਈ ਨਹੀਂ ਗਈ।

ਬੋਸ ਦੇ ਯੂਰੋਪ ਚਲੇ ਜਾਣ ਤੋਂ ਕੁਝ ਦਿਨਾਂ ਬਾਅਦ ਹੀ ਉਨ੍ਹਾਂ ਦੇ ਰੱਖਿਅਕ ਖ਼ਾਨ ਨੂੰ ਇਤਾਲਵੀਆਂ ਲਈ ਜਾਸੂਸ ਬਣਾ ਦਿੱਤਾ ਗਿਆ। ਜੰਗ ਛਿੜਨ ਵੇਲੇ ਤੋਂ ਹੀ ਕੁਆਰੋਨੀ ਇੱਕ ਅਜਿਹੇ ਹਥਿਆਰ ਦੀ ਤਲਾਸ਼ ਵਿੱਚ ਸੀ ਜਿਸ ਨਾਲ ਉਹ ਭਾਰਤ ਵਿੱਚ ਬ੍ਰਿਟਿਸ਼ ਨੂੰ ਨਿਸ਼ਾਨਾ ਬਣਾ ਸਕੇ। ਉਸ ਦਾ ਮੰਨਣਾ ਸੀ ਕਿ ਭਾਰਤ, ਬ੍ਰਿਟੇਨ ਦੀ ਕਮਜ਼ੋਰ ਕੜੀ ਹੈ ਅਤੇ ਬ੍ਰਿਟਿਸ਼ ਤਾਜ ਦੇ ਨਗੀਨੇ ਨੂੰ ਦਿੱਤੇ ਝਟਕੇ ਦਾ ਡਾਢਾ ਪ੍ਰਭਾਵ ਪਵੇਗਾ। ਇਸੇ ਲਈ ਬੋਸ ਵੱਲੋਂ ਖ਼ਾਨ ਨੂੰ ਇਤਾਲਵੀਆਂ ਲਈ ਆਪਣੇ ਏਜੰਟ ਵਜੋਂ ਕੰਮ ਕਰਨ ਲਈ ਨਾਮਜ਼ਦ ਕਰਨ ਉੱਤੇ ਕੁਆਰੋਨੀ ਨੇ ਮੌਕਾ ਸੰਭਾਲ ਲਿਆ। ਕੁਝ ਮਹੀਨਿਆਂ ਮਗਰੋਂ ਖ਼ਾਨ ਨੂੰ ਇਟਲੀ ਦੇ ਸਾਥੀ ਜਰਮਨੀ ਨੇ ਆਪਣੇ ਲਈ ਕੰਮ ਕਰਨ ਵਾਸਤੇ ਕਿਹਾ। ਇਤਾਲਵੀਆਂ ਅਤੇ ਜਰਮਨਾਂ ਦੋਵਾਂ ਤੋਂ ਪੈਸੇ ਲੈਣ ਦੇ ਬਾਵਜੂਦ ਉਹ ਫਾਸ਼ੀਵਾਦੀ ਨਹੀਂ ਸਗੋਂ ਕਮਿਊਨਿਸਟ ਸੀ ਅਤੇ ਸ਼ੁਰੂ ਤੋਂ ਹੀ ਉਹ ਦੋਵਾਂ ਮੁਲਕਾਂ ਨੂੰ ਧੋਖਾ ਦੇ ਰਿਹਾ ਸੀ। ਹਿਟਲਰ ਵੱਲੋਂ ਸੋਵੀਅਤ ਯੂਨੀਅਨ ਉੱਤੇ ਹਮਲਾ ਕਰਨ ਲਈ ਅਪਰੇਸ਼ਨ 'ਬਾਰਬਾਰੋਸਾ' ਚਲਾਉਣ ਸਮੇਂ ਉਹ ਰੂਸੀਆਂ ਨਾਲ ਮਿਲ ਕੇ ਨਾਜ਼ੀਆਂ ਨੂੰ ਮੂਰਖ ਬਣਾਉਂਦਾ ਰਿਹਾ। ਬਾਅਦ ਵਿੱਚ ਉਹ ਬ੍ਰਿਟਿਸ਼ਾਂ ਲਈ ਕੰਮ ਕਰਦਾ ਰਿਹਾ ਜਿਨ੍ਹਾਂ ਨੇ ਉਸ ਨੂੰ 'ਸਿਲਵਰ' ਨਾਂ ਦਿੱਤਾ। ਇਹ ਇੱਕ ਤਰ੍ਹਾਂ ਨਾਲ ਬ੍ਰਿਟਿਸ਼ ਵੱਲੋਂ ਕੀਤਾ ਗਿਆ ਮਜ਼ਾਕ ਸੀ ਕਿਉਂਕਿ ਉਹ ਮਿਸਟਰ ਸਿਲਵਰ ਸੀ ਜੋ ਲੰਡਨ ਆਧਾਰਿਤ ਉੱਚ ਅਧਿਕਾਰੀ ਸੀ ਅਤੇ ਭਾਰਤ ਵਿੱਚ ਖ਼ੁਫੀਆ ਤੰਤਰ ਦੀ ਨਿਗਰਾਨੀ ਕਰਦਾ ਸੀ।

ਜਰਮਨਾਂ ਨੇ ਉਸ ਨੂੰ ਇੰਨਾ ਅਹਿਮ ਸਮਝਿਆ ਕਿ ਰਾਈਕ ਨੂੰ ਦਿੱਤੀਆਂ ਸੇਵਾਵਾਂ ਬਦਲੇ ਉਸ ਨੂੰ ਜਰਮਨ ਫ਼ੌਜ ਦੇ ਸਭ ਤੋਂ ਵੱਡੇ ਸਨਮਾਨ ਆਇਰਨ ਕਰੌਸ ਨਾਲ ਸਨਮਾਨਿਤ ਕੀਤਾ। ਉਸ ਨੂੰ ਟਰਾਂਸਮੀਟਰ ਵੀ ਦਿੱਤਾ ਜਿਸ ਨਾਲ ਉਹ ਬਰਲਿਨ ਵਿੱਚ ਹਿਟਲਰ ਦੀ ਖ਼ੁਫੀਆ ਸੇਵਾ ਨੂੰ ਸੁਨੇਹੇ ਭੇਜਦਾ ਸੀ। ਅੱਜ ਦੇ ਹਿਸਾਬ ਨਾਲ ਦੇਖਿਆ ਜਾਵੇ ਤਾਂ ਐਕਸਿਸ ਸ਼ਕਤੀਆਂ ਤੋਂ ਉਸ ਨੇ 25 ਲੱਖ ਪੌਂਡ ਹਾਸਲ ਕੀਤੇ। ਜਰਮਨਾਂ ਨੂੰ ਇੱਕ ਪਲ ਲਈ ਵੀ ਇਹ ਸ਼ੱਕ ਨਹੀਂ ਹੋਇਆ ਕਿ ਇਹ ਸੁਨੇਹੇ ਦਿੱਲੀ ਦੇ ਵਾਇਸਰੀਗਲ ਪੈਲੇਸ ਦੇ ਬਾਗ਼ ਵਿੱਚ ਬ੍ਰਿਟਿਸ਼ਾਂ ਵੱਲੋਂ ਦਿੱਤੀਆਂ ਜਾਂਦੀਆਂ ਗ਼ਲਤ ਫ਼ੌਜੀ ਸੂਚਨਾਵਾਂ ਹਨ। ਜੰਗ ਖ਼ਤਮ ਹੋਣ ਤੋਂ ਪਹਿਲਾਂ ਉਸ ਨੇ ਜਾਪਾਨੀਆਂ ਨੂੰ ਵੀ ਧੋਖਾ ਦਿੱਤਾ। ਇਸ ਤਰ੍ਹਾਂ ਉਹ ਦੂਜੀ ਆਲਮੀ ਜੰਗ ਵਿੱਚ ਪੰਜ ਮੁਲਕਾਂ ਲਈ ਜਾਸੂਸੀ ਕਰਨ ਵਾਲਾ ਇੱਕੋ ਇੱਕ ਏਜੰਟ ਬਣਿਆ। ਇਸ ਜੰਗ ਵਿੱਚ ਕਈ ਬਹੁਤ ਵਧੀਆ ਜਾਸੂਸ ਸਨ, ਪਰ ਇਹ ਗੱਲ ਸਿਲਵਰ ਨੂੰ ਦੂਜੀ ਆਲਮੀ ਜੰਗ ਦੇ ਹੋਰ ਕਿਸੇ ਵੀ ਜਾਸੂਸ ਤੋਂ ਵੱਖਰੇ ਪੱਧਰ 'ਤੇ ਪਹੁੰਚਾਉਂਦੀ ਤੇ ਖ਼ਾਸ ਬਣਾਉਂਦੀ ਹੈ ਕਿ ਪੂਰੀ ਜੰਗ ਦੌਰਾਨ ਉਸ ਨੇ ਵਿਲੱਖਣ ਰੰਗਮੰਚ ਉੱਤੇ ਕੰਮ ਕੀਤਾ। ਬਾਕੀ ਜਾਸੂਸਾਂ ਨੇ ਸਿਰਫ਼ ਇੱਕ ਟਿਕਾਣੇ ਤੋਂ ਕੰਮ ਕੀਤਾ ਜਦੋਂਕਿ ਸਿਲਵਰ ਲਗਾਤਾਰ ਕਾਬੁਲ ਅਤੇ ਭਾਰਤ ਵਿੱਚ ਆਉਂਦਾ ਜਾਂਦਾ ਰਿਹਾ। ਇਸ ਦਾ ਮਤਲਬ ਸਰਹੱਦ 'ਤੇ ਤਾਇਨਾਤ ਬ੍ਰਿਟਿਸ਼ ਅਤੇ ਅਫ਼ਗਾਨ ਗਾਰਡਾਂ ਨੂੰ ਝਕਾਨੀ ਦੇਣਾ ਅਤੇ ਕਬਾਇਲੀ ਖੇਤਰਾਂ ਰਾਹੀਂ ਸਫ਼ਰ ਕਰਨਾ ਸੀ। ਇਸੇ ਖੇਤਰ ਵਿੱਚ ਹੀ ਵਿੰਸਟਨ ਚਰਚਿਲ ਨੇ ਉਨੀਵੀਂ ਸਦੀ ਦੇ ਅੰਤ ਵਿੱਚ ਆਪਣੀ ਪਹਿਲੀ ਜੰਗ ਲੜੀ ਅਤੇ ਉੱਘੇ ਲੇਖਕ ਵਜੋਂ ਆਪਣੀ ਸਾਖ ਬਣਾਈ। ਇੱਕ ਸਦੀ ਮਗਰੋਂ ਇਸ ਖਿੱਤੇ ਵਿੱਚ ਹੋਰ ਵੀ ਨਾਟਕੀ ਘਟਨਾਕ੍ਰਮ ਵਾਪਰਿਆ। 9/11 ਦੇ ਹਮਲੇ ਮਗਰੋਂ ਓਸਾਮਾ ਬਿਨ ਲਾਦੇਨ ਨੂੰ ਅਮਰੀਕਾ ਨੂੰ ਸੌਂਪਣ ਤੋਂ ਇਨਕਾਰ ਕਰਨ ਵਾਲੇ ਤਾਲਿਬਾਨ ਆਗੂ ਮੁੱਲਾ ਮੁਹੰਮਦ ਉਮਰ ਨੇ ਇੱਥੇ ਸ਼ਰਨ ਲਈ ਕਿਉਂਕਿ ਅਮਰੀਕਾ ਦੀ ਅਗਵਾਈ ਵਾਲੀਆਂ ਗੱਠਜੋੜ ਫ਼ੌਜਾਂ ਨੇ ਹਮਲਾ ਕਰਕੇ ਉਸ ਨੂੰ ਅਫ਼ਗਾਨਿਸਤਾਨ ਵਿੱਚੋਂ ਭੱਜਣ ਲਈ ਮਜਬੂਰ ਕਰ ਦਿੱਤਾ ਸੀ। ਅੱਜ ਪਾਕਿਸਤਾਨ ਦਾ ਹਿੱਸਾ ਹੋਣ ਦੇ ਬਾਵਜੂਦ ਇਹ ਖੇਤਰ (ਫਾਟਾ ਭਾਵ ਫੈਡਰਲੀ ਐਡਮਿਨਿਸਟਰਡ ਟਰਾਈਬਲ ਏਰੀਆ) ਤਾਲਿਬਾਨ ਅਤੇ ਕਾਫ਼ਿਰਾਂ ਨੂੰ ਤਬਾਹ ਕਰਨ ਦੇ ਮਨਸੂਬੇ ਘੜਨ ਵਾਲੇ ਮੁਸਲਿਮ ਜਹਾਦੀਆਂ ਦਾ ਇਲਾਕਾ ਹੈ। ਜਿਸ ਦੌਰ ਦੀ ਗੱਲ ਕਰ ਰਹੇ ਹਾਂ, ਉਸ ਸਮੇਂ ਇਹ ਖੇਤਰ ਬ੍ਰਿਟਿਸ਼ ਅਧੀਨ ਸੀ ਜਿੱਥੇ ਕਬਾਇਲੀਆਂ ਨੂੰ ਦਬਾਉਣ ਲਈ ਉਨ੍ਹਾਂ ਨੂੰ ਲਗਾਤਾਰ ਅਤੇ ਅਕਸਰ ਬੇਰਹਿਮੀ ਨਾਲ ਮੁਹਿੰਮ ਚਲਾਉਣੀ ਪੈਂਦੀ ਸੀ। ਸਿਲਵਰ ਦੀ ਕਹਾਣੀ ਦਾ ਇੱਕ ਹੋਰ ਪਾਸਾਰ ਵੀ ਹੈ ਜੋ ਉਸ ਨੂੰ ਜੰਗ ਦੇ ਹੋਰ ਵਧੇਰੇ ਪ੍ਰਸਿੱਧ ਜਾਸੂਸਾਂ ਨਾਲੋਂ ਬਹੁਤ ਵੱਖਰਾ ਬਣਾਉਂਦਾ ਹੈ। ਉਸ ਦੇ ਕੁਝ ਗੁਣ ਗਾਰਬੋ, ਸੀਸੇਰੋ ਅਤੇ ਸੋਰਜ ਨਾਂ ਦੇ ਪ੍ਰਸਿੱਧ ਜਾਸੂਸਾਂ ਨਾਲ ਮਿਲਦੇ ਸਨ, ਪਰ ਉਨ੍ਹਾਂ ਨਾਲੋਂ ਇੱਕ ਵੱਡਾ ਫ਼ਰਕ ਸੀ। ਇਹ ਤਿੰਨੋਂ ਜਾਸੂਸ ਆਜ਼ਾਦ ਮੁਲਕਾਂ ਨਾਲ ਸਬੰਧਿਤ ਹੋਣ ਕਾਰਨ ਆਪਣੀ ਤਕਦੀਰ ਖ਼ੁਦ ਬਣਾ ਸਕਦੇ ਸਨ। ਗਾਰਬੋ ਅਤੇ ਸੀਸੇਰੋ ਜੰਗ ਵਿੱਚ ਨਿਰਪੱਖ ਰਹੇ ਮੁਲਕਾਂ ਸਪੇਨ ਅਤੇ ਤੁਰਕੀ ਤੋਂ ਸਨ। ਸੋਰਜ ਜਰਮਨ ਕਮਿਊਨਿਸਟ ਸੀ ਜਿਸ ਨੇ ਸੋਵੀਅਤ ਯੂਨੀਅਨ ਨੂੰ ਬਚਾਉਣ ਅਤੇ ਆਪਣੇ ਮੁਲਕ ਦੇ ਬੁਰੇ ਨਿਜ਼ਾਮ ਦੀ ਹਾਰ ਵਿੱਚ ਮਦਦ ਕਰਨ ਨੂੰ ਮੁਲਕ ਪ੍ਰਤੀ ਵਧੇਰੇ ਵਫ਼ਾਦਰੀ ਸਮਝਿਆ। ਦੂਜੇ ਪਾਸੇ ਸਿਲਵਰ ਬ੍ਰਿਟਿਸ਼ ਦੇ ਸ਼ਾਸਨ ਵਾਲੇ ਗ਼ੁਲਾਮ ਮੁਲਕ ਦਾ ਨਾਗਰਿਕ ਸੀ ਅਤੇ ਉਸ ਸਮੇਂ ਤਾਜ ਦੇ ਨਗੀਨੇ ਉੱਤੋਂ ਕੰਟਰੋਲ ਛੱਡਣ ਦੀ ਉਸ ਦੀ ਕੋਈ ਯੋਜਨਾ ਨਹੀਂ ਸੀ। ਲੌਇਡ ਜੌਰਜ ਦੀ ਪ੍ਰਧਾਨਗੀ ਹੇਠ ਅਗਸਤ 1917 ਵਿੱਚ ਹੋਈ ਬ੍ਰਿਟਿਸ਼ ਵਾਰ ਕੈਬਨਿਟ ਦੀ ਇਤਿਹਾਸਕ ਮੀਟਿੰਗ ਵਿੱਚ ਅੰਦਾਜ਼ਾ ਲਾਇਆ ਗਿਆ ਸੀ ਕਿ ਭਾਰਤੀਆਂ ਨੂੰ ਖ਼ੁਦ ਸ਼ਾਸਨ ਕਰਨਾ ਸਿੱਖਣ ਵਿੱਚ 500 ਸਾਲ ਲੱਗ ਜਾਣਗੇ। ਇੱਥੋਂ ਤਕ ਕਿ ਵਿਦੇਸ਼ ਮੰਤਰੀ ਆਰਥਰ ਬਲਫਰ ਨੇ ਸਾਥੀ ਕੈਬਨਿਟ ਮੰਤਰੀਆਂ ਨੂੰ ਦੱਸਿਆ ਕਿ ਆਸਟਰੇਲੀਆ ਅਤੇ ਹੋਰ ਗੋਰੇ ਮੁਲਕਾਂ ਵੱਲੋਂ ਅਪਣਾਇਆ ਗਿਆ ਸੰਸਦੀ ਜਮਹੂਰੀਅਤ ਦਾ ਵੈਸਟਮਿੰਸਟਰ ਮਾਡਲ ਭਾਰਤੀਆਂ ਲਈ ਬਹੁਤ ਖ਼ਾਸ ਹੋਵੇਗਾ ਕਿਉਂਕਿ ਉਹ ਬ੍ਰਿਟਿਸ਼ ਨਸਲ ਦੇ ਨਹੀਂ ਹਨ। 1920ਵਿਆਂ ਦੌਰਾਨ ਭਾਰਤ ਦੇ ਬ੍ਰਿਟਿਸ਼ ਗ੍ਰਹਿ ਮੰਤਰੀ ਲਾਰਡ ਬਿਰਕੇਨਹੈੱਡ ਨੇ ਆਪਣੀ ਇੱਕ ਪੁਸਤਕ ਵਿੱਚ ਭਵਿੱਖਬਾਣੀ ਕੀਤੀ ਸੀ ਕਿ 2030 ਵਿੱਚ ਦੁਨੀਆਂ ਕਿਹੋ ਜਿਹੀ ਹੋਵੇਗੀ ਤੇ ਉਸ ਨੇ ਆਪਣੀ ਪੱਕੀ ਧਾਰਨਾ ਦਾ ਬਿਆਨ ਕੀਤਾ ਕਿ ਉਦੋਂ ਵੀ ਬ੍ਰਿਟੇਨ ਨੂੰ ਹੀ ਭਾਰਤ ਉੱਤੇ ਸ਼ਾਸਨ ਕਰਨਾ ਪਵੇਗਾ, ਪਰ 1947 ਵਿੱਚ ਜੋ ਵਾਪਰਿਆ ਉਹ ਕਿਸੇ ਤੋਂ ਗੁੱਝਾ ਨਹੀਂ।

## ਸੰਪਾਦਕੀ

# ਸਿਹਤ ਸੰਭਾਲ ਸਬੰਧੀ ਗੁਮਰਾਹਕੁਨ ਇਸ਼ਤਿਹਾਰਬਾਜ਼ੀ

ਸੁਪਰੀਮ ਕੋਰਟ ਨੇ ਸਿਹਤ ਸੰਭਾਲ ਸਬੰਧੀ ਗੁਮਰਾਹਕੁਨ ਇਸ਼ਤਿਹਾਰਬਾਜ਼ੀ ਬਾਰੇ ਜਨਹਿਤ ਪਟੀਸ਼ਨ ਦੀ ਸੁਣਵਾਈ ਕਰਦਿਆਂ ਸਖ਼ਤ ਟਿੱਪਣੀਆਂ ਕੀਤੀਆਂ ਹਨ ਤੇ ਇੰਡੀਅਨ ਮੈਡੀਕਲ ਐਸੋਸੀਏਸ਼ਨ (ਆਈਐੱਮਏ) ਸਮੇਤ ਕੇਂਦਰ ਦੇ ਤਿੰਨ ਮੰਤਰਾਲਿਆਂ ਨੂੰ ਕਟਹਿਰੇ 'ਚ ਖੜ੍ਹਾ ਕੀਤਾ ਹੈ। ਅਦਾਲਤ ਦਾ ਕਹਿਣਾ ਹੈ ਕਿ ਕੇਂਦਰ ਅਤੇ ਰਾਜਾਂ ਦੇ ਪੱਧਰ 'ਤੇ ਪ੍ਰਸ਼ਾਸਕੀ ਪ੍ਰਬੰਧਾਂ ਦੇ ਬਾਵਜੂਦ ਆਮ ਲੋਕਾਂ ਦੀ ਸਿਹਤ ਨਾਲ ਖਿਲਵਾੜ ਕਿਉਂ ਹੋ ਰਿਹਾ ਹੈ। ਸਿਹਤ ਸੰਭਾਲ ਸਬੰਧੀ ਵਿਭਾਗਾਂ ਅਤੇ ਲਾਇਸੈਂਸਾਂ ਸਬੰਧੀ ਨਿਗਰਾਨਾਂ ਦੇ ਹੁੰਦਿਆਂ ਅਜਿਹੇ ਗੋਰਖ ਧੰਦੇ ਕਿਵੇਂ ਚੱਲਦੇ ਰਹਿੰਦੇ ਹਨ। ਲੋਕਾਂ ਨੂੰ ਬਿਹਤਰ ਸਿਹਤ ਦਾ ਛਲਾਵਾ ਦੇ ਕੇ ਕਿਉਂ ਲੁੱਟ ਲਿਆ ਜਾਂਦਾ ਹੈ। ਉਹ ਆਪਣੇ ਇਲਾਜ ਲਈ ਪੈਸੇ ਖਰਚ ਕਰਦੇ ਹਨ ਪਰ ਬਾਅਦ 'ਚ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਗੁਮਰਾਹ ਕੀਤਾ ਗਿਆ ਸੀ।

ਇਹ ਮਾਮਲਾ ਪਤੰਜਲੀ ਆਯੁਰਵੈਦ ਦੀ ਗੁਮਰਾਹਕੁਨ ਇਸ਼ਤਿਹਾਰਬਾਜ਼ੀ ਦਾ ਹੈ ਜਿਸ ਸਬੰਧੀ ਸੁਪਰੀਮ ਕੋਰਟ 'ਚ ਜਨਹਿਤ ਪਟੀਸ਼ਨ ਦਾਖ਼ਲ ਕੀਤੀ ਗਈ ਹੈ। ਇਸ ਪਟੀਸਸ਼ਨ ਮੁਤਾਬਕ ਯੋਗ ਗੁਰੂ ਰਾਮਦੇਵ ਦੀ ਅਗਵਾਈ ਵਾਲੀ ਪਤੰਜਲੀ ਆਯੁਰਵੈਦ ਨੇ ਕਰੋਨਾ ਕਾਲ ਦੌਰਾਨ 'ਕੋਰੋਨਿਲ' ਨਾਮੀ ਦਵਾਈ ਮਾਰਕੀਟ 'ਚ ਉਤਾਰਦਿਆਂ ਦਾਅਵਾ ਕੀਤਾ ਸੀ ਕਿ ਇਸ ਨਾਲ 'ਕਰੋਨਾ' ਦਾ ਇਲਾਜ ਸੰਭਵ ਹੈ। ਇਸ ਸਬੰਧੀ ਤੇ ਆਪਣੇ ਹੋਰ ਉਤਪਾਦਾਂ ਲਈ ਵੀ ਪਤੰਜਲੀ ਆਯੁਰਵੈਦ ਵੱਲੋਂ ਅਕਸਰ ਹੀ ਅਖ਼ਬਾਰਾਂ ਵਿੱਚ ਵੱਡੇ-ਵੱਡੇ ਇਸ਼ਤਿਹਾਰ ਦਿੱਤੇ ਜਾਂਦੇ ਰਹੇ ਹਨ। ਇੰਡੀਅਨ ਮੈਡੀਕਲ ਐਸੋਸੀਏਸ਼ਨ ਨੇ ਪਤੰਜਲੀ ਆਯੁਰਵੈਦ ਦੇ ਇਨ੍ਹਾਂ ਦਾਅਵਿਆਂ ਨੂੰ ਬੇਬੁਨਿਆਦ ਦੱਸਦਿਆਂ ਇਹ ਪਟੀਸ਼ਨ ਦਾਇਰ ਕੀਤੀ ਗਈ ਸੀ ਕਿ ਬਿਨਾਂ ਕਿਸੇ ਪਰਖ ਦੇ ਅਜਿਹੇ ਦਾਅਵੇ ਨਹੀਂ ਕੀਤੇ ਜਾ ਸਕਦੇ ਅਤੇ ਨਾ ਹੀ ਸਬੰਧਿਤ ਦਵਾਈ ਨਾਲ ਇਲਾਜ ਸੰਭਵ ਸੀ। ਮਾਮਲੇ ਦੀ ਸੁਣਵਾਈ ਦੌਰਾਨ ਜਦੋਂ ਪਤੰਜਲੀ ਆਯੁਰਵੈਦ ਆਪਣੇ ਪੱਖ 'ਚ ਕੋਈ ਪ੍ਰਮਾਣ ਨਹੀਂ ਦੇ ਸਕਿਆ ਤਾਂ ਉਸ ਨੇ ਇਨ੍ਹਾਂ ਇਸ਼ਤਿਹਾਰਾਂ ਲਈ ਮੁਆਫ਼ੀ ਮੰਗ ਲਈ। ਸਰਬਉੱਚ ਅਦਾਲਤ ਨੇ ਇਹ ਆਦੇਸ਼ ਦਿੱਤਾ ਕਿ ਪਤੰਜਲੀ ਆਯੁਰਵੈਦ ਜਿਸ ਤਰ੍ਹਾਂ ਇਸ਼ਤਿਹਾਰਬਾਜ਼ੀ ਕਰਦਾ ਆਇਆ ਹੈ, ਉਸੇ ਤਰ੍ਹਾਂ ਉਹ ਹੁਣ ਵੀ ਅਖ਼ਬਾਰਾਂ 'ਚ ਇਸ਼ਤਿਹਾਰ ਦੇ ਕੇ ਆਪਣੇ ਗੁਮਰਾਹਕੁਨ ਤੇ ਭਰਮ ਸਿਰਜਣ ਵਾਲੇ ਦਾਅਵਿਆਂ ਬਾਰੇ ਮੁਆਫ਼ੀ ਮੰਗੇ ਪਰ ਪਤੰਜਲੀ ਨੇ ਅਖ਼ਬਾਰਾਂ 'ਚ ਮਹਿਜ ਪੰਜ ਸਤਰਾਂ ਦਾ ਇਸ਼ਤਿਹਾਰ ਦੇ ਕੇ ਖਾਨਾਪੂਰਤੀ ਕਰਨ ਦਾ ਯਤਨ ਕੀਤਾ। ਪਤੰਜਲੀ ਆਯੁਰਵੈਦ ਲਿਮਟਿਡ ਦੇ ਇਸ ਵਿਹਾਰ ਤੋਂ ਖ਼ਫ਼ਾ ਅਦਾਲਤ ਨੇ ਰਾਮਦੇਵ ਅਤੇ ਕੰਪਨੀ ਦੇ ਮੈਨੇਜਿੰਗ ਡਾਇਰੈਕਟਰ ਬਾਲਕ੍ਰਿਸ਼ਨ ਦੀ ਖਿਚਾਈ ਕੀਤੀ। ਜਸਟਿਸ ਹਿਮਾ ਕੋਹਲੀ ਅਤੇ ਜਸਟਿਸ ਅਹਿਸਾਨੂਦੀਨ ਅਮਾਨੁੱਲਾ ਦੇ ਬੈਂਚ ਨੇ ਕਿਹਾ ਕਿ ਜਦੋਂ ਰਾਮਦੇਵ ਦੀ ਕੰਪਨੀ ਆਪਣੇ ਉਤਪਾਦਾਂ ਦਾ ਪ੍ਰਚਾਰ ਕਰਦੀ ਹੈ ਤਾਂ ਉਹ ਲੱਖਾਂ ਰੁਪਏ ਖ਼ਰਚ ਕੇ ਅਖ਼ਬਾਰਾਂ 'ਚ ਵੱਡੇ ਇਸ਼ਤਿਹਾਰ ਦਿੰਦੀ ਹੈ ਪਰ ਹੁਣ ਜਦੋਂ ਲੋਕ ਹਿੱਤ ਦਾ ਮਾਮਲਾ ਹੈ ਤਾਂ ਉਹ ਮਹਿਜ ਪੰਜ ਸਤਰਾਂ ਦਾ ਇਸ਼ਤਿਹਾਰ ਅਖ਼ਬਾਰਾਂ ਦੇ ਅੰਦਰਲੇ ਪੰਨਿਆਂ 'ਤੇ ਦੇ ਰਹੀ ਹੈ। ਬੈਂਚ ਦਾ ਕਹਿਣਾ ਹੈ ਕਿ ਇਹ ਸਿਰਫ਼ ਪਤੰਜਲੀ ਦਾ ਮਾਮਲਾ ਨਹੀਂ ਹੈ। ਇਸ ਨਾਲ ਲੋਕਾਂ ਦੇ ਵਡੇਰੇ ਹਿੱਤ ਜੁੜੇ ਹੋਏ ਹਨ। ਭਰਮਾਊ ਇਸ਼ਤਿਹਾਰ ਜਾਰੀ ਕਰ ਕੇ ਲੋਕਾਂ ਦੀ ਸਿਹਤ ਨਾਲ ਖਿਲਵਾੜ ਨਹੀਂ ਕੀਤਾ ਜਾ ਸਕਦਾ। ਬੈਂਚ ਨੇ ਸਪੱਸ਼ਟ ਕੀਤਾ ਹੈ ਕਿ ਉਹ ਕਿਸੇ ਖ਼ਾਸ ਧਿਰ ਜਾਂ ਕੰਪਨੀ ਖਿ ?ਲਾਫ਼ ਸੁਣਵਾਈ ਨਹੀਂ ਕਰ ਰਹੇ ਅਤੇ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਕਿਵੇਂ ਅਤੇ ਕਿਉਂ ਗੁਮਰਾਹ ਕੀਤਾ ਜਾ ਰਿਹਾ ਹੈ ਤੇ ਸਰਕਾਰਾਂ ਉਨ੍ਹਾਂ ਨੂੰ ਬਚਾਉਣ ਲਈ ਕਿਵੇਂ ਕੰਮ ਕਰ ਰਹੀਆਂ ਹਨ।

ਅਦਾਲਤ ਦੀ ਕਾਰਵਾਈ ਸ਼ਲਾਘਾਯੋਗ ਹੈ। ਅਦਾਲਤ ਨੇ ਕੇਵਲ ਦਵਾਈਆਂ ਵੇਚਣ ਵਾਲਿਆਂ ਨੂੰ ਹੀ ਨਹੀਂ ਸਗੋਂ ਕੇਂਦਰੀ ਮੰਤਰਾਲਿਆਂ, ਨਿਗਰਾਨਾਂ ਅਤੇ ਆਈਐੱਮਏ ਨੂੰ ਵੀ ਤਾੜਨਾ ਕੀਤੀ ਹੈ ਕਿ ਉਹ ਆਪੋ-ਆਪਣੇ ਕੰਮਾਂ 'ਚ ਅਣਗਹਿਲੀ ਨਾ ਵਰਤਣ। ਪਤੰਜਲੀ ਦੇ ਹਵਾਲੇ ਨਾਲ ਸਰਬਉੱਚ ਅਦਾਲਤ ਨੇ ਕਿਹਾ ਹੈ ਕਿ ਜੇ ਸਾਰੇ ਵਿਭਾਗ ਆਪਣੀ ਜਿ ?ਮੇਵਾਰੀ ਸਹੀ ਤਰੀਕੇ ਨਾਲ ਨਿਭਾਉਂਦੇ ਤਾਂ ਅਜਿਹੀ ਭਰਮਾਊ ਇਸ਼ਤਿਹਾਰਬਾਜ਼ੀ ਅਤੇ ਦਵਾਈਆਂ ਦੀ ਵਿਕਰੀ ਨੂੰ ਪਹਿਲਾਂ ਹੀ ਰੋਕਿਆ ਜਾ ਸਕਦਾ ਸੀ। ਇੰਡੀਅਨ ਮੈਡੀਕਲ ਐਸੋਸੀਏਸ਼ਨ ਨੂੰ ਵੀ ਤਾੜਨਾ ਕੀਤੀ ਗਈ ਹੈ ਕਿ ਉਹ ਆਪਣੀ ਪੀੜ੍ਹੀ ਹੇਠ ਵੀ ਸੋਟਾ ਫੇਰੇ ਕਿਉਂਕਿ ਐਲੋਪੈਥੀ ਦੇ ਡਾਕਟਰ ਵੀ ਬੇਹੱਦ ਮਹਿੰਗੀਆਂ ਦਵਾਈਆਂ ਲਿਖ ਕੇ ਮਰੀਜ਼ਾਂ ਦੀ ਲੁੱਟ ਦਾ ਰਾਹ ਖੋਲ੍ਹਦੇ ਹਨ।

# ਦੇਸ਼ ਦੇ ਪ੍ਰਧਾਨ ਮੰਤਰੀ ਦਾ ਭਾਸ਼ਣ

ਰਾਜਸਥਾਨ ਦੇ ਬਾਂਸਵਾੜਾ ਸ਼ਹਿਰ ਵਿੱਚ ਚੋਣ ਰੈਲੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਜੋ ਭਾਸ਼ਣ ਦਿੱਤਾ, ਉਸ ਨਾਲ ਵੱਡਾ ਵਿਵਾਦ ਪੈਦਾ ਹੋ ਗਿਆ ਹੈ। ਉਨ੍ਹਾਂ ਕਾਂਗਰਸ ਪਾਰਟੀ ਦੇ ਚੋਣ ਮਨੋਰਥ ਪੱਤਰ ਦਾ ਹਵਾਲਾ ਦੇ ਕੇ ਦੋਸ਼ ਲਾਇਆ ਕਿ ਵਿਰੋਧੀ ਧਿਰ ਦੀ ਪਾਰਟੀ ਲੋਕਾਂ ਦੀ ਮਿਹਨਤ ਮੁਸ਼ੱਕਤ ਦੀ ਕਮਾਈ ਨੂੰ 'ਜਿ ?ਆਦਾ ਬੱਚੇ ਪੈਦਾ ਕਰਨ ਵਾਲੇ' ਲੋਕਾਂ ਅਤੇ 'ਘੁਸਪੈਠੀਆਂ' ਵਿੱਚ ਵੰਡ ਦੇਣਾ ਚਾਹੁੰਦੀ ਹੈ। ਉਨ੍ਹਾਂ ਸਾਬਕਾ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਦੇ 2006 ਵਿੱਚ ਦਿੱਤੇ ਇੱਕ ਬਿਆਨ ਦੇ ਹਵਾਲੇ ਨਾਲ ਇਹ ਵੀ ਕਿਹਾ ਕਿ ਦੇਸ਼ ਦੇ ਸਾਧਨਾਂ ਉੱਪਰ ਮੁਸਲਮਾਨਾਂ ਦਾ ਪਹਿਲਾ ਹੱਕ ਦੱਸਿਆ ਜਾ ਰਿਹਾ ਹੈ। ਇਸ ਬਿਆਨ ਨੂੰ ਨਫ਼ਰਤੀ ਭਾਸ਼ਣ ਕਰਾਰ ਦਿੰਦਿਆਂ 'ਇੰਡੀਆ' ਗੱਠਜੋੜ ਵਿੱਚ ਸ਼ਾਮਿਲ ਬਹੁਤ ਸਾਰੀਆਂ ਪਾਰਟੀਆਂ ਨੇ ਭਾਰਤ ਦੇ ਚੋਣ ਕਮਿਸ਼ਨ ਤੋਂ ਮੰਗ ਕੀਤੀ ਹੈ ਕਿ ਇਸ ਮਾਮਲੇ ਵਿੱਚ ਫੌਰੀ ਕਾਰਵਾਈ ਕੀਤੀ ਜਾਵੇ। ਕਾਂਗਰਸ ਪਾਰਟੀ ਨੇ ਦੋਸ਼ ਲਾਇਆ ਹੈ ਕਿ ਪ੍ਰਧਾਨ ਮੰਤਰੀ ਮੋਦੀ ਦਾ ਬਿਆਨ ਵੰਡਪਾਊ ਹੈ ਅਤੇ ਖ਼ਾਸ ਧਾਰਮਿਕ ਭਾਈਚਾਰੇ ਖਿ ?ਲਾਫ਼ ਮੰਦਭਾਵਨਾ ਤੋਂ ਪ੍ਰੇਰਿਤ ਹੈ।

ਇਸ ਮਾਮਲੇ ਨੂੰ ਲੈ ਕੇ ਹੁਣ ਸਾਰੀਆਂ ਨਜ਼ਰਾਂ ਚੋਣ ਕਮਿਸ਼ਨ 'ਤੇ ਹਨ ਕਿ ਇਸ ਦਾ ਰੁਖ਼ ਕੀ ਰਹਿੰਦਾ ਹੈ। ਚੋਣ ਕਮਿਸ਼ਨ 'ਤੇ ਪਹਿਲਾਂ ਹੀ ਸਵਾਲ ਉਠ ਰਹੇ ਹਨ ਕਿ ਉਹ ਸੱਤਾਧਾਰੀ ਪਾਰਟੀ ਪ੍ਰਤੀ ਨਰਮੀ ਤੋਂ ਕੰਮ ਲੈਂਦਾ ਹੈ; ਦੂਜੀਆਂ ਪਾਰਟੀਆਂ ਦੇ ਆਗੂਆਂ ਖਿ ?ਲਾਫ਼ ਝੱਟ ਨੋਟਿਸ ਜਾਰੀ ਹੋ ਜਾਂਦੇ ਹਨ ਅਤੇ ਕਾਰਵਾਈ ਵੀ ਕੀਤੀ ਜਾਂਦੀ ਹੈ। ਚੋਣ ਪ੍ਰਚਾਰ ਦੌਰਾਨ ਵੱਖ-ਵੱਖ ਪਾਰਟੀਆਂ ਇੱਕ ਦੂਜੇ ਦੇ ਕੰਮਾਂ ਅਤੇ ਪ੍ਰੋਗਰਾਮਾਂ ਉੱਪਰ ਹਮਲੇ ਕਰਦੀਆਂ ਰਹਿੰਦੀਆਂ ਹਨ ਪਰ ਇਸ ਵਿੱਚ ਕਿਸੇ ਭਾਈਚਾਰੇ ਨੂੰ ਹਰਗਿਜ਼ ਨਿਸ਼ਾਨਾ ਨਹੀਂ ਬਣਾਇਆ ਜਾਣਾ ਚਾਹੀਦਾ। ਸਾਰੀਆਂ ਪਾਰਟੀਆਂ ਦੇ ਪ੍ਰਮੁੱਖ ਆਗੂਆਂ ਦਾ ਇਹ ਫਰਜ਼ ਹੈ ਕਿ ਉਹ ਚੋਣ ਪ੍ਰਚਾਰ ਦੌਰਾਨ ਅਜਿਹੀ ਬਿਆਨਬਾਜ਼ੀ ਜਾਂ ਟੀਕਾ ਟਿੱਪਣੀ ਨਾ ਕਰਨ ਜਿਸ ਨਾਲ ਦੇਸ਼ ਦੇ ਲੋਕਾਂ ਦਰਮਿਆਨ ਆਪਸੀ ਸਾਂਝ ਤੇ ਮੇਲ ਜੋਲ ਉੱਪਰ ਬੁਰਾ ਅਸਰ ਪੈਂਦਾ ਹੋਵੇ।

2019 ਵਾਲੀਆਂ ਚੋਣਾਂ ਦੌਰਾਨ ਕਾਂਗਰਸ ਆਗੂ ਰਾਹੁਲ ਗਾਂਧੀ ਨੇ ਕਰਨਾਟਕ ਵਿੱਚ ਚੋਣ ਰੈਲੀ ਦੌਰਾਨ ਮੋਦੀ ਨੂੰ ਨਿਸ਼ਾਨੇ 'ਤੇ ਲੈਂਦਿਆਂ ਇਹ ਸਵਾਲ ਉਠਾਇਆ ਸੀ ਕਿ ਸਾਰੇ ਚੋਰਾਂ ਦੇ ਉਪਨਾਮ ਮੋਦੀ ਹੀ ਕਿਉਂ ਹੁੰਦੇ ਹਨ। ਇਸ 'ਤੇ ਗੁਜਰਾਤ ਵਿੱਚ ਭਾਜਪਾ ਦੇ ਇੱਕ ਵਿਧਾਇਕ ਨੇ ਰਾਹੁਲ ਗਾਂਧੀ ਖਿ ?ਲਾਫ਼ ਮਾਣਹਾਨੀ ਦਾ ਕੇਸ ਦਾਇਰ ਕਰ ਦਿੱਤਾ ਸੀ ਜਿਸ ਵਿੱਚ ਦੋਸ਼ੀ ਪਾਏ ਜਾਣ ਤੋਂ ਤੁਰੰਤ ਬਾਅਦ ਰਾਹੁਲ ਗਾਂਧੀ ਦੀ ਲੋਕ ਸਭਾ ਦੀ ਮੈਂਬਰੀ ਬਰਖ਼ਾਸਤ ਕਰ ਦਿੱਤੀ ਗਈ ਸੀ। ਬਾਅਦ ਵਿੱਚ ਪਿਛਲੇ ਸਾਲ ਅਗਸਤ ਵਿੱਚ ਸੁਪਰੀਮ ਕੋਰਟ ਵਲੋਂ ਸਜ਼ਾ 'ਤੇ ਰੋਕ ਲਾਉਣ ਤੋਂ ਬਾਅਦ ਉਨ੍ਹਾਂ ਦੀ ਮੈਂਬਰੀ ਬਹਾਲ ਹੋਈ ਸੀ। ਸੁਪਰੀਮ ਕੋਰਟ ਨੇ ਇਸ ਸਬੰਧ ਵਿੱਚ ਆਖਿਆ ਸੀ ਕਿ ਉਹ ਕਥਿਤ ਟਿੱਪਣੀਆਂ ਬੇਸੁਆਦੀਆਂ ਸਨ। ਜਨਤਕ ਜੀਵਨ ਵਿੱਚ ਵਿਚਰਨ ਵਾਲੇ ਕਿਸੇ ਸ਼ਖ਼ਸ ਨੂੰ ਭਾਸ਼ਣ ਦੇਣ ਸਮੇਂ ਸੰਜਮ ਤੋਂ ਕੰਮ ਲੈਣਾ ਚਾਹੀਦਾ ਹੈ। ਸਾਰੀਆਂ ਪਾਰਟੀਆਂ ਦੇ ਆਗੂਆਂ ਨੂੰ ਇਸ ਮੁਤੱਲਕ ਖਿਆਲ ਰੱਖਣ ਦੀ ਲੋੜ ਹੈ ਕਿ ਉਨ੍ਹਾਂ ਦੀਆਂ ਟੀਕਾ-ਟਿੱਪਣੀਆਂ ਦਾ ਕਈ ਵਾਰ ਬਹੁਤ ਦੂਰਗਾਮੀ ਪ੍ਰਭਾਵ ਪੈਂਦਾ ਹੈ।

# ਸਿਹਤ ਸੰਭਾਲ: ਲੋਕਾਂ ਸਿਰੋਂ ਵਿੱਤੀ ਬੋਝ ਕਿੰਝ ਘਟੇ

**ਸੁਬੀਰ ਰੌਏ**

ਵੱਕਾਰੀ ਮੈਡੀਕਲ ਰਸਾਲੇ 'ਦਿ ਲੈਂਸੇਟ' ਦੀ ਹਾਲੀਆ ਸੰਪਾਦਕੀ ਵਿੱਚ ਕਿਹਾ ਗਿਆ ਹੈ ਕਿ ਨਰਿੰਦਰ ਮੋਦੀ ਸਰਕਾਰ ਅਧੀਨ ਸਿਹਤ ਸੰਭਾਲ ਖੇਤਰ ਦੀ ਕਾਰਗੁਜ਼ਾਰੀ ਮਾੜੀ ਰਹੀ ਹੈ। ਸੰਪਾਦਕੀ ਮੁਤਾਬਕ, ਸਿਹਤ ਖੇਤਰ 'ਤੇ ਸਰਕਾਰ ਦਾ ਖ਼ਰਚ ਹੁਣ ਬੇਹੱਦ ਥੋੜ੍ਹਾ ਰਹਿ ਗਿਆ ਹੈ ਜੋ ਕੁੱਲ ਘਰੇਲੂ ਉਤਪਾਦ (ਜੀਡੀਪੀ) ਦਾ ਕੇਵਲ 1.2 ਪ੍ਰਤੀਸ਼ਤ ਬਣਦਾ ਹੈ। ਇਉਂ ਸਿਹਤ ਸੰਭਾਲ ਲਈ ਮਰੀਜ਼ ਨੂੰ ਜੇਬ ਵਿੱਚੋਂ ਕਰਨਾ ਪੈ ਰਿਹਾ ਖ਼ਰਚ (ਆਊਟ ਆਫ ਪਾਕੇਟ) ਬਹੁਤ ਜਿ ?ਆਦਾ ਹੈ ਅਤੇ ਮੁੱਢਲੀ ਸਿਹਤ ਸੰਭਾਲ ਤੇ ਵਿਆਪਕ ਸਿਹਤ ਬੀਮਾ ਅਜੇ ਤੱਕ ਬੇਹੱਦ ਲੋੜਵੰਦ ਤਬਕੇ ਤੱਕ ਪਹੁੰਚਣ 'ਚ ਨਾਕਾਮ ਰਿਹਾ ਹੈ। ਨਾਲ ਹੀ ਕਿਹਾ ਗਿਆ ਹੈ ਕਿ ਮਿਆਰੀ ਸਿਹਤ ਸੇਵਾਵਾਂ ਤੱਕ ਪਹੁੰਚ ਵੀ 'ਹਰੇਕ ਨੂੰ ਬਰਾਬਰ' ਉਪਲਬਧ ਨਹੀਂ ਪਰ ਵੱਡਾ ਅੜਿ ?ਕਾ ਜਿਸ ਦਾ ਭਾਰਤ ਸਾਹਮਣਾ ਕਰ ਰਿਹਾ ਹੈ, ਉਹ ਸਿਹਤ ਦੇ ਅੰਕੜਿਆਂ ਤੇ ਇਨ੍ਹਾਂ ਦੀ ਪਾਰਦਰਸ਼ਤਾ ਨਾਲ ਸਬੰਧਿਤ ਹੈ।



ਕੌਮਾਂਤਰੀ ਪੱਧਰ 'ਤੇ ਮਿਲਦੀ ਜਾਣਕਾਰੀ ਮੁਤਾਬਕ ਭਾਰਤ ਸਰਕਾਰ ਸਿਹਤ ਸੰਭਾਲ ਉੱਤੇ ਪ੍ਰਤੀ ਜੀਅ ਬੰਗਲਾਦੇਸ਼ ਤੇ ਨੇਪਾਲ ਨਾਲੋਂ ਵੱਧ ਖ਼ਰਚ ਕਰ ਰਹੀ ਹੈ ਤੇ ਭਾਰਤੀ ਜੇਬ ਵਿੱਚੋਂ ਵੀ ਖ਼ਰਚ ਕਰ ਰਹੇ ਹਨ, ਫਿਰ ਵੀ ਭਾਰਤੀ ਲੋਕ ਘੱਟ ਸਮਾਂ ਜਿਊਂਦੇ ਹਨ। ਕਿਤੇ ਨਾ ਕਿਤੇ ਕੁਝ ਗ਼ਲਤ ਤਾਂ ਜ਼ਰੂਰ ਹੈ, ਇਸ ਨੂੰ ਸੁਧਾਰਨਾ ਪਏਗਾ। 'ਲੈਂਸੇਟ' ਦੇ ਅਧਿਐਨ ਮੁਤਾਬਕ ਸਿਹਤ ਸੰਭਾਲ 'ਤੇ ਭਾਰਤ ਦਾ ਖ਼ਰਚ ਜੀ-20 ਮੁਲਕਾਂ ਵਿੱਚ ਸਭ ਤੋਂ ਘੱਟ ਹੈ; ਇਹ ਵੀ ਕੋਈ ਹੈਰਾਨ ਕਰਨ ਵਾਲੀ ਗੱਲ ਨਹੀਂ ਕਿ ਗਰੁੱਪ 'ਚ ਸਭ ਤੋਂ ਘੱਟ ਪ੍ਰਤੀ ਜੀਅ ਆਮਦਨੀ ਵੀ ਭਾਰਤ ਦੀ ਹੈ। ਜੇ ਸਿਹਤ ਸੰਭਾਲ ਖੇਤਰ 'ਚ ਕਾਰਗੁਜ਼ਾਰੀ ਇਸੇ ਤਰ੍ਹਾਂ ਮਾੜੀ ਰਹੀ ਤਾਂ ਜੀ-20 ਦੀ ਪ੍ਰਧਾਨਗੀ ਵਰਤ ਕੇ 'ਗਲੋਬਲ ਸਾਊਥ' ਦਾ ਧੁਰਾ ਬਣਨ ਦੀਆਂ ਭਾਰਤ ਦੀਆਂ ਕੋਸ਼ਿਸ਼ਾਂ ਬਿਲਕੁਲ ਵੀ ਸਿਰੇ ਨਹੀਂ ਚੜ੍ਹ ਸਕਣਗੀਆਂ।

ਅਜਿਹਾ ਨਹੀਂ ਕਿ ਸਰਕਾਰ ਕੋਸ਼ਿਸ਼ ਨਹੀਂ ਕਰ ਰਹੀ; ਕਰੀਬ ਪੰਜ ਸਾਲ ਪਹਿਲਾਂ ਇਸ ਨੇ 'ਆਯੂਸ਼ਮਾਨ ਭਾਰਤ' ਸਿਹਤ ਬੀਮਾ ਯੋਜਨਾ ਸ਼ੁਰੂ ਕੀਤੀ ਸੀ। ਇਸ ਤਹਿਤ ਲੋੜਵੰਦ ਪਰਿਵਾਰਾਂ ਨੂੰ ਸਥਾਨਕ ਜਾਂ ਖੇਤਰੀ ਹਸਪਤਾਲਾਂ ਵਿੱਚ ਪੰਜ ਲੱਖ ਰੁਪਏ ਤੱਕ ਦੀ ਸਾਲਾਨਾ ਬੀਮਾ ਸਹੂਲਤ ਦਿੱਤੀ ਜਾ ਰਹੀ ਹੈ। ਇਸ ਦਾ ਮੰਤਵ ਗ਼ਰੀਬਾਂ ਦੇ ਪੱਲਿਓਂ ਹੁੰਦਾ ਖ਼ਰਚ ਘਟਾਉਣਾ ਹੈ ਤੇ ਉਨ੍ਹਾਂ ਨੂੰ ਅਹਿਮ ਇਲਾਜ ਸਹੂਲਤਾਂ ਤੇ ਐਮਰਜੈਂਸੀ ਸੰਭਾਲ ਮੁਹੱਈਆ ਕਰਾਉਣਾ ਹੈ ਜੋ ਇਸ ਤੋਂ ਪਹਿਲਾਂ ਉਨ੍ਹਾਂ ਦੀ ਪਹੁੰਚ ਤੋਂ ਬਾਹਰ ਸੀ (ਆਪਣੀ ਜੇਬ 'ਚੋਂ ਪੈਸੇ ਖ਼ਰਚ ਕੇ ਕਈ ਗ਼ਰੀਬ ਪਰਿਵਾਰ ਹੋਰ ਮੁਥਾਜ ਹੋ ਜਾਂਦੇ ਸਨ) ਤੇ ਇਸ ਦਾ ਅਸਰ ਅਨੁਸੂਚਿਤ ਕਬੀਲਿਆਂ ਵਰਗੀਆਂ ਪੱਛੜੀਆਂ ਸ਼੍ਰੇਣੀਆਂ ਵਿੱਚ ਸਭ ਤੋਂ ਵੱਧ ਸੀ।

ਸਿਹਤ ਸੰਭਾਲ ਭਾਵੇਂ ਰਾਜ ਦਾ ਵਿਸ਼ਾ ਹੈ ਪਰ ਕੇਂਦਰ ਸਰਕਾਰ ਮੁਫ਼ਤ ਸਿਹਤ ਸਹੂਲਤਾਂ ਮੁਹੱਈਆ ਕਰਾਉਣ ਨਾਲ ਜੁੜ ਗਈ, ਭਾਵੇਂ ਸੂਬੇ ਵਿੱਚ ਕਿਸੇ ਵੀ ਪਾਰਟੀ ਦੀ ਸਰਕਾਰ ਹੋਵੇ; ਖ਼ਾਸ ਤੌਰ 'ਤੇ ਦੱਖਣ ਭਾਰਤ ਦੇ ਸੂਬੇ ਜਿੱਥੇ ਜਿ ?ਆਦਾਤਰ ਵਿਰੋਧੀ ਪਾਰਟੀਆਂ ਦੀਆਂ ਸਰਕਾਰਾਂ ਹਨ ਤੇ ਜੋ ਪਹਿਲਾਂ ਹੀ ਆਪੋ-ਆਪਣੀਆਂ ਸਿਹਤ ਸਕੀਮਾਂ ਚਲਾ ਰਹੀਆਂ ਹਨ, ਨੇ ਆਯੂਸ਼ਮਾਨ ਸਕੀਮ ਦਾ ਸਭ ਤੋਂ ਵੱਧ ਲਾਹਾ ਲਿਆ ਹੈ। ਉੱਥੇ ਮੁਕਾਬਲਤਨ ਬਿਹਤਰ ਸਿਹਤ ਢਾਂਚਾ ਵੀ ਹੈ। ਬਿਹਾਰ, ਝਾਰਖੰਡ, ਮੱਧ ਪ੍ਰਦੇਸ਼, ਉੱਤਰ ਪ੍ਰਦੇਸ਼ ਤੇ ਮਹਾਰਾਸ਼ਟਰ ਵਰਗੇ ਸੂਬੇ ਵੀ ਜਿੱਥੇ ਆਯੂਸ਼ਮਾਨ ਸਕੀਮ ਤੋਂ ਪਹਿਲਾਂ ਸਿਹਤ ਬੀਮਾ ਕਵਰੇਜ ਘੱਟ ਸੀ, ਨੇ 'ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ' (ਆਯੂਸ਼ਮਾਨ ਸਕੀਮ ਦਾ ਨਵਾਂ ਨਾਂ) ਤਹਿਤ ਆਬਾਦੀ ਦੇ ਵੱਡੇ ਵਰਗ ਨੂੰ ਲਾਭ ਮੁਹੱਈਆ ਕਰਾਇਆ ਹੈ।

ਸਿਹਤ ਸੰਭਾਲ 'ਤੇ 'ਆਊਟ ਆਫ ਪਾਕੇਟ' ਖ਼ਰਚ ਜੋ 2014-15 ਵਿਚ ਇੱਕ ਪਰਿਵਾਰ ਦੇ ਕੁੱਲ ਸਿਹਤ ਖ਼ਰਚ ਦਾ 62.6 ਪ੍ਰਤੀਸ਼ਤ ਸੀ, 2019-20 ਵਿਚ ਘਟ ਕੇ 47 ਪ੍ਰਤੀਸ਼ਤ ਰਹਿ ਗਿਆ ਸੀ। ਇਹ ਸਰਕਾਰ ਵੱਲੋਂ 'ਪ੍ਰਧਾਨ ਮੰਤਰੀ ਜਨ ਅਰੋਗਿਆ ਯੋਜਨਾ' ਤਹਿਤ ਸਿਹਤ ਸੰਭਾਲ ਲਈ ਵਧਾਏ ਸਮਾਜਿਕ ਖ਼ਰਚ ਤੋਂ ਬਾਅਦ ਹੌਲੀ-ਹੌਲੀ ਹੋਇਆ। ਸਿਹਤ ਤੇ ਸਮਾਜਿਕ ਸੁਰੱਖਿਆ ਖ਼ਰਚ 2014-15 ਵਿੱਚ 5.7 ਪ੍ਰਤੀਸ਼ਤ ਤੋਂ ਵਧ ਕੇ 2019-20 ਵਿੱਚ ਵੀ 9.3 ਪ੍ਰਤੀਸ਼ਤ ਹੋ ਗਿਆ; ਔਸਤ ਪ੍ਰਤੀ ਜੀਅ ਮੈਡੀਕਲ ਖ਼ਰਚ 11,315 ਤੋਂ ਲੈ ਕੇ 21,778 ਦੇ ਵਿਚਾਲੇ ਹੈ। ਇਹ ਵੀ ਇਸ ਪੱਖ 'ਤੇ ਨਿਰਭਰ ਕਰਦਾ ਹੈ ਕਿ ਵਿਅਕਤੀ ਐੱਸਸੀ, ਐੱਸਟੀ ਜਾਂ ਓਬੀਸੀ ਵਿੱਚੋਂ ਕਿਹੜੇ ਵਰਗ ਨਾਲ ਸਬੰਧਿਤ ਹੈ ਤੇ ਉਹ ਦਿਹਾਤੀ ਜਾਂ ਸ਼ਹਿਰ, ਕਿਹੜੇ ਖੇਤਰ ਵਿੱਚ ਵਸਦਾ ਹੈ। ਹਰ ਪਰਿਵਾਰ ਲਈ ਉਪਲੱਬਧ ਪੰਜ ਲੱਖ ਰੁਪਏ ਦੀ ਇਸ ਸਾਲਾਨਾ ਰਾਸ਼ੀ ਨੇ ਇਹ ਖ਼ਰਚ ਘਟਾਉਣ 'ਚ ਕਾਫੀ ਮਦਦ ਕੀਤੀ ਹੈ ਤੇ ਗ਼ਰੀਬ ਨੂੰ ਘੋਰ ਗ਼ਰੀਬੀ ਤੋਂ ਬਚਾਇਆ ਹੈ।

ਹਾਲਾਂਕਿ ਇਹ ਅੰਕੜੇ ਸਰਕਾਰ ਬਾਰੇ ਚੰਗਾ ਬੋਲਦੇ ਹਨ ਪਰ ਇਨ੍ਹਾਂ ਦੀ ਭਰੋਸੇਯੋਗਤਾ ਬਾਰੇ ਕੁਝ ਸਵਾਲ ਹਨ ਜਿਨ੍ਹਾਂ ਨੂੰ 'ਲੈਂਸੇਟ' ਦੀ ਸੰਪਾਦਕੀ ਨੇ ਉਭਾਰਿਆ ਹੈ। 2021 ਦੀ ਜਨਗਣਨਾ ਅਜੇ ਹੋਣੀ ਹੈ। ਇਸ ਕਾਰਨ ਕਈ ਹੋਰ ਸਰਵੇਖਣ ਲਟਕੇ ਹੋਏ ਹਨ: ਜੇ ਤੁਹਾਨੂੰ ਇਹ ਨਹੀਂ ਪਤਾ ਕਿ ਭਾਰਤੀਆਂ ਦੀ ਗਿਣਤੀ ਕਿੰਨੀ ਹੈ ਤਾਂ ਤੁਸੀਂ ਪੱਲਿਓਂ ਹੁੰਦੇ ਖ਼ਰਚ ਤੇ ਆਬਾਦੀ 'ਚ ਬਿਮਾਰੀਆਂ ਦੀ ਪ੍ਰਤੀ ਜੀਅ ਦਰ ਦਾ ਅੰਦਾਜ਼ਾ ਕਿਵੇਂ ਲਾਓਗੇ। ਸਰਕਾਰੀ ਤੌਰ 'ਤੇ ਮੁਹੱਈਆ ਜਾਣਕਾਰੀ ਨਕਾਰਨ ਦੀ ਲੋੜ ਨਹੀਂ ਹੁੰਦੀ ਪਰ ਇਹ ਵੀ ਧਿਆਨ 'ਚ ਰੱਖਣ ਦੀ ਲੋੜ ਹੈ ਕਿ ਅਜਿਹੇ ਅੰਕੜੇ ਥੋੜ੍ਹੇ ਪੁਰਾਣੇ ਹੀ ਹੁੰਦੇ ਹਨ।

ਇਹ ਸਪੱਸ਼ਟ ਹੈ ਕਿ ਉੱਚੇ ਦਰਮਿਆਨੀ-ਆਮਦਨੀ ਵਾਲੇ ਜਾਂ ਉੱਚ ਆਮਦਨੀ ਵਾਲੇ ਮੁਲਕ ਨੂੰ ਅਜਿਹੇ ਨਾਗਰਿਕਾਂ ਦੀ ਲੋੜ ਹੈ ਜੋ ਲੰਮੀ ਤੇ ਸਿਹਤਮੰਦ ਜਿ ?ਦਗੀ ਜਿਊਣ। ਲੋਕਾਂ ਨੂੰ ਵੀ ਪੌਸ਼ਟਿਕ ਆਹਾਰ ਲੈਣਾ ਚਾਹੀਦਾ ਹੈ ਤੇ ਸਰੀਰਕ ਤੌਰ 'ਤੇ ਚੁਸਤ ਰਹਿਣਾ ਚਾਹੀਦਾ ਹੈ। ਸਿਹਤਮੰਦ ਮੁਲਕ ਬਣਨ ਲਈ ਭਾਰਤ ਨੂੰ ਨਵੀਆਂ ਯੋਜਨਾਵਾਂ ਬਣਾਉਣ ਜਾਂ ਮਾਵਾਂ ਦੀ ਸਿਹਤ, ਗਰਭ ਧਾਰਨ ਦੌਰਾਨ ਮੈਡੀਕਲ ਸਹਾਇਤਾ ਤੇ ਜਣੇਪੇ ਅਤੇ ਪੌਸ਼ਟਿਕਤਾ ਬਾਰੇ ਮੌਜੂਦਾ ਪ੍ਰੋਗਰਾਮਾਂ ਨੂੰ ਹੀ ਅੱਗੇ ਵਧਾਉਣ ਦੀ ਲੋੜ ਹੈ। ਬੱਚੇ ਵੀ ਓਨੇ ਘੱਟ ਵਿਕਸਿਤ ਤੇ ਕਮਜ਼ੋਰ ਨਹੀਂ ਪੈਦਾ ਹੋਣੇ ਚਾਹੀਦੇ ਜਿੰਨੇ ਹੋ ਰਹੇ ਹਨ। ਸਰਕਾਰ ਨੇ ਵੀ ਕਈ ਪ੍ਰੋਗਰਾਮ ਲਾਗੂ ਕੀਤੇ ਹਨ ਜਿਨ੍ਹਾਂ ਤਹਿਤ ਆਸ਼ਾ ਵਰਕਰਾਂ (ਮਾਨਤਾ ਪ੍ਰਾਪਤ ਸਮਾਜਿਕ ਸਿਹਤ ਕਾਰਕੁਨ) ਅਤੇ ਆਂਗਨਵਾੜੀ ਵਰਕਰਾਂ ਨੂੰ ਤਾਇਨਾਤ ਕੀਤਾ ਗਿਆ ਹੈ ਜੋ ਘਰ-ਘਰ ਜਾ ਕੇ ਜਣੇਪੇ ਸਬੰਧੀ ਸਲਾਹ ਦਿੰਦੀਆਂ ਹਨ ਤੇ ਟੀਕਾਕਰਨ ਕਰਦੀਆਂ ਹਨ। ਇਨ੍ਹਾਂ ਲਈ ਤਨਖ਼ਾਹਾਂ ਵੀ ਹਾਲ ਹੀ ਵਿੱਚ ਵਧਾਈਆਂ ਗਈਆਂ ਹਨ। ਇਨ੍ਹਾਂ ਲਾਭਦਾਇਕ ਯੋਜਨਾਵਾਂ ਨੂੰ ਅੱਗੇ ਵਧਾਉਣ ਦੀ ਲੋੜ ਹੈ। ਸਰਕਾਰ ਤੇ ਲੋਕਾਂ ਨੂੰ ਪ੍ਰਾਈਵੇਟ ਸਿਹਤ ਸੰਭਾਲ ਖੇਤਰ ਦੀ ਹਾਲਤ ਉੱਤੇ ਵੀ ਧਿਆਨ ਦੇਣ ਦੀ ਲੋੜ ਹੈ। ਇਸ ਖੇਤਰ ਨੂੰ ਵੀ ਕਈ ਰੋਗ ਚਿੰਬੜੇ ਹੋਏ ਹਨ। ਪ੍ਰਾਈਵੇਟ ਹਸਪਤਾਲਾਂ ਨਾਲ ਜੁੜੇ ਕਈ ਡਾਕਟਰ ਤੇ ਕੰਸਲਟੈਂਟ ਵੀ ਤੁਰੰਤ ਕਈ ਤਰ੍ਹਾਂ ਦੇ ਟੈਸਟ ਕਰਵਾਉਣ ਲਈ ਕਹਿ ਦਿੰਦੇ ਹਨ ਜਿਨ੍ਹਾਂ ਵਿੱਚੋਂ ਉਨ੍ਹਾਂ ਨੂੰ ਹਿੱਸਾ ਮਿਲਦਾ ਹੈ। ਪ੍ਰਾਈਵੇਟ ਹਸਪਤਾਲ ਨਿਯਮਿਤ ਤੌਰ 'ਤੇ ਵੱਧ ਪੈਸੇ ਵਸੂਲਦੇ ਹਨ ਤੇ ਮਰੀਜ਼ ਜਿਸ ਨੂੰ ਅਧਿਕਾਰਤ ਤੌਰ 'ਤੇ ਛੁੱਟੀ ਮਿਲ ਚੁੱਕੀ ਹੁੰਦੀ ਹੈ, ਅਕਸਰ ਘਰ ਨਹੀਂ ਜਾ ਪਾਉਂਦਾ ਕਿਉਂਕਿ ਉਸ ਦੀ ਸਿਹਤ ਬੀਮਾ ਕੰਪਨੀ ਦੇ ਏਜੰਟ ਅਤੇ ਹਸਪਤਾਲ ਵਿਚਾਲੇ ਬਿੱਲ 'ਤੇ ਸਹਿਮਤੀ ਨਹੀਂ ਬਣਦੀ। ਆਖ਼ਰਕਾਰ, ਮਰੀਜ਼ ਦੇ ਪਰਿਵਾਰ ਨੂੰ ਕੋਲੋਂ ਪੈਸੇ ਦੇ ਕੇ ਮਰੀਜ਼ ਨੂੰ ਘਰ ਲਿਜਾਣਾ ਪੈਂਦਾ ਹੈ। ਨਗਦੀ ਰਹਿਤ ਇਲਾਜ ਦੇ ਘੇਰੇ ਵਿਚ ਆਉਂਦੇ ਕਈ ਪ੍ਰਾਈਵੇਟ ਹਸਪਤਾਲ ਅਕਸਰ ਮਰੀਜ਼ਾਂ ਨੂੰ ਇਹ ਦਾਅਵਾ ਕਰ ਕੇ ਮੋੜ ਦਿੰਦੇ ਹਨ ਕਿ ਉਨ੍ਹਾਂ ਦੇ ਕਈ ਬਿੱਲ ਅਜੇ ਬਕਾਇਆ ਪਏ ਹਨ।

ਹਾਲਾਂਕਿ ਸਰਕਾਰ ਨੇ ਆਪਣੀ ਬਣਦੀ ਭੂਮਿਕਾ ਅਦਾ ਕਰਨੀ ਹੁੰਦੀ ਹੈ ਜਿਸ ਵਿਚ ਉਨ੍ਹਾਂ ਅਧਿਕਾਰੀਆਂ ਦਾ ਰਵੱਈਆ ਬਦਲਣਾ ਵੀ ਸ਼ਾਮਲ ਹੈ ਜਿਨ੍ਹਾਂ ਹੱਥ ਬਿੱਲਾਂ ਦੀ ਅਦਾਇਗੀ ਹੈ ਪਰ ਸਿਵਲ ਸੁਸਾਇਟੀ ਨੂੰ ਵੀ ਕਾਫੀ ਕੁਝ ਕਰਨ ਦੀ ਲੋੜ ਹੈ। ਮਿਆਦੀ ਸਰਵੇਖਣਾਂ ਦੀ ਵੀ ਲੋੜ ਹੈ ਜੋ ਜ਼ਮੀਨੀ ਪੱਧਰ 'ਤੇ ਸਾਨੂੰ ਸਿਹਤ ਸੰਭਾਲ ਖੇਤਰ ਦੀ ਗ਼ੈਰ-ਸਰਕਾਰੀ ਸਮਝ ਦੇ ਸਕਣਗੇ। ਕੁਝ ਸਮਾਜ ਪੱਖੀ ਡਾਕਟਰ ਆਪਣੇ ਹਸਪਤਾਲ ਚਲਾ ਰਹੇ ਹਨ, ਇਨ੍ਹਾਂ ਵਿੱਚੋਂ ਕੁਝ ਗ਼ੈਰ-ਸ਼ਹਿਰੀ ਖੇਤਰਾਂ ਵਿੱਚ ਹਨ ਜਿੱਥੇ ਉਹ ਕਿਫ਼ਾਇਤੀ ਦਰਾਂ 'ਤੇ ਮਰੀਜ਼ਾਂ ਨੂੰ ਜਾਂਚ ਕੇ ਬਿਨਾਂ ਨਫ਼ਾ-ਨੁਕਸਾਨ ਆਪਣਾ ਕੰਮ ਚਲਾਉਣ ਦੇ ਸਮਰੱਥ ਹਨ।

ਭਾਰਤ ਦਾ ਸਿਹਤ ਸੰਭਾਲ ਖੇਤਰ ਬਿਮਾਰ ਹੈ ਤੇ ਇਸ ਨੂੰ ਸਹੀ ਕਰਨ ਲਈ ਵੱਖ-ਵੱਖ ਹਿੱਤ ਧਾਰਕਾਂ ਦੀ ਮਦਦ ਦੀ ਲੋੜ ਹੈ। 2047 ਤੱਕ ਭਾਰਤ ਨੂੰ ਵਿਕਸਤ ਬਣਾਉਣ ਦੇ ਵਾਅਦੇ ਵੋਟਾਂ ਤਾਂ ਖਿੱਚ ਸਕਦੇ ਹਨ ਪਰ ਅਸਲ ਵਿੱਚ ਉੱਥੇ ਪਹੁੰਚਣ ਲਈ ਸਿਹਤ ਸੰਭਾਲ ਸਣੇ ਕਈ ਖੇਤਰਾਂ ਵਿਚ ਲੰਮਾ ਤੇ ਕਠੋਰ ਸਫ਼ਰ ਤੈਅ ਕਰਨਾ ਪਏਗਾ; ਨਹੀਂ ਤਾਂ ਭਾਰਤ ਗ਼ਰੀਬੀ 'ਚ ਜਕੜਿਆ ਨਿਮਨ ਦਰਮਿਆਨੀ ਆਮਦਨ ਵਾਲਾ ਮੁਲਕ ਬਣ ਕੇ ਰਹਿ ਜਾਵੇਗਾ।

# ਮੌਜਾਂ ਹੀ ਮੌਜਾਂ: ਜਿਨ੍ਹਾਂ ਦੀ ਚੋਣਾਂ 'ਚ ਲੱਗੀ 'ਲਾਟਰੀ' !

**ਚੰਡੀਗੜ੍ਹ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ 'ਚ ਵਿਰਲੇ ਹੀ ਹੁੰਦੇ ਹਨ ਜਿਨ੍ਹਾਂ ਦੇ ਹਿੱਸੇ ਪਾਰਲੀਮੈਂਟ ਦੀ 'ਸਿੱਧੀ ਟਿਕਟ' ਆਉਂਦੀ ਹੈ, ਅਜਿਹਾ ਉਮੀਦਵਾਰ ਨਾ ਸਿਰਫ਼ ਇਹ ਚੋਣਾਂ ਦੇ ਝੰਜਟ ਤੋਂ ਬਚਦੇ ਹਨ ਬਲਕਿ ਚੋਣਾਂ ਦੇ ਖ਼ਰਚੇ ਤੋਂ ਵੀ ਬਚ ਜਾਂਦੇ ਹਨ। ਅੱਜ ਦੇ ਦੌਰ 'ਚ ਸਿਆਸੀ ਧਿਰਾਂ 'ਚ ਰਾਜਸੀ ਲੜਾਈ ਦੁਸ਼ਮਣੀ ਵਾਂਗ ਹੋ ਗਈ ਹੈ। ਅਜਿਹੇ 'ਚ ਨਿਰਵਿਰੋਧ ਕੋਈ ਜਿੱਤੇਗਾ, ਸੋਚਣਾ ਮੁਸ਼ਕਲ ਹੈ। ਗੁਜਰਾਤ ਦੇ ਹਲਕਾ ਸੂਰਤ ਤੋਂ ਕੱਲ੍ਹ ਮੁਕੇਸ਼ ਦਲਾਲ ਮੌਜੂਦਾ ਲੋਕ ਸਭਾ ਚੋਣਾਂ ਦੇ ਪਹਿਲੇ ਉਮੀਦਵਾਰ ਹਨ ਜਿਹੜੇ ਬਿਨਾਂ ਮੁਕਾਬਲੇ ਹੀ ਸੰਸਦ ਮੈਂਬਰ ਬਣ ਗਏ ਹਨ। ਉਨ੍ਹਾਂ ਦੇ ਵਿਰੋਧੀ ਕਾਂਗਰਸੀ ਉਮੀਦਵਾਰ ਦੇ ਨਾਮਜ਼ਦਗੀ ਪੱਤਰ ਰੱਦ ਹੋਏ ਹਨ ਅਤੇ ਬਾਕੀ ਉਮੀਦਵਾਰਾਂ ਨੇ ਕਾਗਜ਼ ਵਾਪਸ ਲੈ ਲਏ ਹਨ ਜਿਸ ਦੇ ਨਤੀਜੇ ਵਜੋਂ ਉਹ ਜੇਤੂ ਹੋ ਗਏ ਹਨ। ਵਿਰੋਧੀ ਧਿਰਾਂ ਨੇ ਇਸ ਮਾਮਲੇ 'ਤੇ ਤਨਜ਼ ਕੀਤੇ ਹਨ ਅਤੇ ਸ਼ੰਕੇ ਜ਼ਾਹਿਰ ਕੀਤੇ ਹਨ। ਪੰਜਾਬ ਵਿੱਚ ਸਥਾਨਕ ਚੋਣਾਂ ਵਿੱਚ ਵਿਰੋਧੀ ਉਮੀਦਵਾਰਾਂ ਦੇ ਕਾਗ਼ਜ਼ ਰੱਦ ਕੀਤੇ ਜਾਣ ਦਾ ਸਿਲਸਿਲਾ ਕਾਫ਼ੀ ਸਿਖਰ 'ਤੇ ਹੁੰਦਾ ਹੈ। ਵਿਧਾਨ ਸਭਾ ਜਾਂ ਲੋਕ ਸਭਾ ਚੋਣਾਂ ਵਿੱਚ ਅਜਿਹਾ ਘੱਟ ਵਾਪਰਦਾ ਹੈ। ਸੂਰਤ ਹਲਕੇ ਤੋਂ ਮੁਕੇਸ਼ ਦਲਾਲ ਦੇ ਨਿਰਵਿਰੋਧ ਚੁਣੇ ਜਾਣ ਮਗਰੋਂ ਸਿਆਸੀ ਤੌਖਲੇ ਵਧੇ ਹਨ ਕਿ ਕਿਤੇ ਸਮੁੱਚੇ ਦੇਸ਼ ਵਿੱਚ ਇਸ ਤਰ੍ਹਾਂ ਦਾ 'ਗੁਜਰਾਤ ਮਾਡਲ' ਲਾਗੂ ਨਾ ਹੋ ਜਾਵੇ। ਗੁਜਰਾਤ ਵਿੱਚ ਇਹ ਪਹਿਲਾ ਕੇਸ ਵੀ ਹੋ ਸਕਦਾ ਹੈ। ਸੂਬਿਆਂ ਵਿੱਚ ਪਹਿਲਾਂ ਇੱਕਾ ਦੁੱਕਾ ਅਜਿਹੇ ਕੇਸ ਸਾਹਮਣੇ ਆਉਂਦੇ ਸਨ ਜੋ ਬਿਨਾਂ ਮੁਕਾਬਲਾ ਚੁਣੇ ਜਾਂਦੇ ਸਨ।



ਸਿਆਸੀ ਵਿਸ਼ਲੇਸ਼ਕ ਪ੍ਰੋ. ਜਗਰੂਪ ਸਿੰਘ ਸੇਖੋਂ ਆਖਦੇ ਹਨ ਕਿ ਕੇਂਦਰੀ ਹਕੂਮਤ ਨੇ ਹੁਣ ਤੱਕ ਤਾਂ ਵਿਰੋਧੀ ਆਗੂਆਂ ਖ਼ਿਲਾਫ਼ ਸੰਘੀ ਏਜੰਸੀਆਂ ਦੀ ਵਰਤੋਂ ਕੀਤੀ ਹੈ। ਉਨ੍ਹਾਂ ਕਿਹਾ ਕਿ ਜੇਕਰ ਸੰਘੀ ਏਜੰਸੀਆਂ ਦੀ ਵਰਤੋਂ ਹੁਣ ਵਿਰੋਧੀ ਉਮੀਦਵਾਰਾਂ ਖ਼ਿਲਾਫ਼ ਸ਼ੁਰੂ ਹੋ ਗਈ ਤਾਂ ਇਹ ਘਾਤਕ ਵਰਤਾਰਾ ਹੋਵੇਗਾ। ਆਖ਼ਰੀ ਵਾਰ ਸਾਲ 2012 ਵਿੱਚ ਕਨੌਜ ਦੀ ਜ਼ਿਮਨੀ ਚੋਣ ਵਿੱਚ ਡਿੰਪਲ ਯਾਦਵ ਬਿਨਾਂ ਮੁਕਾਬਲਾ ਚੁਣੇ ਗਏ ਸਨ। ਉਸ ਵੇਲੇ ਅਖਿਲੇਸ਼ ਯਾਦਵ ਦੇ ਮੁੱਖ ਮੰਤਰੀ ਬਣਨ ਮਗਰੋਂ ਇਹ ਸੀਟ ਖ਼ਾਲੀ ਹੋਈ ਸੀ। ਸ੍ਰੀ ਨਗਰ ਤੋਂ ਫ਼ਾਰੂਕ ਅਬਦੁੱਲਾ ਸਾਲ 1980 ਵਿੱਚ ਬਿਨਾਂ ਮੁਕਾਬਲਾ ਚੁਣੇ ਗਏ ਸਨ। ਚੋਣ ਨਤੀਜਿਆਂ ਤੋਂ ਪਹਿਲਾਂ ਹੀ ਇਹ ਉਮੀਦਵਾਰ ਜਿੱਤ ਹਾਸਲ ਕਰ ਲੈਂਦੇ ਹਨ। ਵੇਰਵਿਆਂ ਅਨੁਸਾਰ ਦੇਸ਼ ਵਿੱਚ ਸਾਲ 1952 ਦੀਆਂ ਲੋਕ ਸਭਾ ਚੋਣਾਂ ਤੋਂ ਹੁਣ ਤੱਕ 35 ਅਜਿਹੇ ਉਮੀਦਵਾਰ ਹਨ ਜਿਹੜੇ ਨਿਰਵਿਰੋਧ ਚੁਣੇ ਗਏ। ਇਸੇ ਤਰ੍ਹਾਂ ਸੂਬਾਈ ਅਸੈਂਬਲੀਆਂ ਦੀ ਗੱਲ ਕਰੀਏ ਤਾਂ 298 ਉਮੀਦਵਾਰ ਬਿਨਾਂ ਮੁਕਾਬਲੇ ਵਿਧਾਇਕ ਬਣੇ ਹਨ। ਪੰਜਾਬ ਵਿੱਚ ਹੁਣ ਤੱਕ ਪੰਜ ਵਿਧਾਇਕ ਬਿਨਾਂ ਮੁਕਾਬਲਾ ਚੁਣੇ ਗਏ ਹਨ, ਜਿਨ੍ਹਾਂ ਵਿੱਚ ਸਾਲ 1992 ਵਿੱਚ ਸਮਾਣਾ ਹਲਕੇ ਤੋਂ ਕੈਪਟਨ ਅਮਰਿੰਦਰ ਸਿੰਘ ਨਿਰਵਿਰੋਧ ਚੁਣੇ ਗਏ ਸਨ। ਰਾਜਸਥਾਨ ਵਿੱਚ ਸਾਲ 1952 ਤੋਂ ਹੁਣ ਤੱਕ ਵਿਧਾਨ ਸਭਾ ਲਈ ਛੇ ਉਮੀਦਵਾਰ ਅਤੇ ਸਭ ਤੋਂ ਵੱਧ ਨਾਗਾਲੈਂਡ ਅਸੈਂਬਲੀ ਵਿੱਚ ਹੁਣ ਤੱਕ 77 ਉਮੀਦਵਾਰ ਬਿਨਾਂ ਮੁਕਾਬਲਾ ਚੁਣੇ ਗਏ ਹਨ। ਹਰਿਆਣਾ ਵਿਧਾਨ ਸਭਾ ਲਈ ਕੋਈ ਨਿਰਵਿਰੋਧ ਉਮੀਦਵਾਰ ਨਹੀਂ ਜਿੱਤਿਆ। ਨੌਰਥ ਈਸਟ ਵਿੱਚ ਕਰੀਬ 100 ਵਿਧਾਇਕ ਬਿਨਾਂ ਮੁਕਾਬਲਾ ਚੁਣੇ ਗਏ ਹਨ। ਲੋਕ ਸਭਾ ਚੋਣਾਂ ਵਿੱਚ ਸਾਲ 1952 ਤੋਂ ਬਾਅਦ ਜ਼ਿਆਦਾ ਕਾਂਗਰਸੀ ਉਮੀਦਵਾਰ ਹੀ ਬਿਨਾਂ ਮੁਕਾਬਲੇ ਚੁਣੇ ਜਾਂਦੇ ਰਹੇ ਹਨ। ਸ੍ਰੀਨਗਰ ਤੋਂ ਸਾਲ 1989 ਵਿੱਚ ਮੁਹੰਮਦ ਸ਼ਫੀ ਭੱਟ ਬਿਨਾਂ ਮੁਕਾਬਲਾ ਚੁਣੇ ਗਏ ਸਨ। ਸਾਲ 1962 ਵਿੱਚ ਟੀਟੀ ਕ੍ਰਿਸ਼ਨਾਮਾਚਾਰੀ ਵੀ ਨਿਰਵਿਰੋਧ ਚੁਣੇ ਗਏ ਸਨ। ਕ੍ਰਿਸ਼ਨਾਮਾਚਾਰੀ ਸਾਲ 1956-58 ਅਤੇ 1964-66 ਵਿੱਚ ਭਾਰਤ ਦੇ ਵਿੱਤ ਮੰਤਰੀ ਰਹੇ ਸਨ। ਮਹਾਰਾਸ਼ਟਰ ਦੇ ਮੁੱਖ ਮੰਤਰੀ ਰਹੇ ਵਾਈਬੀ ਚਵਾਨ ਸਾਲ 1962 ਵਿੱਚ ਨਾਸਿਕ ਦੀ ਜ਼ਿਮਨੀ ਚੋਣ ਵਿੱਚ ਬਿਨਾਂ ਮੁਕਾਬਲੇ ਸੰਸਦ ਮੈਂਬਰ ਬਣੇ ਸਨ।

ਲੋਕ ਸਭਾ ਦੇ ਡਿਪਟੀ ਸਪੀਕਰ ਰਹੇ ਅਤੇ ਕੇਂਦਰੀ ਮੰਤਰੀ ਰਹੇ ਪੀਐੱਮ ਸਈਅਦ ਨੇ ਸਾਲ 1971 ਵਿੱਚ ਲੋਕ ਸਭਾ ਚੋਣ ਬਿਨਾਂ ਮੁਕਾਬਲਾ ਜਿੱਤੀ ਸੀ। ਉਹ 1967 ਤੋਂ 2004 ਤੱਕ ਬਿਨਾਂ ਕਿਸੇ ਹਾਰ ਤੋਂ ਲਕਸ਼ਦੀਪ ਤੋਂ ਲਗਾਤਾਰ ਚੋਣ ਜਿੱਤਦੇ ਰਹੇ ਹਨ। ਸੂਬਿਆਂ ਦੀਆਂ ਵਿਧਾਨ ਸਭਾ ਵਿੱਚ ਵੀ ਅਜਿਹਾ ਰੁਝਾਨ ਦੇਖਣ ਨੂੰ ਮਿਲਦਾ ਰਿਹਾ ਹੈ। ਆਂਧਰਾ ਪ੍ਰਦੇਸ਼ ਦੀ ਵਿਧਾਨ ਸਭਾ ਲਈ ਸਾਲ 1952 ਤੋਂ ਹੁਣ ਤੱਕ 34 ਵਿਧਾਇਕ ਬਿਨਾਂ ਮੁਕਾਬਲੇ ਤੋਂ ਆਏ ਸਨ ਤੇ ਯੂਪੀ ਵਿੱਚ ਛੇ ਉਮੀਦਵਾਰ ਹੁਣ ਤੱਕ ਚੁਣੇ ਗਏ ਹਨ।

**ਕਾਗ਼ਜ਼ ਜਬਰੀ ਰੱਦ ਕਰਨ ਦੀ ਰੀਤ ਨਹੀਂ**

ਚੋਣ ਮੈਦਾਨ ਵਿੱਚ ਬਹੁਤੇ ਉਮੀਦਵਾਰ ਆਪਣੇ ਨਾਮਜ਼ਦਗੀ ਪੱਤਰ ਦਾਖਲ ਕਰਨ ਮਗਰੋਂ ਕਾਗ਼ਜ਼ ਵਾਪਸ ਵੀ ਲੈ ਜਾਂਦੇ ਹਨ। ਬਹੁਤੇ ਉਮੀਦਵਾਰ ਕਿਸੇ ਦੀ ਹਮਾਇਤ ਵਿੱਚ ਕਾਗ਼ਜ਼ ਵਾਪਸ ਲੈਂਦੇ ਹਨ। ਵਿਧਾਨ ਸਭਾ ਅਤੇ ਲੋਕ ਸਭਾ ਚੋਣਾਂ ਵਿੱਚ ਜਬਰੀ ਕਿਸੇ ਵਿਰੋਧੀ ਉਮੀਦਵਾਰ ਦੇ ਕਾਗ਼ਜ਼ ਰੱਦ ਕਰਨ ਦੀ ਘਟਨਾ ਕਦੇ ਸਾਹਮਣੇ ਨਹੀਂ ਆਈ ਹੈ ਅਤੇ ਨਾ ਹੀ ਕੋਈ ਚੋਣ ਅਧਿਕਾਰੀ ਏਡਾ ਖ਼ਤਰਾ ਮੁੱਲ ਲੈਂਦਾ ਹੈ। ਹਾਲਾਂਕਿ ਸਥਾਨਕ ਚੋਣਾਂ ਵਿੱਚ ਕਾਗ਼ਜ਼ ਰੱਦ ਕਰਨ ਦਾ ਰੁਝਾਨ ਹਮੇਸ਼ਾ ਹੀ ਪੰਜਾਬ ਵਿਚ ਸਿਖਰ 'ਤੇ ਰਿਹਾ ਹੈ।

# ਬਜਾਜ ਅਲਾਇੰਸ ਲਾਈਫ ਨੇ ਐਨ.ਆਰ.ਆਈ. ਪਾਲਿਸੀ ਧਾਰਕਾਂ ਲਈ ਆਪਣੀ ਪੇਮੈਂਟ ਸਰਵਿਸ ਦੀ ਆਫਰ ਦਾ ਵਿਸਥਾਰ ਕੀਤਾ

**ਲੁਧਿਆਣਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਬਜਾਜ ਅਲਾਇੰਸ ਲਾਈਫ ਇੰਸ਼ੋਰੈਂਸ ਨੇ ਆਪਣੇ ਇੰਟਰਨੈਸ਼ਨਲ ਕ੍ਰੈਡਿਟ ਕਾਰਡ ਦੀ ਵਰਤੋਂ ਕਰਕੇ ਆਟੋਮੇਟਿਕ ਪ੍ਰੀਮੀਅਮ ਭੁਗਤਾਨ ਦੀ ਸ਼ੁਰੂਆਤ ਕਰਕੇ ਐਨ.ਆਰ.ਆਈ. ਪਾਲਿਸੀ ਧਾਰਕਾਂ ਲਈ ਆਪਣੀ ਪੇਮੈਂਟ ਸਰਵਿਸ ਦੀ ਆਫਰ ਦਾ ਵਿਸਥਾਰ ਕੀਤਾ ਹੈ । ਇਸ ਪਹਿਲਕਦਮੀ ਦਾ ਉਦੇਸ਼ ਐਨ.ਆਰ. ਆਈ. ਗਾਹਕਾਂ ਨੂੰ ਪਾਲਿਸੀ ਦੀ ਜਾਰੀ ਰੱਖਣ ਲਈ ਸੁਵਿਧਾਜਨਕ ਭੁਗਤਾਨ ਵਿਕਲਪ ਪ੍ਰਦਾਨ ਕਰਨਾ ਹੈ । ਬਜਾਜ ਅਲਾਇੰਸ ਲਾਈਫ ਦੇ ਐਨ.ਆਰ.ਆਈ. ਗਾਹਕਾਂ ਕੋਲ ਨੈੱਟਬੈਂਕਿੰਗ, ਇੰਟਰਨੈਸ਼ਨਲ ਡੈਬਿਟ ਅਤੇ ਕ੍ਰੈਡਿਟ ਕਾਰਡ ਵਰਗੇ ਕਈ ਪ੍ਰੀਮੀਅਮ ਭੁਗਤਾਨ ਵਿਕਲਪ ਹਨ। ਇਸ ਤੋਂ ਇਲਾਵਾ, ਪਾਲਿਸੀਧਾਰਕ ਆਪਣੇ ਵਿਦੇਸ਼ੀ ਖਾਤਿਆਂ ਤੋਂ ਸਿਵਫਟ ਰਾਹੀਂ ਬੀਮਾਕਰਤਾ ਦੇ ਖਾਤੇ ਵਿੱਚ ਪੈਸੇ ਟਰਾਂਸਫਰ ਕਰ ਸਕਦੇ ਹਨ। ਇੰਟਰਨੈਸ਼ਨਲ ਕ੍ਰੈਡਿਟ ਕਾਰਡ ਦੀ ਵਰਤੋਂ ਕਰਨ ਵਾਲੇ ਗਾਹਕਾਂ ਲਈ ਭੁਗਤਾਨ ਦੀ ਸਹੂਲਤ ਨੂੰ ਹੋਰ ਵਧਾਉਂਦੇ ਹੋਏ, ਨਵੀਂ ਆਟੋਪੇਅ ਸੁਵਿਧਾ ਦਾ ਉਪਯੋਗ ਹੁਣ ਬਾਅਦ ਦੇ ਰਿਨੀਊਵਲ ਭੁਗਤਾਨਾਂ ਦੇ ਲਈ ਰਜਿਸਟ੍ਰੇਸ਼ਨ ਕਰਨ ਲਈ ਕੀਤਾ ਜਾ ਸਕਦਾ ਹੈ। ਇਹ ਪਹਿਲਕਦਮੀ ਇੰਟਰਨੈਸ਼ਨਲ ਕ੍ਰੈਡਿਟ ਕਾਰਡ ਰਾਹੀਂ ਆਪਣੇ ਪ੍ਰੀਮੀਅਮ ਲਈ ਆਟੋਮੇਟਡ ਭੁਗਤਾਨ ਟ੍ਰਾਂਜਕਸ਼ਨ ਨੂੰ ਸਮਰੱਥ ਬਣਾ ਕੇ, ਮੈਨਿਊਅਲ ਟ੍ਰਾਂਜਕਸ਼ਨ ਨੂੰ ਖ਼ਤਮ ਕਰਨ ਅਤੇ ਰਿਨੀਊਵਲ ਬਕਾਏ ਵਿੱਚ ਅਣਜਾਣੇ ਚੂਕ ਨੂੰ ਰੋਕ ਕੇ ਐਨ.ਆਰ.ਆਈ. ਦੇ ਲਈ ਸੁਵਿਧਾ ਲਿਆਉਂਦੀ ਹੈ। ਬਜਾਜ ਅਲਾਇੰਸ ਲਾਈਫ ਬਿਹਤਰ ਸਹਿਜਤਾ, ਅਕਸੈਸ ਅਤੇ ਕੁਸ਼ਲਤਾ ਰਾਹੀਂ ਗਾਹਕ-ਕੇਂਦ੍ਰਿ ਇਨੋਵੇਸ਼ਨ ਪ੍ਰਦਾਨ ਕਰਨਾ ਜਾਰੀ ਰੱਖਦਾ ਹੈ। ਸ਼੍ਰੀ ਰਾਜੇਸ਼ ਕਿ ?ਸ਼ਨਨ, ਚੀਫ ਆਪਰੇਸ਼ੰਸ ਐਂਡ ਕਸਟਮਰ ਐਕਸਪੀਰੀਐਂਸ ਅਫਸਰ, ਬਜਾਜ ਅਲਾਇੰਸ ਲਾਈਫ ਇੰਸ਼ੋਰੈਂਸ ਨੇ ਕਿਹਾ ਕਿ ਬਜਾਜ ਅਲਾਇੰਸ ਲਾਈਫ ਵਿੱਚ, ਅਸੀਂ ਭਾਰਤ ਵਿੱਚ ਆਪਣੇ ਜੀਵਨ ਬੀਮਾ ਪ੍ਰੀਮੀਅਮ ਦੇ ਪ੍ਰਬੰਧਨ ਵਿੱਚ ਐਨ.ਆਰ.ਆਈ. ਦੇ ਸਾਹਮਣੇ ਆਉਣ ਵਾਲੀ ਵਿਲੱਖਣ ਚੁਣੌਤੀਆਂ ਨੂੰ ਪਛਾਣਦੇ ਹੋਏ, ਗਾਹਕ ਅਨੁਭਵ ਨੂੰ ਸਰਲ ਅਤੇ ਵਧੀਆ ਬਣਾਉਣ ਨੂੰ ਪਹਿਲ ਦਿੰਦੇ ਹਨ।

# ਦਰਸ਼ਨ ਲੁਬਾਣਾ ਪੰਜਵੀਂ ਵਾਰ ਪ੍ਰਧਾਨ ਚੁਣੇ

**ਪਟਿਆਲਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



'ਦਿ ਕਲਾਸ ਫੋਰਥ ਗੌਰਮਿੰਟ ਐਂਪਲਾਈਜ਼ ਯੂਨੀਅਨ ਪੰਜਾਬ' ਦੇ ਡੈਲੀਗੇਟ ਇਜਲਾਸ ਦੌਰਾਨ ਯੂਨੀਅਨ ਦੀ 26 ਮੈਂਬਰੀ ਸੂਬਾ ਕਮੇਟੀ ਦੀ ਸਰਬਸੰਮਤੀ ਨਾਲ ਚੋਣ ਹੋਈ। ਇਸ ਦੌਰਾਨ ਮੁਲਾਜ਼ਮ ਆਗੂ ਦਰਸ਼ਨ ਸਿੰਘ ਲੁਬਾਣਾ ਪੰਜਵੀਂ ਵਾਰ ਯੂਨੀਅਨ ਦੇ ਪ੍ਰਧਾਨ ਚੁਣੇ ਗਏ। ਇਸ ਦੇ ਨਾਲ ਹੀ ਬਲਜਿੰਦਰ ਸਿੰਘ ਜਨਰਲ ਸਕੱਤਰ, ਰਾਮ ਲਾਲ ਰਾਮਾ ਮੀਤ ਪ੍ਰਧਾਨ, ਜਗਮੋਹਨ ਨੌਲੱਖਾ ਮੁੱਖ ਸਲਾਹਕਾਰ ਅਤੇ ਮੇਘ ਰਾਜ ਪ੍ਰਚਾਰ ਸਕੱਤਰ ਚੁਣੇ ਗਏ। ਰਾਜਪੁਰਾ ਕਲੋਨੀ 'ਚ ਸਥਿਤ ਯੂਨੀਅਨ ਦੇ ਮੁੱਖ ਦਫ਼ਤਰ ਵਿੱਚ ਪ੍ਰਧਾਨ ਲੁਬਾਣਾ ਤੇ ਹੋਰ ਅਹੁਦੇਦਾਰਾਂ ਦਾ ਸਨਮਾਨ ਕੀਤਾ ਗਿਆ। ਮੁਲਾਜ਼ਮ ਆਗੂਆਂ ਨੇ ਆਪਣੀ ਜ਼ਿੰਮੇਵਾਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣ ਦਾ ਅਹਿਦ ਲਿਆ। ਆਗੂਆਂ ਨੇ ਕਿਹਾ ਕਿ ਭਾਵੇਂ ਕੇਂਦਰ ਤੇ ਪੰਜਾਬ ਸਰਕਾਰ ਮੁਲਾਜ਼ਮਾਂ, ਮਜ਼ਦੂਰਾਂ ਅਤੇ ਕੱਚੇ ਕਰਮੀਆਂ ਨੂੰ ਅੱਖੋਂ ਪਰੋਖੇ ਕਰਦੀ ਆ ਰਹੀ ਹੈ ਪਰ ਉਹ ਸਾਰੇ ਰਲ ਕੇ ਮੁਲਾਜ਼ਮਾਂ ਦੇ ਮਸਲਿਆਂ ਦਾ ਹੱਲ ਯਕੀਨੀ ਬਣਾਉਣ ਲਈ ਯਤਨ ਕਰਨਗੇ।

# ਸਿਹਤ ਮੰਤਰੀ ਡਾ ਬਲਬੀਰ ਨੇ ਕਈ ਪਿੰਡਾਂ ਕੀਤਾ ਦਾ ਤੂਫ਼ਾਨੀ ਦੌਰਾ

## ਪਿੰਡਾ ਦੀ ਸੱਥ ਵਿੱਚ ਵੀ ਸਰਕਾਰ ਵਲੋਂ ਕੀਤੇ ਕੰਮਾਂ ਦੀ ਚਰਚਾ ਹੁੰਦੀ ਹੈ : ਡਾ. ਬਲਬੀਰ ਸਿੰਘ

**ਪਟਿਆਲਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅਕਸਰ 70 ਸਾਲ ਤੋਂ ਕਾਬਜ ਸਰਕਾਰਾਂ ਮੰਡੀਆਂ ਵਿੱਚ ਉਦੋਂ ਪਹੁੰਚਦੀਆਂ ਸਨ ਜਦੋਂ ਕਿਸਾਨਾਂ ਦੀ ਮੰਡੀਆਂ ਵਿੱਚ ਫ਼ਸਲ ਦੀ ਵਿਕਰੀ ਵਿੱਚ ਦੇਰੀ ਹੋਣ ਨਾਲ ਬੁਰੀ ਹਾਲਤ ਹੋ ਜਾਂਦੀ ਸੀ। ਪਰ ਮਾਨ ਸਰਕਾਰ ਦੇ ਦਿਸ਼ਾਂ ਨਿਰਦੇਸ਼ ਸਦਕਾ ਪਿਛਲੇ ਦੋਂ ਸਾਲ ਵਿੱਚ ਕਿਸਾਨਾਂ ਲਈ ਬਾਰਦਾਨੇ ਦਾ ਸਮੇਂ ਸਿਰ ਪ੍ਰਬੰਧ, ਪਾਣੀ ਦੀ ਸਹੀ ਵਿਵਸਥਾ, ਸਮੇਂ ਨਾਲ ਕਣਕ ਦੀ ਵਿੱਕਰੀ ਅਤੇ ਹੋਰ ਮਸਲਿਆਂ ਲਈ ਪ੍ਰਸ਼ਾਸ਼ਨ ਵੱਲੋਂ ਪਹਿਲਕਦਮੀ ਕੀਤੀ ਗਈ ਹੈ। ਇਹ ਪ੍ਰਗਟਾਵਾ ਪਰਿਵਾਰ ਤੇ ਸਿਹਤ ਭਲਾਈ ਮੰਤਰੀ ਅਤੇ ਲੋਕ ਸਭਾ ਦੇ ਉਮੀਦਵਾਰ ਡਾ ਬਲਬੀਰ ਸਿੰਘ ਨੇ 10 ਪਿੰਡਾਂ ਦੀਆਂ ਮੰਡੀਆਂ ਦੇ ਤੂਫਾਨੀ ਦੌਰੇ ਦੌਰਾਨ ਕੀਤਾ। ਦੱਸ ਦਈਏ ਕਿ ਉਨ੍ਹਾਂ ਹਲਕਾ ਸਨੌਰ ਵਿਚਲੀਆ ਦੌਣ, ਬਹਾਦਰਗੜ, ਸਨੌਰੀ ਮੰਡੀ, ਸਨੌਰ, ਮਰਦਾਂਹੇੜੀ, ਪੰਜੋਲਾ, ਬਲਬੇੜਾ, ਭੁਨਰਹੇੜੀ, ਘੜਾਮ ਦੀ ਅਨਾਜ਼ ਮੰਡੀ ਦੇ ਦੌਰੇ ਮਗ਼ਰੋਂ ਪਿੰਡ ਛੰਨਾ ਦੀ ਆੜਤੀ ਅਤੇ ਸ਼ੈਲਰ ਐਸੋਸੀਏਸ਼ਨ ਦੇ ਨਾਲ ਵੀ ਵਿਸ਼ੇਸ਼ ਤੌਰ ਤੇ ਗੱਲਬਾਤ ਕੀਤੀ।



ਡਾ ਬਲਬੀਰ ਨੇ ਪੰਜਾਬ ਵਿੱਚ ਉਦਯੋਗਿਕ ਵਿਕਾਸ ਨੂੰ ਉਤਸ਼ਾਹਿਤ ਕਰਨ ਲਈ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਵੱਲੋਂ ਕੀਤੇ ਜਾ ਰਹੇ ਉਪਰਾਲਿਆ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਜੋ ਵਾਇਦੇ ਪੰਜਾਬ ਸਰਕਾਰ ਨੇ ਸਰਕਾਰ ਬਨਣ ਤੋਂ ਪਹਿਲਾ ਕੀਤੇ ਸਨ ਉਹ ਜਰੂਰ ਪੂਰੇ ਕੀਤੇ ਜਾਣਗੇ। ਪੰਜਾਬ ਸਰਕਾਰ ਵੱਲੋਂ ਪੰਜਾਬ ਦੇ ਵਾਧੇ ਅਤੇ ਪੰਜਾਬ ਨੂੰ ਰੰਗਲਾ ਪੰਜਾਬ ਬਨਾਉਣ ਲਈ ਹਰ ਹਿੱਲੇ ਯਤਨ ਕੀਤੇ ਜਾ ਰਹੇ ਹਨ।

ਉਨ੍ਹਾਂ ਕਿਹਾ ਕਿ ਕਿਹਾ ਕਿ ਬਾਹਰਲੇ ਮੁਲਕਾਂ ਨੇ ਖੇਤੀਬਾੜੀ, ਖੇਡ ਉਦਯੋਗ, ਪਸ਼ੂ ਫੀਡ, ਸਿੱਖਿਆ ਅਤੇ ਹੋਰ ਖੇਤਰਾਂ ਵਿੱਚ ਨਿਵੇਸ਼ ਦੀ ਸੰਭਾਵਨਾ ਜ਼ਾਹਰ ਕੀਤੀ ਹੈ। ਉਨਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵਿਦੇਸ਼ੀ ਕੰਪਨੀਆਂ ਨੂੰ ਆਪਣੇ ਕਾਰੋਬਾਰਾਂ ਨੂੰ ਫੈਲਾਉਣ ਲਈ ਚੰਗੇ ਬੁਨਿਆਦੀ ਢਾਂਚੇ, ਬਿਜਲੀ, ਹੁਨਰਮੰਦ ਮਨੁੱਖੀ ਵਸੀਲਿਆਂ ਅਤੇ ਚੰਗੇ ਉਦਯੋਗਿਕ ਅਤੇ ਕੰਮ ਕਰਨ ਦੇ ਤਰੀਕਿਆਂ ਨਾਲ ਲੈਸ ਸਹੀ ਮਾਹੌਲ ਦਿੱਤਾ ਜਾਵੇਗਾ।

ਇਸ ਨਾਲ ਜਿੱਥੇ ਪੰਜਾਬ ਦੀ ਕਿਸਾਨੀ ਵਿੱਚ ਨਵੀਂ ਸ਼ੁਰੂਆਤ ਹੋਵੇਗੀ ਉੱਥੇ ਹੀ ਕਿਸਾਨਾਂ ਨੂੰ ਨਵੀਆਂ ਤੇ ਘੱਟ ਪਾਣੀ ਦੀ ਖਪਤ ਅਤੇ ਵੱਧ ਮੁਨਾਫਾ ਦੇਣ ਵਾਲੀਆਂ ਫ਼ਸਲਾਂ ਬਾਰੇ ਹੋਰ ਵਧੇਰੇ ਜਾਣਕਾਰੀ ਮਿਲ ਸਕੇਗੀ।

ਇਸ ਮੌਕੇ ਇਸ ਮੌਕੇ ਕਰਨਲ ਜੇ ਵੀ ਸਿੰਘ, ਤੇਜਿੰਦਰ ਮਹਿਤਾ ਸ਼ਹਿਰੀ ਪ੍ਰਧਾਨ, ਜਰਨੈਲ ਸਿੰਘ ਮਨੂੰ, ਹਰਜਸਨ ਸਿੰਘ ਪਠਾਣਮਾਜਰਾ ਪੁੱਤਰ ਐਮ ਐਲ ਏ ਹਰਮੀਤ ਸਿੰਘ, ਗੁਰੀ ਪੀ ਏ , ਪਰਵਿੰਦਰ ਚੀਮਾਂ ਕੋਆਰਡੀਨੇਟਰ, ਧਰਮਿੰਦਰ ਸਿੰਘ ਹਾਸਮਪੁਰ ਹਲਕਾ ਕੋਆਰਡੀਨੇਟਰ, ਸਤਨਾਮ ਢੀਡਸਾਂ, ਰਾਕੇਸ਼ ਕੁਮਾਰ ਬੱਗਾ ਹਲਕਾ ਕੋਆਰਡੀਨੇਟਰ, ਜਸਬੀਰ ਗਾਂਧੀ ਆਫਿਸ ਇੰਚਾਰਜ, ਗੁਰਵਿੰਦਰ ਸਿੰਘ ਹੈਪੀ ਜ਼ਿਲ੍ਹਾ ਕਿਸਾਨ ਵਿੰਗ ਪ੍ਰਧਾਨ, ਅਮਰ ਸਿੰਘ ਸੰਘੇੜਾ ਯੂਥ ਪ੍ਰਧਾਨ ਸਨੌਰ ਕਰਨਵੀਰ ਸਿੰਘ ਕੱਕੇਪੁਰ ਬਲਾਕ ਪ੍ਰਧਾਨ, ਸੱਤਪਾਲ ਸਿੰਘ ਪੰਜੋਲਾ ਬਲਾਕ ਪ੍ਰਧਾਨ, ਕਰਮਜੀਤ ਸਿੰਘ ਬਸੀ ਬਲਾਕ ਇੰਚਾਰਜ, ਲਾਲ ਸਿੰਘ ਬਲਾਕ ਇੰਚਾਰਜ, ਮੋਹਿਤ ਕੁਮਾਰ ਬਲਾਕ ਇੰਚਾਰਜ, ਜਸਵਿੰਦਰ ਬੱਸੀ ਬਲਾਕ ਇੰਚਾਰਜ, ਗੁਰਕਿਰਪਾਲ ਸਿੰਘ ਬਲਾਕ ਇੰਚਾਰਜ, ਗੱਜਣ ਸਿੰਘ, ਰੂਪੀ ਕੱਕੇਪੁਰ ਯੂਥ ਪ੍ਰਧਾਨ, ਜਸਵੀਰ ਸਿੰਘ ਪੰਜੋਲਾ ਬੀ ਸੀ ਪ੍ਰਧਾਨ, ਤਲਵਿੰਦਰ ਸਿੰਘ ਸਲੇਮਪੁਰ ਜੱਟਾ ਪ੍ਰਧਾਨ, ਸੁਨਿਲ ਕੁਮਾਰ ਮਰਦਾਹੇੜੀ ਆੜਤੀ ਪ੍ਰਧਾਨ, ਕਰਮਜੀਤ ਸਿੰਘ ਬਲਬੇੜਾ ਪ੍ਰਧਾਨ ਆੜਤੀ ਐਸੋਸੀਏਸ਼ਨ, ਬਲਜਿੰਦਰ ਸਿੰਘ ਮੀਡੀਆ ਪ੍ਰਧਾਨ ਕੱਕੇਪੁਰ,ਗੁਰਸ਼ੇਰ ਪੰਜੋਲਾ ਯੂਥ ਪ੍ਰਧਾਨ, ਸੋਨੀ ਮਜਾਲ ਯੂਥ ਪ੍ਰਧਾਨ, ਫੌਜੀ ਮਰਦਾਹੇੜੀ, ਦਲਵੀਰ ਸਿੰਘ ਮਰਦਾਹੇੜੀ,ਨਾਰਣ ਸਿੰਘ ਸਲੇਮਪੁਰ ਜੱਟਾ, ਹਰਿੰਦਰ ਸਿੰਘ ਬਲਾਸਪੁਰ, ਅਰਸ਼ਦੀਪ ਸਿੰਘ ਸਲੇਮਪੁਰ ਬ੍ਰਾਹਮਣਾ, ਗੁਰਮੇਲ ਸਿੰਘ ਬਲਬੇੜਾ, ਗੁਰਪ੍ਰੀਤ ਸਿੰਘ ਬਲਬੇੜਾ, ਮਦਨ ਵਰਮਾ ਬਲਬੇੜਾ, ਪਿੰਦਰ ਸਿੰਘ ਪੰਜੋਲਾ, ਸੈਬੀ ਕੱਕੇਪੁਰ, ਜਸਵਿੰਦਰ ਸਿੰਘ ਕੱਕੇਪੁਰ, ਸੈਕੀ ਸਿੰਘ ਕੱਕੇਪੁਰ, ਅਮਰ ਸੰਘੇੜਾ, ਅਮਨ ਢੋਟ, ਪਵਨ ਸਿੰਗਲਾ, ਪ੍ਰਦੀਪ ਪਠਾਣ ਮਾਜਰਾ, ਰੱਜਤ ਕਪੂਰ, ਸ਼ਾਮ ਸਿੰਘ, ਯੁਵਰਾਜ, ਭੁਪਿੰਦਰ ਹਾਂਡਾ, ਪਰਵਿੰਦਰ, ਕੁਲਦੀਪ ਗੁਜਰ, ਇਕਬਾਲ ਜੋਸ਼ਨ, ਜਸੀ ਢੋਟ, ਵਿਕਾਸ ਅਟਵਾਲ, ਅਨਾਜ ਮੰਡੀ ਬਹਾਦਰਗੜ ਅਤੇ ਦੌਣ ਕਲਾ ਪ੍ਰਧਾਨ ਜਸਦੇਵ ਸਿੰਘ, ਆੜਤੀ ਗੁਰਮੁੱਖ ਸਿੰਘ, ਸੁਖਚੈਨ ਸਿੰਘ, ਗੁਰਜੰਟ ਸਿੰਘ, ਅਮਿਤ, ਮੁਨੀਸ਼ ਸਿੰਗਲਾ, ਵੇਦ ਪਰਕਾਸ਼, ਸੋਨੂ, ਸੁਰਜੀਤ, ਮੁਕੇਸ਼ ਕੁਮਾਰ ਨਰੈਣ, ਮੰਡੀ ਸੁਪਰਵਾਈਜਰ ਨਵਕਿਰਨ, ਵੇਅਰ ਹਾਉਸ ਇੰਸਪੈਕਟਰ ਸੰਜੀਵ ਸ਼ਰਮਾਂ, ਵਿਰਕ ਬ੍ਰਦਰ ਪਨੌਦੀਆ, ਲੱਕੀ ਦੌਣ ਰੋਬਿਨ, ਬਲਬੀਰ, ਸਰਪੰਚ ਹਰਜੀਤ ਸਿੰਘ ਚਮਾਰਹੇੜੀ, ਜਤਿੰਦਰ, ਬਲਿਹਾਰ ਚੀਮਾਂ, ਗੁਰਜੀਤ,ਜਸਬੀਰ, ਰਜੇਸ਼ ਬੱਗਾ,ਜਸਪਾਲ, ਸਰਪੰਚ ਭਾਗ ਸਿੰਘ, ਰੋਹਿਤ, ਮਹਿਨ, ਮਲਕ ਸਿੰਘ, ਅਨਾਜ ਮੰਡੀ ਘੜਾਮ ਤੋ ਹਰਦੇਵ ਸਿੰਘ ਘੜਾਮ, ਸਾਹਿਬ ਸੰਧੂ, ਭੁਨਰਹੇੜੀ ਮੰਡੀ ਤੋ ਮਨਿੰਦਰ ਫਰਾਸਵਾਲਾ, ਡਾ. ਬਿਟੂ ਚੇਅਰਮੈਨ, ਅਤੇ ਕਈ ਪਾਰਟੀ ਵਰਕਰ, ਆੜਤੀ, ਕਿਸਾਨ ਤੇ ਪਿੰਡ ਵਾਸੀ ਮੌਜੂਦ ਰਹੇ।

# ਕਾਂਗਰਸ ਨੇ ਮਾਂ ਭਾਰਤੀ ਦੇ ਹੱਥਾਂ ਦੀਆਂ ਜ਼ੰਜੀਰਾਂ ਕੱਟਣ ਦੀ ਬਜਾਏ ਮਾਂ ਭਾਰਤੀ ਦੀਆਂ ਬਾਹਾਂ ਵੱਢ ਦਿੱਤੀਆਂ : ਮੋਦੀ

**ਮੁਰੈਨਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀਰਵਾਰ ਨੂੰ ਮੱਧ ਪ੍ਰਦੇਸ਼ ਦੇ ਮੁਰੈਨਾ 'ਚ ਵਿਜੇ ਸੰਕਲਪ ਰੈਲੀ ਨੂੰ ਸੰਬੋਧਨ ਕਰਦੇ ਹੋਏ ਕਾਂਗਰਸ 'ਤੇ ਤਿੱਖਾ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਭਾਜਪਾ ਲਈ ਦੇਸ਼ ਤੋਂ ਵੱਡਾ ਕੁਝ ਨਹੀਂ ਹੈ, ਜਦਕਿ ਕਾਂਗਰਸ ਲਈ ਪਰਿਵਾਰ ਹੀ ਸਭ ਕੁਝ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੁਰੈਨਾ ਨੇ ਹਮੇਸ਼ਾ ਉਨ੍ਹਾਂ ਦਾ ਸਮਰਥਨ ਕੀਤਾ ਹੈ, ਜਿਨ੍ਹਾਂ ਦੇ ਲਈ ਦੇਸ਼ ਸਭ ਤੋਂ ਪਹਿਲਾਂ ਆਉਂਦਾ ਹੈ, ਮੈਂ ਕਹਿ ਸਕਦਾ ਹਾਂ ਕਿ ਅੱਜ ਵੀ ਮੁਰੈਨਾ ਆਪਣੇ ਸੰਕਲਪ ਵਿੱਚ ਨਾ ਤਾਂ ਡੋਲਿਆ ਹੈ ਅਤੇ ਨਾ ਹੀ ਕਦੇ ਡੋਲੇਗਾ।

ਪੀ.ਐੱਮ. ਨੇ ਕਿਹਾ ਕਿ ਆਜ਼ਾਦੀ ਦੇ ਸਮੇਂ ਕਾਂਗਰਸ ਨੇ ਧਰਮ ਦੇ ਨਾਂ 'ਤੇ ਦੇਸ਼ ਦੀ ਵੰਡ ਨੂੰ ਸਵੀਕਾਰ ਕੀਤਾ ਸੀ। ਕਾਂਗਰਸ ਨੇ ਮਾਂ ਭਾਰਤੀ ਦੇ ਹੱਥਾਂ ਦੀਆਂ ਜ਼ੰਜੀਰਾਂ ਕੱਟਣ ਦੀ ਬਜਾਏ ਮਾਂ ਭਾਰਤੀ ਦੀਆਂ ਬਾਹਾਂ ਵੱਢ ਦਿੱਤੀਆਂ। ਦੇਸ਼ ਦੇ ਟੁਕੜੇ-ਟੁਕੜੇ ਹੋ ਗਏ ਪਰ ਕਾਂਗਰਸ ਸੁਧਾਰ ਲਈ ਤਿਆਰ ਨਹੀਂ।

ਕਾਂਗਰਸ ਨੂੰ ਲੱਗਦਾ ਹੈ ਕਿ ਉਸਦੇ ਫਾਇਦੇ ਲਈ ਇਹ ਸਭ ਤੋਂ ਆਸਾਨ ਤਰੀਕਾ ਹੈ। ਅੱਜ ਇੱਕ ਵਾਰ ਫਿਰ ਕਾਂਗਰਸ ਕੁਰਸੀ ਲਈ ਤਰਲੋਮੱਛੀ ਹੋ ਰਹੀ ਹੈ। ਹੁਣ ਕਾਂਗਰਸ ਕੁਰਸੀ ਹਾਸਲ ਕਰਨ ਲਈ ਹਰ ਤਰ੍ਹਾਂ ਦੀਆਂ ਖੇਡਾਂ ਖੇਡ ਰਹੀ ਹੈ, ਕਾਂਗਰਸ ਦੀ ਨੀਤੀ ਹੈ ਕਿ ਜੋ ਸਭ ਤੋਂ ਵੱਧ ਯੋਗਦਾਨ ਪਾਉਂਦਾ ਹੈ, ਮਿਹਨਤ ਕਰਦਾ ਹੈ ਅਤੇ ਦੇਸ਼ ਲਈ ਸਭ



ਤੋਂ ਵੱਧ ਸਮਰਪਿਤ ਕਰਦਾ ਹੈ, ਉਸ ਨੂੰ ਪਿੱਛੇ ਰੱਖੋ...ਕਾਂਗਰਸ ਨੇ ਇੰਨੇ ਸਾਲਾਂ ਤਕ ਫੌਜ ਦੇ ਜਵਾਨਾਂ ਦੀ ਵਨ ਰੈਂਕ-ਵਨ ਪੈਨਸ਼ਨ ਵਰਗੀ ਮੰਗ ਪੂਰੀ ਨਹੀਂ ਹੋਣ ਦਿੱਤੀ। ਅਸੀਂ ਸਰਕਾਰ ਬਣਦੇ ਹੀ ਵਨ ਰੈਂਕ-ਵਨ ਪੈਨਸ਼ਨ ਨੂੰ ਲਾਗੂ ਕੀਤਾ।

ਕਾਂਗਰਸ 'ਤੇ ਨਿਸ਼ਾਨਾ ਵਿੰਨ੍ਹਦੇ ਹੋਏ ਪੀ.ਐੱਮ. ਮੋਦੀ ਨੇ ਕਿਹਾ ਕਿ ਐੱਮ.ਪੀ. ਦੇ ਲੋਕ ਜਾਣਦੇ ਹਨ ਕਿ ਸਮੱਸਿਆ ਤੋਂ ਇਕ ਵਾਰ ਪਿੱਛਾ ਛੁੱਟ ਜਾਵੇ ਤਾਂ ਫਿਰ ਉਸ ਸਮੱਸਿਆ ਤੋਂ ਦੂਰ ਹੀ ਰਹਿਣਾ ਚਾਹੀਦਾ ਹੈ। ਕਾਂਗਰਸ ਪਾਰਟੀ ਅਜਿਹੀ ਵਿਕਾਸ ਵਿਰੋਧੀ ਅਤੇ ਵੱਡੀ ਸਮੱਸਿਆ ਹੈ... ਅਸੀਂ ਸਰਹੱਦ 'ਤੇ ਖੜ੍ਹੇ ਜਵਾਨਾਂ ਦੀ ਸਹੂਲਤ ਲਈ ਵੀ ਚਿੰਤਾ ਕੀਤੀ। ਕਾਂਗਰਸ ਸਰਕਾਰ ਨੇ ਜਿਨ੍ਹਾਂ ਜਵਾਨਾਂ ਦੇ ਹੱਥ ਬੰਨ੍ਹੇ ਹੋਏ ਸਨ, ਉਨ੍ਹਾਂ ਨੂੰ ਵੀ ਅਸੀਂ ਖੁੱਲ੍ਹੀ ਛੂਟ ਦਿੱਤੀ। ਅਸੀਂ ਕਿਹਾ ਕਿ ਜੇਕਰ ਇੱਕ ਗੋਲੀ ਆ ਜਾਵੇ ਤਾਂ 10 ਗੋਲੀਆਂ ਚਲਾਈਆਂ ਜਾਣ। ਜੇਕਰ ਇੱਕ ਗੋਲਾ ਸੁੱਟਿਆ ਜਾਵੇ ਤਾਂ 10 ਤੋਪਾਂ ਚਲਣੀਆਂ ਚਾਹੀਦੀਆਂ ਹਨ।

**ਭਾਜਪਾ ਨੇ ਦਿਵਾਈ ਚੰਬਲ ਨੂੰ ਨਵੀਂ ਪਛਾਣ**

ਪ੍ਰਧਾਨ ਮੰਤਰੀ ਨੇ ਕਿਹਾ ਕਿ ਕਾਂਗਰਸ ਨੇ ਐੱਮ.ਪੀ. ਨੂੰ ਬਿਮਾਰ ਰਾਜਾਂ ਦੀ ਕਤਾਰ ਵਿੱਚ ਖੜ੍ਹਾ ਕੀਤਾ ਸੀ। ਕਾਂਗਰਸ ਵੱਲੋਂ ਪੈਦਾ ਕੀਤੇ ਖੱਡਿਆਂ ਨੂੰ ਭਰਨ ਤੋਂ ਬਾਅਦ ਭਾਜਪਾ ਸਰਕਾਰ ਨੇ ਮੱਧ ਪ੍ਰਦੇਸ਼ ਅਤੇ ਚੰਬਲ ਨੂੰ ਇੱਕ ਨਵੀਂ ਅਤੇ ਮਾਣਮੱਤੀ ਪਛਾਣ ਦਿੱਤੀ ਹੈ। ਕਾਂਗਰਸ ਦੇ ਕਾਲੇ ਦੌਰ ਨੂੰ ਦੇਖ ਚੁੱਕੇ ਭਿੰਡ, ਮੁਰੈਨਾ, ਗਵਾਲੀਅਰ ਦੇ ਲੋਕ ਭਾਜਪਾ ਸਰਕਾਰ ਦੇ ਕਾਰਜਕਾਲ ਵਿਚ ਹੋਏ ਵਿਕਾਸ ਦਾ ਜ਼ਿਆਦਾ ਅਨੁਭਵ ਕਰ ਰਹੇ ਹਨ। 4 ਜੂਨ ਤੋਂ ਬਾਅਦ ਸਾਡੇ ਮੁੱਖ ਮੰਤਰੀ ਮੋਹਨ ਯਾਦਵ ਦੀ ਅਗਵਾਈ 'ਚ ਮੱਧ ਪ੍ਰਦੇਸ਼ ਦਾ ਵਿਕਾਸ ਰਫ਼ਤਾਰ ਫੜਨ ਜਾ ਰਿਹਾ ਹੈ।

# ਦੂਜੇ ਪੜਾਅ ਦੀ ਵੋਟਿੰਗ ਤੋਂ ਪਹਿਲਾਂ ਰਾਹੁਲ ਗਾਂਧੀ ਦੀ ਜਨਤਾ ਨੂੰ ਅਪੀਲ, ਲੋਕਤੰਤਰ ਤੇ ਸੰਵਿਧਾਨ ਬਚਾਉਣ ਲਈ ਪਾਓ ਵੋਟ

**ਨਵੀਂ ਦਿੱਲੀ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਲੋਕ ਸਭਾ ਚੋਣਾਂ ਦੇ ਦੂਜੇ ਪੜਾਅ ਤੋਂ ਇਕ ਦਿਨ ਪਹਿਲਾਂ ਵੀਰਵਾਰ ਨੂੰ ਲੋਕਾਂ ਨੂੰ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਅਤੇ ਪਾਰਟੀ ਦੇ 'ਇਨਕਲਾਬੀ' ਮੈਨੀਫੈਸਟੋ ਲਈ ਵੋਟ ਪਾਉਣ ਦੀ ਅਪੀਲ ਕੀਤੀ। ਉਨ੍ਹਾਂ ਇੱਕ ਵੀਡੀਓ ਸੰਦੇਸ਼ ਵਿੱਚ ਦੋਸ਼ ਲਾਇਆ ਕਿ ਭਾਰਤੀ ਜਨਤਾ ਪਾਰਟੀ ਸੰਵਿਧਾਨ ਅਤੇ ਲੋਕਤੰਤਰ ਨੂੰ ਤਬਾਹ ਕਰਨਾ ਚਾਹੁੰਦੀ ਹੈ। ਕਾਂਗਰਸ ਨੇਤਾ ਨੇ ਦਾਅਵਾ ਕੀਤਾ, ਇਹ ਚੋਣ ਲੋਕਤੰਤਰ ਅਤੇ ਸੰਵਿਧਾਨ ਨੂੰ ਬਚਾਉਣ ਦੀ ਚੋਣ ਹੈ। ਇੱਕ ਪਾਸੇ ਭਾਜਪਾ ਅਤੇ ਆਰ.ਐੱਸ.ਐੱਸ. (ਰਾਸ਼ਟਰੀ ਸਵੈਮ ਸੇਵਕ ਸੰਘ) ਲੋਕਤੰਤਰ ਅਤੇ ਸੰਵਿਧਾਨ ਨੂੰ ਤਬਾਹ ਕਰਨ ਦੀ ਕੋਸ਼ਿਸ਼ ਕਰ ਰਹੇ ਹਨ। ਦੂਜੇ ਪਾਸੇ ਕਾਂਗਰਸ ਅਤੇ 'ਇੰਡੀਆ' ਗਠਜੋੜ ਹੈ ਜੋ ਸੰਵਿਧਾਨ ਅਤੇ ਲੋਕਤੰਤਰ ਨੂੰ ਬਚਾ ਰਿਹਾ ਹੈ।



'ਭਾਰਤ ਜੋੜੋ ਯਾਤਰਾ' ਅਤੇ 'ਭਾਰਤ ਜੋੜੋ ਨਿਆਂ ਯਾਤਰਾ' ਦਾ ਜ਼ਿਕਰ ਕਰਦੇ ਹੋਏ ਰਾਹੁਲ ਗਾਂਧੀ ਨੇ ਕਿਹਾ ਕਿ ਤੁਹਾਡੇ ਨਾਲ ਗੱਲ ਕਰਕੇ ਅਤੇ ਤੁਹਾਡੇ ਦਿਲ ਦੀ ਗੱਲ ਸੁਣ ਕੇ ਅਸੀਂ ਇਕ ਕ੍ਰਾਂਤੀਕਾਰੀ ਮੈਨੀਫੈਸਟੋ ਬਣਾਇਆ ਹੈ। ਇਹ ਤੁਹਾਡਾ ਮੈਨੀਫੈਸਟੋ ਹੈ। ਕਾਂਗਰਸ ਨੇ ਬਣਾਇਆ ਹੈ, ਪਰ ਆਵਾਜ਼ ਤੁਹਾਡੀ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ 22-25 ਲੋਕਾਂ ਨੂੰ ਅਰਬਪਤੀ ਬਣਾਇਆ ਹੈ ਪਰ ਅਸੀਂ ਕਰੋੜਾਂ ਔਰਤਾਂ ਅਤੇ ਨੌਜਵਾਨਾਂ ਨੂੰ ਕਰੋੜਪਤੀ ਬਣਾਉਣ ਜਾ ਰਹੇ ਹਾਂ। ਉਹ ਕਿਸਾਨਾਂ ਨੂੰ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਾਰੰਟੀ ਦੇ ਰਹੇ ਹਨ ਅਤੇ ਉਨ੍ਹਾਂ ਦੇ ਕਰਜ਼ੇ ਮੁਆਫ਼ ਕਰਨ ਜਾ ਰਹੇ ਹਨ। ਮਜ਼ਦੂਰਾਂ ਨੂੰ ਘੱਟੋ-ਘੱਟ 400 ਰੁਪਏ ਦਿਹਾੜੀ ਦਿੱਤੀ ਜਾ ਰਹੀ ਹੈ।

ਰਾਹੁਲ ਗਾਂਧੀ ਨੇ ਲੋਕਾਂ ਨੂੰ ਅਪੀਲ ਕੀਤੀ, ÷ਕਾਂਗਰਸ ਦਾ ਸਮਰਥਨ ਕਰੋ ਅਤੇ 'ਹੱਥ' ਦੇ ਸਾਹਮਣੇ ਬਟਨ ਦਬਾਓ। ਲੋਕ ਸਭਾ ਚੋਣਾਂ ਸੱਤ ਪੜਾਵਾਂ ਵਿੱਚ ਹੋਣੀਆਂ ਹਨ। ਪਹਿਲੇ ਪੜਾਅ ਤਹਿਤ ਪਿਛਲੇ ਸ਼ੁੱਕਰਵਾਰ ਨੂੰ 21 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 102 ਸੀਟਾਂ 'ਤੇ ਵੋਟਿੰਗ ਹੋਈ, ਜਿਸ 'ਚ ਵੋਟਿੰਗ ਫੀਸਦੀ ਲਗਭਗ 65.5 ਰਹੀ। ਦੂਜੇ ਪੜਾਅ ਦੀਆਂ ਚੋਣਾਂ ਦੇ ਤਹਿਤ ਸ਼ੁੱਕਰਵਾਰ ਨੂੰ ਕੇਰਲ ਦੀਆਂ ਸਾਰੀਆਂ 20 ਸੀਟਾਂ, ਕਰਨਾਟਕ ਦੀਆਂ 28 ਸੀਟਾਂ 'ਚੋਂ 14, ਰਾਜਸਥਾਨ ਦੀਆਂ 13 ਸੀਟਾਂ, ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ ਦੀਆਂ 8-8 ਸੀਟਾਂ, ਮੱਧ ਪ੍ਰਦੇਸ਼ ਦੀਆਂ 7 ਸੀਟਾਂ, ਅਸਾਮ ਦੀਆਂ 5-5 ਸੀਟਾਂ ਅਤੇ ਬਿਹਾਰ ਵਿੱਚ ਛੱਤੀਸਗੜ੍ਹ ਅਤੇ ਪੱਛਮੀ ਬੰਗਾਲ ਵਿੱਚ ਤਿੰਨ-ਤਿੰਨ ਅਤੇ ਮਣੀਪੁਰ, ਤ੍ਰਿਪੁਰਾ ਅਤੇ ਜੰਮੂ-ਕਸ਼ਮੀਰ ਵਿੱਚ ਇੱਕ-ਇੱਕ ਸੀਟ ਉੱਤੇ ਵੋਟਿੰਗ ਹੋਣੀ ਹੈ।

# ਦਿੱਲੀ ਸ਼ਰਾਬ ਘਪਲੇ 'ਚ ਕੇਜਰੀਵਾਲ ਮੁੱਖ ਸਾਜ਼ਿਸ਼ਘਾੜਾ: ਈਡੀ

**ਨਵੀਂ ਦਿੱਲੀ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਐਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਬਕਾਰੀ ਨੀਤੀ ਘਪਲੇ ਦੇ 'ਮੁੱਖ ਸਾਜ਼ਿਸ਼ਘਾੜੇ' ਹਨ। ਈਡੀ ਨੇ ਆਪਣੇ 734 ਸਫ਼ਿਆਂ ਦੇ ਹਲਫ਼ਨਾਮੇ ਵਿੱਚ ਦਾਅਵਾ ਕੀਤਾ ਕਿ ਕੇਜਰੀਵਾਲ ਨੇ ਆਪਣੇ ਮੰਤਰੀਆਂ ਅਤੇ ਆਮ ਆਦਮੀ ਪਾਰਟੀ (ਆਪ) ਦੇ ਨੇਤਾਵਾਂ ਨਾਲ ਮਿਲ ਕੇ ਇਹ ਘਪਲਾ ਕੀਤਾ ਅਤੇ ਆਬਕਾਰੀ ਨੀਤੀ ਵਿੱਚ ਦਿੱਤੇ



ਲਾਭ ਦੇ ਬਦਲੇ ਸ਼ਰਾਬ ਕਾਰੋਬਾਰੀਆਂ ਤੋਂ ਰਿਸ਼ਵਤ ਮੰਗਣ ਵਿੱਚ ਵੀ ਸ਼ਾਮਲ ਸੀ।

# ਕਿਸਾਨਾਂ ਦਾ ਰੇਲ ਰੋਕੋ ਅੰਦੋਲਨ ਜਾਰੀ; ਸਰਕਾਰ ਨੂੰ 27 ਅਪ੍ਰੈਲ ਤੱਕ ਦਾ ਦਿੱਤਾ ਅਲਟੀਮੇਟਮ

**ਅੰਬਾਲਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੰਯੁਕਤ ਕਿਸਾਨ ਮੋਰਚਾ ਅਤੇ ਕਿਸਾਨ-ਮਜ਼ਦੂਰ ਮੋਰਚਾ ਦੇ ਸਾਂਝੇ ਸੱਦੇ 'ਤੇ ਸ਼ੰਭੂ ਰੇਲਵੇ ਸਟੇਸ਼ਨ 'ਤੇ ਅੰਦੋਲਨ ਚੱਲ ਰਿਹਾ ਹੈ। ਕਿਸਾਨ ਪਿਛਲੇ ਹਫ਼ਤੇ ਤੋਂ ਪਟੜੀਆਂ ਜਾਮ ਕਰਕੇ ਹੜਤਾਲ 'ਤੇ ਬੈਠੇ ਹਨ। ਕਿਸਾਨਾਂ ਦੀ ਮੰਗ ਹੈ ਕਿ ਜਦੋਂ ਤੱਕ ਹਰਿਆਣਾ ਪੁਲਸ ਵਲੋਂ ਗ੍ਰਿਫ਼ਤਾਰ ਕੀਤੇ ਗਏ 3 ਕਿਸਾਨਾਂ ਨੂੰ ਰਿਹਾਅ ਨਹੀਂ ਕੀਤਾ ਜਾਂਦਾ ਉਦੋਂ ਤੱਕ ਸ਼ੰਭੂ ਰੇਲਵੇ ਟਰੈਕ ਨਹੀਂ ਖੋਲ੍ਹਿਆ ਜਾਵੇਗਾ। ਇਸ ਦੇ ਨਾਲ ਹੀ ਕਿਸਾਨਾਂ ਨੇ ਸਰਕਾਰ ਨੂੰ 27 ਅਪ੍ਰੈਲ ਤੱਕ ਦਾ



ਅਲਟੀਮੇਟਮ ਦਿੱਤਾ ਹੈ।

ਕਿਸਾਨਾਂ ਦੀ ਇਸ ਹੜਤਾਲ ਕਾਰਨ ਰਾਹਗੀਰਾਂ ਨੂੰ ਭਾਰੀ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਤੋਂ ਇਲਾਵਾ ਰੇਲਵੇ ਨੂੰ ਵਿੱਤੀ ਘਾਟਾ ਵੀ ਝੱਲਣਾ ਪੈ ਰਿਹਾ ਹੈ। ਅੱਜ ਵੀ ਕਿਸਾਨਾਂ ਦੇ ਅੰਦੋਲਨ ਕਾਰਨ 63 ਟਰੇਨਾਂ ਨੂੰ ਰੱਦ ਕਰਨਾ ਪਿਆ। ਇਸ ਦੇ ਨਾਲ ਹੀ ਕਈ ਟਰੇਨਾਂ ਦੇ ਰੂਟਾਂ 'ਚ ਵੀ ਬਦਲਾਅ ਕੀਤੇ ਗਏ ਹਨ।

ਕਿਸਾਨ ਆਗੂ ਸਰਵਣ ਸਿੰਘ ਪੰਧੇਰ ਨੇ ਕਿਹਾ ਕਿ ਸਾਡੇ ਅੰਦੋਲਨ ਨੂੰ 70 ਦਿਨ ਤੋਂ ਵੱਧ ਸਮਾਂ ਹੋ ਗਿਆ ਹੈ। ਅੰਦੋਲਨ ਦੇ 100 ਦਿਨ ਪੂਰੇ ਹੋਣ ਤੋਂ ਬਾਅਦ ਲੱਖਾਂ ਕਿਸਾਨ ਸ਼ੰਭੂ, ਡੱਬਵਾਲੀ ਅਤੇ ਖਨੌਰੀ ਬਾਰਡਰ 'ਤੇ ਇਕੱਠੇ ਹੋਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਹਰਿਆਣਾ, ਪੰਜਾਬ, ਯੂ.ਪੀ. ਅਤੇ ਹਿਮਾਚਲ ਦੇ ਕਿਸਾਨਾਂ ਨੂੰ ਹੁਣ ਤੋਂ ਹੀ ਤਿਆਰੀਆਂ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਬਾਰੇ ਕਿਹਾ ਕਿ ਜੇਕਰ ਉਨ੍ਹਾਂ ਨੂੰ ਕੋਈ ਸ਼ੱਕ ਹੈ ਤਾਂ ਉਹ ਉਸ ਦਿਨ ਸਰਹੱਦ 'ਤੇ ਜ਼ਰੂਰ ਆਉਣ ਅਤੇ ਦੇਖਣ। ਕਿਸਾਨ ਆਗੂ ਨੇ ਕਿਹਾ ਕਿ ਅਸੀਂ 1 ਮਈ ਨੂੰ ਸਰਹੱਦ 'ਤੇ ਮਜ਼ਦੂਰ ਦਿਵਸ ਮਨਾਵਾਂਗੇ।

# ਮਾਲੇਰਕੋਟਲਾ ਦੇ ਨਾਲ ਲਗਦੇ ਪਿੰਡ ਤੋਲੇਵਾਲ ਦੇ ਇੱਕ ਨੌਜਵਾਨ ਦਾ ਕੈਨੇਡਾ ਵਿਖੇ ਚਾਕੂ ਮਾਰ ਕੇ ਕੀਤਾ ਕਤਲ

**ਮਲੇਰਕੋਟਲਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕਤਲ ਕੀਤੇ ਗਏ ਨੌਜਵਾਨ ਦਾ ਨਾਮ ਕੁਲਵਿੰਦਰ ਸਿੰਘ ਸੋਹੀ ਹੈ। ਇਹ ਦੋ ਭਰਾ ਹਨ ਅਤੇ ਦੋਵੇਂ ਕੈਨੇਡਾ ਵਿੱਚ ਹਨ। ਕੁਲਵਿੰਦਰ ਸਿੰਘ ਸੋਹੀ ਦੋਵੇਂ ਭਰਾਵਾਂ ਵਿੱਚੋਂ ਵੱਡਾ ਸੀ ਅਤੇ 2018 ਵਿੱਚ ਕੈਨੇਡਾ ਪੜ੍ਹਾਈ ਕਰਨ ਲਈ ਗਿਆ ਸੀ ਬਾਅਦ ਵਿੱਚ ਉਥੇ ਹੀ ਪੀ.ਆਰ ਹੋ ਗਿਆ ਸੀ ਅਤੇ ਹੁਣ ਉਥੇ ਉਸ ਨੂੰ ਪਲੰਬਰ ਦਾ ਲਾਇਸੰਸ ਮਿਲ ਗਿਆ ਸੀ ਅਤੇ ਉਹ ਪਲੰਬਰ ਦਾ ਕੰਮ ਕਰ ਰਿਹਾ ਸੀ। ਕੁਲਵਿੰਦਰ ਸਿੰਘ ਸੋਹੀ



ਅਜੇ ਕੁਆਰਾ ਹੀ ਸੀ ਅਤੇ ਉਸ ਦੇ ਵਿਆਹ ਦੀਆਂ ਤਿਆਰੀਆਂ ਚੱਲ ਰਹੀਆਂ ਸਨ।

ਕੁਲਵਿੰਦਰ ਦੇ ਛੋਟੇ ਭਰਾ ਦਾ ਨਾਮ ਗੁਰਲੀਨ ਸਿੰਘ ਸੋਹੀ ਹੈ। ਪਿੰਡ ਤੋਲੇਵਾਲ ਵਿਖੇ ਕੁਲਵਿੰਦਰ ਸਿੰਘ ਸੋਹੀ ਦੇ ਮਾਤਾ ਅਤੇ ਪਿਤਾ ਰਹਿੰਦੇ ਹਨ। ਕੁਲਵਿੰਦਰ ਸਿੰਘ ਸੋਹੀ ਦੇ ਪਿਤਾ ਦਾ ਨਾਮ ਗੁਰਪ੍ਰੀਤ ਸਿੰਘ ਸੋਹੀ ਹੈ ਅਤੇ ਮਾਤਾ ਦਾ ਨਾਮ ਵੀਰਪਾਲ ਕੌਰ ਹੈ। ਤੋਲੇਵਾਲ ਪਿੰਡ ਦੇ ਸਰਪੰਚ ਬੇਅੰਤ ਸਿੰਘ ਨੇ ਦੱਸਿਆ ਕਿ ਕੁਲਵਿੰਦਰ ਸਿੰਘ ਸੋਹੀ ਦਾ ਪਰਿਵਾਰ ਉਸ ਦੀ ਮ੍ਰਿਤਕ ਦੇਹ ਨੂੰ ਇੰਡੀਆ ਲੈ ਕੇ ਆਉਣ ਲਈ ਚਾਰਾ ਜੋਰੀ ਕਰ ਰਿਹਾ ਹੈ। ਉਹਨਾਂ ਕਿਹਾ ਕਿ ਇਹ ਇੱਕ ਬਹੁਤ ਹੀ ਮੰਦਭਾਗੀ ਘਟਨਾ ਹੈ ਅਤੇ ਇਸ ਨਾਲ ਪਰਿਵਾਰ ਤੇ ਦੁੱਖਾਂ ਦਾ ਪਹਾੜ ਟੁੱਟ ਗਿਆ ਹੈ। ਕੁਲਵਿੰਦਰ ਦੇ ਚਾਚੇ ਨੇ ਗੱਲਬਾਤ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਅਤੇ ਭਾਰਤ ਸਰਕਾਰ ਨੂੰ ਇਸ ਵੱਲ ਧਿਆਨ ਦੇਣਾ ਚਾਹੀਦਾ ਹੈ ਕਿ ਇਹ ਕਿਉਂ ਅਤੇ ਕਿਵੇਂ ਹੋਇਆ। ਉਹਨਾਂ ਕਿਹਾ ਕਿ ਸਾਡੇ ਪਰਿਵਾਰ ਨਾਲ ਤਾਂ ਇਹ ਭਾਣਾ ਵਾਪਰ ਗਿਆ ਪਰ ਕਿਸੇ ਹੋਰ ਨਾਲ ਨਾ ਵਾਪਰੇ ਇਸ ਲਈ ਸਰਕਾਰ ਨੂੰ ਸਖ਼ਤ ਕਦਮ ਚੁੱਕੇ ਜਾਣੇ ਚਾਹੀਦੇ ਹਨ।

ਕੁਲਵਿੰਦਰ ਸਿੰਘ ਸੋਹੀ ਦਾ ਕਤਲ ਉਸ ਸਮੇਂ ਕਰ ਦਿੱਤਾ ਗਿਆ ਸੀ ਜਦੋਂ ਮੰਗਲਵਾਰ 23 ਅਪ੍ਰੈਲ 2024 ਨੂੰ ਉਹ ਵ੍ਹਾਈਟ ਸ਼ੌਕ ਬੀ ਸੀ ਕੈਨੇਡਾ ਵਿਖੇ ਇੱਕ ਮੇਜ ਤੇ ਬੈਠਾ ਸੀ। ਕੈਨੇਡਾ ਪੁਲਿਸ ਨੇ ਵਾਟਰ ਫਰੰਟ ਖੇਤਰ ਵਿੱਚ ਇਸ ਘਟਨਾਂ ਤੋਂ ਬਾਅਦ ਪੁਲਿਸ ਨੇ ਗਸ਼ਤ ਵਧਾ ਦਿੱਤੀ ਹੈ।

ਪਹਿਲਾਂ ਵੀ ਇਸ ਖੇਤਰ ਵਿੱਚ ਇੱਕ ਵਿਅਕਤੀ ਤੇ ਛੁਰਾ ਮਾਰ ਕੇ ਹਮਲਾ ਕੀਤਾ ਗਿਆ ਸੀ।ਜਦੋਂ ਪੁਲਿਸ ਅਫ਼ਸਰ ਘਟਨਾ ਵਾਲੀ ਜਗ੍ਹਾ ਤੇ ਪੁੱਜੇ ਤਾਂ ਛੁਰਾ ਮਾਰਨ ਵਾਲਾ ਵਿਅਕਤੀ ਉਥੋਂ ਫਰਾਰ ਹੋ ਗਿਆ।

ਕੁਲਵਿੰਦਰ ਸਿੰਘ ਸੋਹੀ ਦੀ ਮੌਤ ਦੀ ਖ਼ਬਰ ਨਾਲ ਸਾਰੇ ਇਲਾਕੇ ਵਿੱਚ ਸ਼ੋਕ ਦੀ ਲਹਿਰ ਦੌੜ ਗਈ ਹੈ। ਲੋਕ ਕੁਲਵਿੰਦਰ ਸਿੰਘ ਸੋਹੀ ਦੇ ਘਰ ਅਫਸੋਸ ਕਰਨ ਲਈ ਜਾ ਰਹੇ ਹਨ ਅਤੇ ਪਰਿਵਾਰ ਨਾਲ ਹਮਦਰਦੀ ਜਤਾ ਰਹੇ ਹਨ।

# ਪੰਜਾਬ 'ਚ ਵੱਡੀ ਵਾਰਦਾਤ, ਬਲਾਸਟ ਨਾਲ ਕੰਬ ਗਿਆ ਪੂਰਾ ਪਠਾਨਕੋਟ ਸ਼ਹਿਰ, ਜਾਂਚ 'ਚ ਜੁਟੀ ਪੁਲਸ

**ਪਠਾਨਕੋਟ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਠਾਨਕੋਟ ਤੋਂ ਵੱਡੀ ਖ਼ਬਰ ਸਾਹਮਣੇ ਆਈ ਹੈ, ਜਿਥੇ ਪਠਾਨਕੋਟ ਸ਼ਹਿਰ ਦੇ ਅਬਰੋਲ ਨਗਰ ਰੋਡ 'ਤੇ ਜ਼ਬਰਦਸਤ ਧਮਾਕਾ ਹੋਇਆ ਹੈ। ਬਲਾਸਟ ਇੰਨਾ ਭਿਆਨਕ ਹੋਇਆ ਕਿ ਪੂਰਾ ਸ਼ਹਿਰ ਕੰਬ ਉੱਠਿਆ ਹੈ ਜਿਸ ਵੇਲੇ ਧਮਾਕਾ ਹੋਇਆ ਤਾਂ ਨੇੜੇ ਦੁਕਾਨਾਂ ਅਤੇ ਰੇੜੀ ਵਾਲੇ ਭੱਜ ਗਏ। ਜਿਸਦੇ ਬਾਅਦ ਲੋਕਾਂ ਵੱਲੋਂ ਪੁਲਸ ਨੂੰ ਸੂਚਿਤ ਕੀਤਾ ਅਤੇ ਪੁਲਸ ਦੀਆਂ ਵੱਡੀਆਂ ਟੀਮਾਂ ਤਾਇਨਾਤ ਕੀਤੀਆਂ ਗਈਆਂ ਹਨ। ਇਸ ਦੌਰਾਨ ਲੋਕਾਂ 'ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ ਅਤੇ ਹਰ ਪਾਸੇ ਸਨਸਨੀ ਫੈਲੀ ਹੋਈ ਹੈ। ਇਸ ਦੌਰਾਨ ਮੌਜੂਦ ਲੋਕਾਂ ਨੇ ਦੱਸਿਆ ਕਿ ਬਲਾਸਟ ਇੰਨਾ ਜ਼ਬਰਦਸਤ ਦੀ ਕਿ ਆਵਾਜ਼ ਪੂਰੇ ਸ਼ਹਿਰ 'ਚ ਗੂੰਜ ਉੱਠੀ ਅਤੇ ਅੱਗ ਦਾ ਗੁਬਾਰ ਉੱਡਦਾ



ਦਿਖਾਈ ਦਿੱਤਾ। ਦੱਸਿਆ ਜਾ ਰਿਹਾ ਹੈ ਇਹ ਬੰਬ ਨਹਿਰ ਦੇ ਕਿਨਾਰੇ ਬਲਾਸਟ ਕੀਤਾ ਗਿਆ ਹੈ ਜੋ ਕਿ ਪੰਜਾਬ 'ਚ ਇਕ ਵਾਰਦਾਤ ਨੂੰ ਅੰਜ਼ਾਮ ਦਿੱਤਾ ਗਿਆ ਹੈ।

ਇਸ ਦੌਰਾਨ ਮੌਕੇ ਤਾਂ ਪਹੁੰਚੀ ਪੁਲਸ ਵੱਲੋਂ ਘਟਨਾ ਦਾ ਜਾਇਜ਼ਾ ਲਿਆ ਗਿਆ ਅਤੇ ਪੁਸ਼ਟੀ ਕੀਤੀ ਕਿ ਜੋ ਹੋਇਆ ਹੈ ਉਹ ਕੋਈ ਆਰਡੀਐਕਸ ਜਾਂ ਫਿਰ ਕੋਈ ਵਿਸਫੋਟਕ ਸਮਗਰੀ ਨਹੀਂ ਸੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਇਸ ਜਗ੍ਹਾ 'ਤੇ ਪੂਰ ਦੇ ਢੇਰ ਲੱਗੇ ਹੋਏ ਸੀ ਜਿਸ ਨੂੰ ਅੱਗ ਲਗਾਈ ਗਈ ਸੀ, ਹੋ ਸਕਦਾ ਹੈ ਕਿਸੇ ਨੇ ਇਸ 'ਚ ਸ਼ਰਾਬ ਦੀ ਬੋਤਲ ਸੁੱਟੀ ਹੋਵੇ ਅਤੇ ਬੋਤਲ ਫੱਟਣ ਕਾਰਨ ਇਹ ਧਮਾਕਾ ਹੋਇਆ ਹੈ। ਪੁਲਸ ਵਲੋਂ ਤਫਤੀਸ਼ ਕੀਤੀ ਜਾ ਰਹੀ ਹੈ ਜੇ ਕੁਝ ਹੋਰ ਸਾਹਮਣੇ ਆਉਂਦਾ ਹੈ ਤਾਂ ਦੱਸ ਦਿੱਤਾ ਜਾਵੇਗਾ। ਪੁਸਲ ਨੇ ਲੋਕਾਂ ਅੱਗੇ ਅਪੀਲ ਕਰਦੇ ਹੋਏ ਕਿਹਾ ਕਿ ਘਬਰਾਉਣ ਦੀ ਲੋੜ ਨਹੀਂ ਹੈ। ਪੁਲਸ ਆਪਣਾ ਕੰਮ ਬਾਖੂਬੀ ਕਰ ਰਹੀ ਹੈ।

# ਚੋਣ ਕਮਿਸ਼ਨ ਨੇ ਮੋਦੀ ਦੇ ਭਾਸ਼ਨ ਬਾਰੇ ਭਾਜਪਾ ਤੋਂ ਜੁਆਬ ਮੰਗਿਆ

**ਨਵੀਂ ਦਿੱਲੀ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਜਸਥਾਨ ਦੇ ਬਾਂਸਵਾੜਾ 'ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਦਿੱਤੇ ਭਾਸ਼ਨ ਬਾਰੇ ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਦੀ ਸ਼ਿਕਾਇਤ 'ਤੇ ਚੋਣ ਕਮਿਸ਼ਨ ਨੇ ਭਾਜਪਾ ਤੋਂ ਜਵਾਬ ਮੰਗਿਆ ਹੈ। ਕਮਿਸ਼ਨ ਨੇ ਪ੍ਰਧਾਨ ਮੰਤਰੀ ਮੋਦੀ ਦੇ ਨਾਲ-ਨਾਲ ਕਾਂਗਰਸ ਨੇਤਾਵਾਂ ਮੱਲਿਕਾਰਜੁਨ ਖੜਗੇ ਅਤੇ ਰਾਹੁਲ ਗਾਂਧੀ ਵੱਲੋਂ ਆਦਰਸ਼ ਚੋਣ ਜ਼ਾਬਤੇ ਦੀ ਕਥਿਤ ਉਲੰਘਣਾ ਦਾ ਨੋਟਿਸ ਵੀ ਲਿਆ ਹੈ। ਕਮਿਸ਼ਨ ਨੇ ਪ੍ਰਧਾਨ ਮੰਤਰੀ




ਮੋਦੀ ਤੇ ਰਾਹੁਲ ਗਾਂਧੀ ਖ਼ਿਲਾਫ਼ ਭਾਜਪਾ ਤੇ ਕਾਂਗਰਸ ਮੁਖੀਆਂ ਨਾਲ ਜ਼ਾਬਤੇ ਦੀ ਉਲੰਘਣਾ ਦੇ ਦੋਸ਼ ਸਾਂਝੇ ਕੀਤੇ ਤੇ 29 ਅਪਰੈਲ ਤੱਕ ਜਵਾਬ ਮੰਗਿਆ ਹੈ। ਕਮਿਸ਼ਨ ਨੇ ਸਿਆਸੀ ਪਾਰਟੀਆਂ ਨੂੰ ਆਪਣੇ ਉਮੀਦਵਾਰਾਂ, ਸਟਾਰ ਪ੍ਰਚਾਰਕਾਂ ਦੇ ਆਚਰਣ ਦੀ ਜ਼ਿੰਮੇਵਾਰੀ ਲੈਣ ਲਈ ਕਿਹਾ।

# ਕੇਜਰੀਵਾਲ ਦੀ ਗੈਰ-ਹਾਜ਼ਰੀ ਵਿਚ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਸੰਭਾਲੇਗੀ ਆਪ ਦੀ ਚੋਣ ਮੁਹਿੰਮ

**ਨਵੀਂ ਦਿੱਲੀ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਗੈਰ-ਹਾਜ਼ਰੀ ਵਿਚ ਉਨ੍ਹਾਂ ਦੀ ਪਤਨੀ ਸੁਨੀਤਾ ਕੇਜਰੀਵਾਲ ਲੋਕ ਸਭਾ ਚੋਣਾਂ ਲਈ ਆਮ ਆਦਮੀ ਪਾਰਟੀ (ਆਪ) ਦੇ ਪ੍ਰਚਾਰ ਮੁਹਿੰਮ ਦੀ ਕਮਾਨ ਸੰਭਾਲੇਗੀ। ਉਹ ਇਸ ਹਫ਼ਤੇ ਦੇ ਅਖ਼ੀਰ ਵਿਚ ਦਿੱਲੀ 'ਚ ਇਕ ਰੋਡ ਸ਼ੋਅ ਕਰ ਸਕਦੀ ਹੈ। ਪਾਰਟੀ ਦੇ ਸੂਤਰਾਂ ਨੇ ਇਹ ਜਾਣਕਾਰੀ ਦਿੱਤੀ। ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਵਲੋਂ ਦਿੱਲੀ ਆਬਕਾਰੀ ਨੀਤੀ ਨਾਲ ਜੁੜੇ ਮਨੀ ਲਾਂਡਰਿੰਗ ਮਾਮਲੇ ਵਿਚ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤੇ ਜਾਣ ਤੋਂ 'ਆਪ' ਦੀ ਚੋਣ ਪ੍ਰਚਾਰ ਮੁਹਿੰਮ ਬਹੁਤ ਪ੍ਰਭਾਵਿਤ ਹੋਈ ਹੈ। ਅਜਿਹੇ ਵਿਚ ਸੁਨੀਤਾ ਕੇਜਰੀਵਾਲ ਉਨ੍ਹਾਂ ਦੀ ਗੈਰ-ਹਾਜ਼ਰੀ ਵਿਚ ਚੋਣ ਪ੍ਰਚਾਰ ਨੂੰ ਰਫ਼ਤਾਰ ਦੇਣ ਲਈ ਖ਼ੁਦ ਰੋਡ ਸ਼ੋਅ ਕਰੇਗੀ।

ਦਿੱਲੀ ਦੇ ਮੁੱਖ ਮੰਤਰੀ ਦੀ ਨਿਆਂਇਕ ਹਿਰਾਸਤ 7 ਮਈ ਤੱਕ ਵਧਾ ਦਿੱਤੀ ਗਈ ਹੈ। ਪਾਰਟੀ ਦੇ ਇਕ ਸੂਤਰ ਨੇ ਦੱਸਿਆ ਕਿ ਕੇਜਰੀਵਾਲ ਦੀ ਪਤਨੀ ਆਉਣ ਵਾਲੇ ਹਫ਼ਤੇ ਵਿਚ ਕੋਂਡਲੀ ਵਿਧਾਨ ਸਭਾ ਸੀਟ 'ਤੇ ਆਪਣਾ ਪਹਿਲਾ ਰੋਡ ਸ਼ੋਅ ਕਰੇਗੀ। ਇੱਥੇ ਮੌਜੂਦਾ ਵਿਧਾਇਕ ਕੁਲਦੀਪ ਕੁਮਾਰ ਪਾਰਟੀ ਦੀ ਟਿਕਟ 'ਤੇ



ਪੂਰਬੀ ਦਿੱਲੀ ਲੋਕ ਸਭਾ ਸੀਟ ਤੋਂ ਮੈਦਾਨ ਵਿਚ ਉਤਰੇ ਹਨ। ਸੁਨੀਤਾ ਦਿੱਲੀ ਵਿਚ ਹੋਰ ਤਿੰਨ ਲੋਕ ਸਭਾ ਸੀਟਾਂ 'ਤੇ ਵੀ ਰੋਡ ਸ਼ੋਅ ਕਰੇਗੀ। ਦਿੱਲੀ ਵਿਚ ਕਾਂਗਰਸ ਨਾਲ ਗਠਜੋੜ ਕਰ ਲੋਕ ਸਭਾ ਚੋਣਾਂ ਲੜ ਰਹੀ 'ਆਪ' ਨੇ ਪੂਰਬੀ ਦਿੱਲੀ, ਪੱਛਮੀ ਦਿੱਲੀ, ਦੱਖਣੀ ਦਿੱਲੀ ਅਤੇ ਨਵੀਂ ਦਿੱਲੀ ਸੀਟਾਂ 'ਤੇ ਆਪਣੇ ਉਮੀਦਵਾਰ ਉਤਾਰੇ ਹਨ, ਜਦਕਿ ਕਾਂਗਰਸ ਨੇ ਉੱਤਰ-ਪੂਰਬੀ ਦਿੱਲੀ, ਉੱਤਰ-ਪੱਛਮੀ ਦਿੱਲੀ ਅਤੇ ਚਾਂਦਨੀ ਚੌਕ ਸੀਟਾਂ 'ਤੇ ਉਮੀਦਵਾਰ ਉਤਾਰੇ ਹਨ। ਸੂਤਰਾਂ ਨੇ ਦੱਸਿਆ ਕਿ ਸੁਨੀਤਾ ਗੁਜਰਾਤ ਅਤੇ ਪੰਜਾਬ ਵਿਚ ਵੀ 'ਆਪ' ਦੇ ਉਮੀਦਵਾਰਾਂ ਲਈ ਚੋਣ ਪ੍ਰਚਾਰ ਕਰੇਗੀ। ਉਨ੍ਹਾਂ ਦਾ ਨਾਂ ਗੁਜਰਾਤ ਲਈ ਪਾਰਟੀ ਦੇ ਸਟਾਰ ਪ੍ਰਚਾਰਕਾਂ ਦੀ ਸੂਚੀ ਵਿਚ ਸ਼ਾਮਲ ਹੈ।

# ਤਰਨ ਤਾਰਨ ਵਿਖੇ ਹਸਪਤਾਲ 'ਚੋਂ ਫ਼ਰਾਰ ਗੈਂਗਸਟਰ ਰਾਜੂ ਸ਼ੂਟਰ 3 ਸਾਥੀਆਂ ਸਣੇ ਕਾਬੂ


**ਤਰਨ ਤਾਰਨ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਕੁਝ ਦਿਨ ਪਹਿਲਾਂ ਅੱਧੀ ਰਾਤ ਨੂੰ ਇਥੋਂ ਦੇ ਸਿਵਲ ਹਸਪਤਾਲ 'ਚੋਂ ਫਰਾਰ ਹੋਏ ਗੈਂਗਸਟਰ ਚਰਨਜੀਤ ਸਿੰਘ ਉਰਫ ਰਾਜੂ ਸ਼ੂਟਰ ਵਾਸੀ ਸੰਘਾ ਅਤੇ ਉਸ ਨੂੰ ਫਰਾਰ ਕਰਵਾ ਕੇ ਲੈ ਜਾਣ ਵਾਲੇ ਪੰਜ-ਮੈਂਬਰੀ ਗਰੋਹ ਦੇ ਤਿੰਨ ਮੈਂਬਰਾਂ ਨੂੰ ਐਂਟੀ ਗੈਂਗਸਟਰ ਟਾਸਕ ਫੋਰਸ (ਏਜੀਟੀਐੱਫ) ਨੇ ਅੱਜ ਕਾਬੂ ਕਰ ਲਿਆ ਹੈ। ਫੋਰਸ ਦੇ ਅਧਿਕਾਰੀ ਨੇ ਅੱਜ ਇਥੇ ਦੱਸਿਆ ਕਿ ਚਰਨਜੀਤ ਸਿੰਘ ਰਾਜੂ ਸ਼ੂਟਰ ਤੋਂ ਇਲਾਵਾ ਗ੍ਰਿਫਤਾਰ ਕੀਤੇ ਗੈਂਗ ਦੇ ਮੈਂਬਰਾਂ ਵਿਚ ਤਰਨ ਤਾਰਨ ਦੇ ਮੁਹੱਲਾ ਜਸਵੰਤ ਸਿੰਘ ਦਾ ਅੰਮ੍ਰਿਤਪਾਲ



ਸਿੰਘ, ਪਿੱਦੀ ਪਿੰਡ ਦਾ ਵਾਸੀ ਜਸ਼ਨਪ੍ਰੀਤ ਸਿੰਘ ਅਤੇ ਬਚੜੇ ਪਿੰਡ ਦਾ ਵਾਸੀ ਗੁਲਾਬ ਸਿੰਘ ਸ਼ਾਮਲ ਹਨ। ਗੈਂਗ ਦੇ ਜਿਹੜੇ ਦੋ ਹੋਰ ਮੈਂਬਰ ਕਾਬੂ ਕੀਤੇ ਜਾਣੇ ਬਾਕੀ ਹਨ ਉਨ੍ਹਾਂ ਵਿੱਚ ਇਲਾਕੇ ਦੇ ਪਿੰਡ ਅਲਾਦੀਨਪੁਰ ਦਾ ਜੋਧਬੀਰ ਸਿੰਘ ਅਤੇ ਜੋਧਪੁਰ ਪਿੰਡ ਦਾ ਵਾਸੀ ਜਸ਼ਨਪ੍ਰੀਤ ਸਿੰਘ ਸ਼ਾਮਲ ਹਨ। ਏਜੀਟੀਐੱਫ ਦੇ ਅਧਿਕਾਰੀ ਨੇ ਦੱਸਿਆ ਕਿ ਕਾਬੂ ਕੀਤੇ ਗੈਂਗਸਟਰਾਂ ਤੋਂ ਅਸਲਾ ਵੀ ਬਰਾਮਦ ਕੀਤਾ ਗਿਆ ਹੈ। ਇਸ ਮਾਮਲੇ ਵਿੱਚ ਤਰਨ ਤਾਰਨ ਦੀ ਜ਼ਿਲ੍ਹਾ ਪੁਲੀਸ ਨੇ ਰਾਜੂ ਸ਼ੂਟਰ ਦੇ ਫਰਾਰ ਹੋਣ ਵਿਚ ਗੋਇੰਦਵਾਲ ਸਾਹਿਬ ਦੀ ਜੇਲ੍ਹ ਦੇ ਅਧਿਕਾਰੀਆਂ ਨੂੰ ਕਸੂਰਵਾਰ ਦੱਸਿਆ ਹੈ।ਪੁਲੀਸ ਨੇ ਕਿਹਾ ਕਿ ਰਾਜੂ ਸ਼ੂਟਰ ਨੂੰ ਹਸਪਤਾਲ ਦਾਖਲ ਕਰਵਾਉਣ ਦੇ ਮਾਮਲੇ ਦੀ ਜ਼ਿਲ੍ਹਾ ਪੁਲੀਸ ਨੂੰ ਜੇਲ੍ਹ ਅਧਿਆਰੀਆਂ ਨੇ ਜਾਣਕਾਰੀ ਤੱਕ ਵੀ ਨਹੀਂ ਸੀ ਦਿੱਤੀ, ਜਿਸ ਕਾਰਨ 17-18 ਅਪਰੈਲ ਦੀ ਦਰਮਿਆਨੀ ਰਾਤ ਨੂੰ ਉਸ ਨੂੰ ਉਸਦੇ ਸਾਥੀ ਲੈ ਗਏ।

# ਲੋਕ ਸਭਾ ਦੀਆਂ ਤੀਜੇ ਗੇੜ ਦੀਆਂ ਚੋਣਾਂ 'ਚ ਕਈ ਦਿੱਗਜਾਂ ਦੀ ਸਾਖ ਦਾਅ 'ਤੇ



**ਨਵੀਂ ਦਿੱਲੀ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

7 ਮਈ ਨੂੰ ਹੋਣ ਜਾ ਰਹੀ ਤੀਜੇ ਗੇੜ ਦੀ ਚੋਣ ਦੌਰਾਨ ਕਈ ਦਿੱਗਜਾਂ ਦੀ ਸਾਖ ਦਾਅ 'ਤੇ ਲੱਗੀ ਹੋਈ ਹੈ। ਹਾਲਾਂਕਿ ਇਸ ਚੋਣ ਵਿਚ ਕੁੱਲ 1351 ਉਮੀਦਵਾਰ ਮੈਦਾਨ 'ਚ ਹਨ ਪਰ ਲੋਕਾਂ ਦੀਆਂ ਨਜ਼ਰਾਂ ਗਾਂਧੀ ਨਗਰ ਸੀਟ ਤੋਂ ਚੋਣ ਲੜ ਰਹੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਇਲਾਵਾ ਮੱਧ ਪ੍ਰਦੇਸ਼ ਦੀ ਗੁਨਾ ਸੀਟ ਤੋਂ ਚੋਣ ਲੜ ਰਹੇ ਕੇਂਦਰੀ ਮੰਤਰੀ ਜੋਤੀਰਾਦਿੱਤਿਆ ਸਿੰਧੀਆ, ਰਾਜਗੜ੍ਹ ਸੀਟ ਤੋਂ ਚੋਣ ਲੜ ਰਹੇ ਸਾਬਕਾ ਮੁੱਖ ਮੰਤਰੀ ਦਿਗਵਿਜੇ ਸਿੰਘ ਅਤੇ ਵਿਦਿਸ਼ਾ ਸੀਟ ਤੋਂ ਮੈਦਾਨ 'ਚ ਉੱਤਰੇ ਸਾਬਕਾ ਮੁੱਖ ਮੰਤਰੀ ਸ਼ਿਵਰਾਜ ਸਿੰਘ ਅਤੇ ਉੱਤਰ ਪ੍ਰਦੇਸ਼ ਦੀ ਮੈਨਪੁਰੀ ਸੀਟ ਤੋਂ ਚੋਣ ਲੜ ਰਹੀ ਡਿੰਪਲ ਯਾਦਵ 'ਤੇ ਟਿਕੀਆਂ ਹਨ। ਸਿਆਸੀ ਮਾਹਰਾਂ ਨੂੰ ਇਨ੍ਹਾਂ ਸੀਟਾਂ 'ਤੇ ਹੋਣ ਵਾਲੇ ਚੋਣ ਨਤੀਜਿਆਂ 'ਚ ਜ਼ਿਆਦਾ ਦਿਲਚਸਪੀ ਹੈ।

ਤੀਜੇ ਗੇੜ ਦੀ ਵੋਟਿੰਗ ਲਈ 12 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 94 ਸੀਟਾਂ 'ਤੇ 1351 ਉਮੀਦਵਾਰ ਮੈਦਾਨ ਵਿਚ ਹਨ। ਗੁਜਰਾਤ ਦੀਆਂ 25 ਸੀਟਾਂ 'ਤੇ ਸਭ ਤੋਂ ਵੱਧ 265 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ, ਜਦਕਿ ਮਹਾਰਾਸ਼ਟਰ ਦੀਆਂ 11 ਸੀਟਾਂ 'ਤੇ 258 ਉਮੀਦਵਾਰ ਮੈਦਾਨ 'ਚ ਹਨ। ਦਾਦਰਾ ਅਤੇ ਨਗਰ ਹਵੇਲੀ ਅਤੇ ਦਮਨ ਅਤੇ ਦੀਵ ਦੀਆਂ 2 ਸੀਟਾਂ 'ਤੇ ਘੱਟੋ-ਘੱਟ 12 ਉਮੀਦਵਾਰ ਮੈਦਾਨ 'ਚ ਹਨ।

**ਬਾਰਾਮਤੀ 'ਚ ਨਨਾਣ-ਭਰਜਾਈ ਵਿਚਾਲੇ ਮੁਕਾਬਲਾ**

ਤੀਜੇ ਗੇੜ 'ਚ ਮਹਾਰਾਸ਼ਟਰ ਦੀ ਸਭ ਤੋਂ ਹਾਈ ਪ੍ਰੋਫਾਈਲ ਸੀਟ ਬਾਰਾਮਤੀ 'ਤੇ ਵੀ ਚੋਣ ਹੋਵੇਗੀ। ਇਸ ਸੀਟ 'ਤੇ ਸ਼ਰਦ ਪਵਾਰ ਦੀ ਬੇਟੀ ਸੁਪ੍ਰਿਆ ਸੁਲੇ ਖਿਲਾਫ ਉੱਪ ਮੁੱਖ ਮੰਤਰੀ ਅਜੀਤ ਪਵਾਰ ਦੀ ਪਤਨੀ ਸੁਨੇਤਰਾ ਪਵਾਰ ਚੋਣ ਲੜ ਰਹੀ ਹੈ। ਅਜੀਤ ਅਤੇ ਸੁਪ੍ਰਿਆ ਚਚੇਰੇ ਭਰਾ-ਭੈਣ ਹਨ। ਇਸ ਰਿਸ਼ਤੇ ਤੋਂ ਸੁਪ੍ਰਿਆ ਅਤੇ ਸੁਨੇਤਰਾ ਨਨਾਣ-ਭਰਜਾਈ ਹਨ। ਸੁਪ੍ਰਿਆ ਨੇ 2009, 2014 ਅਤੇ 2019 'ਚ ਇੱਥੋਂ ਜਿੱਤ ਦਰਜ ਕੀਤੀ। ਸੁਨੇਤਰਾ ਪਹਿਲੀ ਵਾਰ ਚੋਣ ਲੜ ਰਹੀ ਹੈ।

# ਸ਼ਿਵ ਸੈਨਾ ਹਿੰਦੁਸਤਾਨ ਦੇ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਨੂੰ ਚੋਣ ਬੈਠਕਾਂ 'ਚ ਮਿਲ ਰਿਹੈ ਭਰਵਾਂ ਹੁੰਗਾਰਾ

**ਪਟਿਆਲਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਸਾਂਝੇ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਜੀ ਦੀ ਚੋਣ ਮੁਹਿੰਮ ਨੂੰ ਜਦੋਂ ਤੋਂ ਰਾਸ਼ਟਰੀ ਪ੍ਰਧਾਨ ਸ਼੍ਰੀ ਪਵਨ ਗੁਪਤਾ ਜੀ ਨੇ ਖੁਦ ਸੰਭਾਲਿਆ ਉਦੋਂ ਤੋਂ ਸ਼ਿਵ ਸੈਨਾ ਹਿੰਦੁਸਤਾਨ ਦੇ ਵਰਕਰਾਂ ਨੇ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਨਿਭਾਉਣ ਲਈ ਅੱਗੇ ਆ ਰਹੇ ਹਨ। ਪਾਰਟੀ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਜੀ ਦੇ ਹੱਕ ਵਿੱਚ ਇੱਕ ਚੋਣ ਬੈਠਕ ਹਰਬੰਸ ਸਟੇਟ ਫੇਸ ਦੇ ਵਿੱਚ ਸਵਰਗੀ ਸ਼੍ਰੀ ਲਲਿਤ ਭਾਟੀਆ, ਸੇਵਾਮੁਕਤ ਸਾਬਕਾ ਡੀਜੀਪੀ ਪੰਜਾਬ ਪੁਲਿਸ ਦੀ ਧਰਮਪਤਨੀ ਸ੍ਰੀਮਤੀ ਸਵਰਾਜ ਘੁੰਮਣ ਭਾਟੀਆ ਉੱਤਰੀ ਭਾਰਤ ਪ੍ਰਧਾਨ ਹਿੰਦੁਸਤਾਨ ਮਹਿਲਾ ਸੈਨਾ ਦੇ ਨਿਵਾਸ ਸਥਾਨ 'ਤੇ ਮੀਟਿੰਗ ਕੀਤੀ ਗਈ। ਆਮ ਲੋਕਾਂ ਦੀ ਗਿਣਤੀ ਵਧਣ ਕਾਰਨ ਮੀਟਿੰਗ ਨੇ





ਛੋਟੀ ਜਨਸਭਾ ਦਾ ਰੂਪ ਧਾਰਨ ਕਰ ਲਿਆ।

ਇਸ ਮੀਟਿੰਗ ਵਿੱਚ ਸ਼੍ਰੀ ਪਵਨ ਗੁਪਤਾ ਜੀ ਨੇ ਰਾਸ਼ਟਰੀ ਪ੍ਰਧਾਨ ਸ਼ਿਵ ਸੈਨਾ ਹਿੰਦੁਸਤਾਨ ਅਤੇ ਹਿੰਦੁਸਤਾਨ ਸ਼ਕਤੀ ਸੈਨਾ ਦੇ ਨਾਲ ਪਾਰਟੀ ਦੇ ਪਟਿਆਲਾ ਲੋਕ ਸਭਾ ਦੇ ਸਾਂਝੇ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਦਾ ਨਿੱਘਾ ਸਵਾਗਤ ਕੀਤਾ ਗਿਆ। ਪਾਰਟੀ ਵਰਕਰਾਂ ਨੇ ਉਨ੍ਹਾਂ ਦਾ ਫੁੱਲਾਂ ਦੇ ਹਾਰ ਪਾ ਕੇ ਸਵਾਗਤ ਕੀਤਾ ਅਤੇ ਉਨ੍ਹਾਂ ਦੇ ਹੱਕ ਵਿੱਚ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

ਇਸ ਚੋਣ ਮੀਟਿੰਗ ਨੂੰ ਸੰਬੋਧਨ ਕਰਦਿਆਂ ਪਾਰਟੀ ਦੇ ਬਾਕੀ ਆਗੂਆਂ ਨੇ ਆਮ ਜਨਤਾ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਦਲ ਬਦਲੂ ਲੀਡਰਾਂ ਦੀਆਂ ਕਰਤੂਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਬਿਲਕੁਲ ਵੀ ਵੋਟ ਨਾ ਪਾਉਣ ਅਤੇ ਇਸ ਗੱਲ ਦਾ ਧਿਆਨ ਰੱਖਣ ਕਿ ਜੋ ਅਨਾਜ ਰਾਸ਼ਨ ਤੁਹਾਡੇ ਲਈ ਮੁਫਤ ਵਿਚ ਦਿੱਤਾ ਜਾ ਰਿਹਾ ਹੈ , ਜੇਕਰ ਉਹ ਤੁਹਾਡਾ ਸੱਚਾ ਸ਼ੁਭਚਿੰਤਕ ਹੈ ਤਾਂ ਉਹ ਤੁਹਾਡੀ ਆਮਦਨ ਵਧਾਉਣ ਲਈ ਜ਼ੋਰਦਾਰ ਯਤਨ ਕਰਦੇ , ਪਰ ਕਿਉਂਕਿ ਉਹ ਸਿਰਫ ਤੁਹਾਡੀ ਬੇਵਸੀ, ਤੁਹਾਡੇ ਪਿਛੜੇ ਪਨ ਦਾ ਫਾਇਦਾ ਉਠਾਉਣਾ ਚਾਹੁੰਦਾ ਹਨ। ਤੁਹਾਡੀ ਆਮਦਨ ਨਹੀਂ ਵਧਾਉਣਾ ਚਾਹੁੰਦੇ ਤੁਹਾਡਾ ਵਿਕਾਸ ਨਹੀਂ ਕਰਨਾ ਚਾਹੁੰਦੇ ਹਨ। ਟਾ ਜੋਂ ਤੁਸੀਂ ਉਨ੍ਹਾਂ ਦਾ ਵੋਟ ਬੈਂਕ ਬਣੇ ਰਹੋ, ਇਸ ਲਈ ਉਹ ਅਜਿਹੇ ਯਤਨ ਹੀ ਕਰਦੇ ਹਨ।

ਸ਼੍ਰੀਮਤੀ ਸਵਰਾਜ ਘੁੰਮਣ ਭਾਟੀਆ, ਜੋ ਕਿ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ ਦੀ ਪ੍ਰਧਾਨ ਹੈ, ਨੇ ਔਰਤਾਂ ਨੂੰ ਕਿਹਾ ਕਿ ਇੱਕ ਪਾਰਟੀ ਤੁਹਾਨੂੰ ਹਰ ਮਹੀਨੇ 1000 ਰੁਪਏ ਦੇਣ ਦਾ ਐਲਾਨ ਕਰਦੀ ਹੈ ਅਤੇ ਫਿਰ ਵੋਟਾਂ ਲੈਣ ਤੋਂ ਬਾਅਦ ਵੀ 2 ਸਾਲ ਤੋਂ ਸੱਤਾ ਵਿੱਚ ਰਹਿ ਕੇ ਆਪਣਾ ਵਾਅਦਾ ਪੂਰਾ ਨਹੀਂ ਕਰਦੀ। ਇਸ ਲਈ ਸਾਰੀਆਂ ਮਾਵਾਂ-ਭੈਣਾਂ ਨੂੰ ਅਜਿਹੀਆਂ ਪਾਰਟੀਆਂ ਤੋਂ ਸੁਚੇਤ ਰਹਿਣਾ ਚਾਹੀਦਾ ਹੈ ਇੱਕ ਪਾਰਟੀ ਦੇ ਸ਼ਾਸਨ 'ਚ ਔਰਤਾਂ ਨਾਲ ਬਲਾਤਕਾਰ ਹੁੰਦੇ ਹਨ ਅਤੇ ਪਰਿਵਾਰ ਦੀ ਮਰਜ਼ੀ ਦੇ ਉਲਟ ਉਨ੍ਹਾਂ ਦੀਆਂ ਲਾਸ਼ਾਂ ਨੂੰ ਚਿਤਾ 'ਚ ਸਾੜ ਦਿੱਤਾ ਜਾਂਦਾ ਹੈ। ਅਤੇ ਇਹੋ ਜਿਹੀਆਂ ਪਾਰਟੀਆਂ ਦੇ ਉਮੀਦਵਾਰਾਂ ਨੂੰ ਸਬਕ ਸਿਖਾਉਣ ਲਈ ਮਾਵਾਂ-ਭੈਣਾਂ ਅਤੇ ਧੀਆਂ ਨੂੰ ਆਪਣੀ ਵੋਟ ਦਾ ਸਹੀ ਢੰਗ ਨਾਲ ਇਸਤੇਮਾਲ ਕਰਨਾ ਚਾਹੀਦਾ ਹੈ। ਇਸ ਚੋਣ ਮੀਟਿੰਗ ਨੂੰ ਸ਼੍ਰੀਮਤੀ ਕਾਂਤਾ ਬਾਂਸਲ ਉਪ ਪ੍ਰਧਾਨ ਉੱਤਰੀ ਭਾਰਤ ਹਿੰਦੁਸਤਾਨ ਮਹਿਲਾ ਸੈਨਾ ਨੇ ਵੀ ਸੰਬੋਧਨ ਕੀਤਾ ਅਤੇ ਔਰਤਾਂ ਨੂੰ ਇੱਕਜੁੱਟ ਹੋ ਕੇ ਪਾਰਟੀ ਉਮੀਦਵਾਰ ਸ਼੍ਰੀ ਕ੍ਰਿਸ਼ਨ ਕੁਮਾਰ ਗਾਬਾ ਜੀ ਨੂੰ ਵੋਟ ਪਾਉਣ ਦੀ ਅਪੀਲ ਕੀਤੀ।

# ਟਰੈਕਟਰ ਟਰਾਲੀ ਨਾਲ ਟੱਕਰ ਤੋਂ ਬਾਅਦ ਪੁਲ ਤੋਂ ਹੇਠਾਂ ਡਿੱਗੀ ਪੀ.ਆਰ.ਟੀ.ਸੀ. ਦੀ ਬੱਸ

**ਅਬੋਹਰ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਵੀਰਵਾਰ ਸਵੇਰੇ ਅਬੋਹਰ ਤੋਂ ਮਲੋਟ ਰੋਡ ਸਥਿਤ ਗੋਵਿੰਦਗੜ੍ਹ ਨੇੜੇ ਪੀ.ਆਰ.ਟੀ.ਸੀ ਦੀ ਬੱਸ ਇਕ ਟਰੈਕਟਰ ਟਰਾਲੀ ਨਾਲ ਟਕਰਾਉਣ ਤੋਂ ਬਾਅਦ ਪੁਲ ਦੀ ਰੇਲਿੰਗ ਤੋੜ ਕੇ ਹੇਠਾਂ ਡਿੱਗ ਗਈ। ਇਸ ਭਿਆਨਕ ਹਾਦਸੇ ਵਿਚ ਟਰੈਕਟਰ ਟਰਾਲੀ ਦੇ ਤਿੰਨ ਟੋਟੇ ਹੋ ਗਏ। ਇਸ ਘਟਨਾ 'ਚ ਬੱਸ ਅਤੇ ਟਰੈਕਟਰ ਟਰਾਲੀ ਦੇ ਡਰਾਈਵਰ ਜ਼ਖਮੀ ਹੋ ਗਏ, ਜਿਨ੍ਹਾਂ 'ਚੋਂ 2 ਦੀ ਹਾਲਤ ਨਾਜ਼ੁਕ ਹੋਣ ਕਾਰਨ ਉਨ੍ਹਾਂ ਨੂੰ ਫਰੀਦਕੋਟ ਰੈਫਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬੱਸ ਚਾਲਕ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਅੱਜ ਸਵੇਰੇ ਕਰੀਬ 5:15 ਵਜੇ ਉਹ ਅਬੋਹਰ ਤੋਂ ਮਲੋਟ ਵੱਲ ਜਾ ਰਿਹਾ ਸੀ ਜਦੋਂ ਗੋਵਿੰਦਗੜ੍ਹ ਨੇੜੇ ਪਹੁੰਚਿਆ ਤਾਂ ਅਚਾਨਕ ਉਸ ਦੀ ਬੱਸ ਦੀਆਂ ਲਾਈਟਾਂ ਬੰਦ ਹੋ ਗਈਆਂ ਅਤੇ ਅੱਗੇ ਪੁਲ ਦੀਆਂ ਲਾਈਟਾਂ ਵੀ ਬੰਦ ਸੀ, ਜਿਸ ਕਾਰਣ ਉਸ ਨੂੰ ਸੜਕ 'ਤੇ ਜਾਂਦਾ ਟਰੈਕਟਰ ਦਿਖਾਈ ਨਹੀਂ ਦਿੱਤਾ। ਹਨੇਰਾ ਹੋਣ ਕਾਰਨ ਉਸ ਦੀ ਬੱਸ ਟਰੈਕਟਰ ਟਰਾਲੀ ਨਾਲ ਟਕਰਾ ਗਈ, ਜਿਸ ਕਾਰਨ ਦੋਵੇਂ ਵਾਹਨ ਬੇਕਾਬੂ ਹੋ ਗਏ ਅਤੇ ਬੱਸ ਪੁਲ ਦੀ ਰੇਲਿੰਗ ਤੋੜ ਹੇਠਾਂ ਡਿੱਗ ਕੇ ਪਲਟ ਗਈ।

ਇਸ ਘਟਨਾ 'ਚ ਬੱਸ ਚਾਲਕ ਗੁਰਪ੍ਰੀਤ ਸਿੰਘ ਤੋਂ ਇਲਾਵਾ ਟਰੈਕਟਰ ਟਰਾਲੀ 'ਤੇ ਸਵਾਰ ਭਗਤ ਸਿੰਘ ਪੁੱਤਰ ਬਲਕਾਰ ਸਿੰਘ ਵਾਸੀ ਪਿੰਡ ਗਦਰ ਖੇੜਾ ਰਾਜਸਥਾਨ ਅਤੇ ਸੁਖਪਾਲ ਸਿੰਘ ਪੁੱਤਰ ਬੋਹੜ ਸਿੰਘ ਵਾਸੀ ਪਿੰਡ ਦੌਦਾ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਇਲਾਜ ਲਈ ਹਸਪਤਾਲ ਦਾਖਲ ਕਰਵਾਇਆ ਗਿਆ ਹੈ। ਗੁਰਪ੍ਰੀਤ ਸਿੰਘ ਅਨੁਸਾਰ ਘਟਨਾ ਸਮੇਂ ਬੱਸ ਵਿੱਚ 15 ਦੇ ਕਰੀਬ ਸਵਾਰੀਆਂ ਸਵਾਰ ਸਨ, ਜਿਨ੍ਹਾਂ ਵਿਚੋਂ ਇੱਕ ਔਰਤ ਨੂੰ ਮਾਮੂਲੀ ਸੱਟਾਂ ਲੱਗੀਆਂ ਹਨ ਅਤੇ ਉਸ ਨੂੰ ਮੁੱਢਲੀ ਸਹਾਇਤਾ ਤੋਂ ਬਾਅਦ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਗਈ। ਟੱਕਰ ਤੋਂ ਬਾਅਦ ਟਰੈਕਟਰ ਟਰਾਲੀ ਦੇ ਤਿੰਨ ਟੁਕੜੇ ਹੋ ਗਏ। ਰਾਹਤ ਦੀ ਗੱਲ ਇਹ ਰਹੀ ਕਿ ਇਸ ਹਾਦਸੇ ਵਿਚ ਵੱਡੇ ਜਾਨੀ ਨੁਕਸਾਨ ਤੋਂ ਬਚਾਅ ਰਿਹਾ। ਘਟਨਾ ਦੀ ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਆਪ ਸਰਕਾਰ ਲੋਕਾਂ ਨਾਲ ਕੀਤਾ ਕੋਈ ਵੀ ਵਾਅਦਾ ਪੂਰਾ ਕਰਨ 'ਚ ਨਾਕਾਮ ਰਹੀ ਹੈ, 'ਆਪ' ਪਾਰਟੀ ਸਿਰਫ਼ ਵਾਅਦਿਆਂ ਤੱਕ ਹੀ ਹੈ ਸੀਮਤ

**ਪਟਿਆਲਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਲੋਕ ਸਭਾ ਹਲਕੇ ਅਧੀਨ ਪੈਂਦੇ ਸਾਰੇ 9 ਵਿਧਾਨ ਸਭਾ ਹਲਕਿਆਂ ਦੇ ਪ੍ਰਧਾਨਾਂ, ਮੰਡਲ ਪ੍ਰਧਾਨਾਂ, ਸ਼ਕਤੀ ਕੇਂਦਰ ਪ੍ਰਧਾਨਾਂ, ਵਰਕਰਾਂ ਅਤੇ ਸੀਨੀਅਰ ਭਾਜਪਾ ਲੀਡਰਸ਼ਿਪ ਨੇ ਸ਼ਹਿਰ ਦੇ ਇੱਕ ਹੋਟਲ ਵਿੱਚ ਵੀਰਵਾਰ ਨੂੰ ਇੱਕ ਅਹਿਮ ਮੀਟਿੰਗ ਕੀਤੀ। ਇਸ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲੋਕਸਭਾ ਮੈਂਬਰ ਮਹਾਰਾਣੀ ਪ੍ਰਨੀਤ ਕੌਰ ਨੇ ਕਿਹਾ ਕਿ ਪਟਿਆਲਾ ਲੋਕ ਸਭਾ ਹਲਕੇ ਵਿੱਚ ਭਾਜਪਾ ਮਜ਼ਬੂਤੀ ਨਾਲ ਅੱਗੇ ਵੱਧ ਰਹੀ ਹੈ। ਪਾਰਟੀ ਨੂੰ ਕਿਸਾਨਾਂ ਨਾਲ ਪੂਰੀ ਹਮਦਰਦੀ ਹੈ ਅਤੇ ਉਨ੍ਹਾਂ ਦੀਆਂ ਮੰਗਾਂ ਦਾ ਢੁੱਕਵਾਂ ਹੱਲ ਕੱਢਣ ਲਈ ਸੀਨੀਅਰ ਲੀਡਰਸ਼ਿਪ ਕਿਸਾਨ ਆਗੂਆਂ ਨਾਲ ਲਗਾਤਾਰ ਸੰਪਰਕ ਵਿੱਚ ਹੈ। 24 ਪਿੰਡਾਂ ਵਿੱਚ ਭਾਜਪਾ ਦਾ ਬਾਈਕਾਟ ਕੀਤੇ ਜਾਣ ਦੇ ਸਵਾਲ ਨੂੰ ਸਿਰੇ ਤੋਂ ਨਕਾਰਦਿਆਂ ਮਹਾਰਾਣੀ ਪ੍ਰਨੀਤ ਕੌਰ ਨੇ ਕਿਹਾ ਕਿ ਅਕਾਲੀ ਦਲ ਸਿਆਸੀ ਲਾਹਾ ਲੈਣ ਲਈ ਲੋਕਾਂ ਨੂੰ ਗੁੰਮਰਾਹ ਕਰਨ ਦੀ ਕੋਸ਼ਿਸ਼ ਕਰ ਰਿਹਾ ਹੈ। ਜਦੋਂ ਕਿ ਉੱਤਰੀ ਬਾਈਪਾਸ ਦੀ ਤਜਵੀਜ਼ ਕੈਪਟਨ ਅਮਰਿੰਦਰ ਸਿੰਘ ਦੇ ਮੁੱਖ ਮੰਤਰੀ ਹੁੰਦਿਆਂ ਹੀ ਤਿਆਰ ਕੀਤੀ ਗਈ ਸੀ। ਪਰ ਚੰਨੀ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੇ ਇਸ ਬਾਈਪਾਸ ਵਿੱਚ ਕੋਈ ਦਿਲਚਸਪੀ ਨਹੀਂ ਦਿਖਾਈ। ਹੁਣ ਇਕ ਵਾਰ ਫਿਰ ਜਦੋਂ ਉਨ੍ਹਾਂ ਨੇ ਇਹ ਮਾਮਲਾ ਚੁੱਕਿਆ ਤਾਂ ਉਨ੍ਹਾਂ ਨੇ ਨਿਤਿਨ ਗਡਕਰੀ ਨੂੰ ਇਸ ਪ੍ਰਾਜੈਕਟ ਲਈ 754 ਕਰੋੜ ਰੁਪਏ ਦਾ ਬਜਟ ਪਾਸ ਕਰਵਾਉਣ ਲਈ ਕਿਹਾ। ਇਸ ਪ੍ਰਾਜੈਕਟ ਲਈ ਕੇਂਦਰ ਵੱਲੋਂ 24 ਅਪ੍ਰੈਲ 2024 ਨੂੰ ਟੈਂਡਰ ਜਾਰੀ ਕੀਤਾ ਗਿਆ ਹੈ। 754 ਕਰੋੜ ਰੁਪਏ ਵਿੱਚੋਂ ਪੰਜਾਬ ਸਰਕਾਰ ਨੇ ਆਪਣੇ ਹਿੱਸੇ ਦੇ 250 ਕਰੋੜ ਰੁਪਏ ਅਦਾ ਕਰਨੇ ਹਨ, ਜੋ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਅਦਾ ਨਹੀਂ ਕੀਤੇ ਜਾ ਰਹੇ। ਪ੍ਰਨੀਤ ਕੌਰ ਨੇ ਕਿਹਾ ਕਿ ਜਿਨ੍ਹਾਂ 24 ਪਿੰਡਾਂ ਵਿੱਚ ਅਕਾਲੀ ਦਲ ਬਾਈਕਾਟ ਦੀ ਗੱਲ ਕਰ ਰਿਹਾ ਹੈ, ਉਨ੍ਹਾਂ ਦੇ ਲੋਕ ਜਾਣਦੇ ਹਨ ਕਿ ਬਾਈਪਾਸ ਬਣਨ ਤੋਂ ਬਾਅਦ ਹੋਰ ਕਿਸਾਨਾਂ ਦੀਆਂ ਜ਼ਮੀਨਾਂ ਕਿੰਨੀਆਂ ਕੀਮਤੀ ਹੋ ਜਾਣਗੀਆਂ ਅਤੇ ਇਲਾਕੇ ਵਿੱਚ ਹੋਰ ਵਿਕਾਸ ਕਾਰਜ ਸ਼ੁਰੂ ਹੋ ਸਕਣਗੇ। ਕਈ ਪਿੰਡਾਂ ਦੇ ਲੋਕ ਉਨ੍ਹਾਂ ਦੇ ਸਿੱਧੇ ਸੰਪਰਕ ਵਿੱਚ ਹਨ ਅਤੇ ਆਉਣ ਵਾਲੇ ਦਿਨਾਂ ਵਿੱਚ ਉਹ ਖੁਦ ਇਨ੍ਹਾਂ ਪਿੰਡਾਂ ਦਾ ਦੌਰਾ ਕਰਨਗੇ।

ਕੱਚੇ ਮੁਲਾਜ਼ਮਾਂ ਨੂੰ ਪੱਕਾ ਕਰਨ ਦੇ ਵਾਅਦੇ 'ਤੇ ਸਵਾਲ ਦਾ ਜਵਾਬ ਦਿੰਦਿਆਂ ਮਹਾਰਾਣੀ ਪ੍ਰਨੀਤ ਕੌਰ ਨੇ ਕਿਹਾ ਕਿ ਅੱਜ ਕੋਈ ਵੀ ਸਿਆਸੀ ਪਾਰਟੀ ਵਿਰੋਧ ਤੋਂ ਅਛੂਤ ਨਹੀਂ ਹੈ, ਪਰ ਆਮ ਆਦਮੀ ਪਾਰਟੀ ਦਾ ਸਭ ਤੋਂ ਵੱਧ ਵਿਰੋਧ ਇਸ ਲਈ ਹੈ ਕਿਉਂਕਿ ਇਸ ਨੇ ਲੋਕਾਂ ਨਾਲ ਕੀਤਾ ਕੋਈ ਵੀ ਵਾਅਦਾ ਪੂਰਾ ਨਹੀਂ ਕੀਤਾ। ਇਹ ਪਾਰਟੀ ਸਿਰਫ਼ ਵਾਅਦਿਆਂ ਦੀ ਪਾਰਟੀ ਬਣ ਕੇ ਰਹਿ ਗਈ ਹੈ। ਗੁਜਰਾਤ ਦੇ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਭਾਜਪਾ ਦੇ ਇੰਚਾਰਜ ਵਿਜੇ ਰੂਪਾਨੀ ਨੇ ਕਿਹਾ ਕਿ ਪੰਜਾਬ ਵਿੱਚ ਲੋਕ ਸਭਾ ਚੋਣਾਂ ਦੀਆਂ ਸਾਰੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ ਅਤੇ ਉਹ ਪਿਛਲੇ ਤਿੰਨ ਦਿਨਾਂ ਤੋਂ ਪੰਜਾਬ ਵਿੱਚ ਤਿਆਰੀਆਂ ਦਾ ਜਾਇਜ਼ਾ ਲੈ ਰਹੇ ਹਨ। ਵੱਖ-ਵੱਖ ਲੋਕ ਸਭਾ ਹਲਕਿਆਂ ਦਾ ਦੌਰਾ ਕਰਕੇ ਦੇਖਿਆ ਹੈ ਕਿ ਚੋਣਾਂ ਨੂੰ ਲੈ ਕੇ ਲੋਕਾਂ ਅਤੇ ਭਾਜਪਾ ਵਰਕਰਾਂ ਵਿੱਚ ਭਾਰੀ ਉਤਸ਼ਾਹ ਹੈ। ਪਟਿਆਲਾ ਦੇ ਵੋਟਰਾਂ ਅਤੇ ਵਰਕਰਾਂ ਵਿੱਚ ਭਾਰੀ ਉਤਸ਼ਾਹ ਨੂੰ ਦੇਖਦਿਆਂ ਉਹ ਦਾਅਵਾ ਕਰ ਸਕਦੇ ਹਨ ਕਿ ਪਟਿਆਲਾ ਤੋਂ ਲੋਕ ਸਭਾ ਉਮੀਦਵਾਰ ਪ੍ਰਨੀਤ ਕੌਰ ਇਸੇ ਉਤਸ਼ਾਹ ਦੇ ਆਧਾਰ 'ਤੇ ਹੀ ਜਿੱਤਣਗੇ।

# ਸਕੂਲੀ ਵਿਦਿਆਰਥੀਆਂ ਨੂੰ ਲੋਕਤੰਤਰ ਦੇ ਵੱਡੇ ਤਿਉਹਾਰ ਚੋਣਾਂ ਨਾਲ ਜੋੜਿਆ ਜਾਵੇ: ਪਰੇ

**➢ ਜ਼ਿਲ੍ਹਾ ਚੋਣ ਅ.ਫਸਰ ਵੱਲੋਂ 87 ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਨਾਲ ਬੈਠਕ ➢ ਲੋਕਤੰਤਰ ਦੀ ਮਜ਼ਬੂਤੀ ਲਈ ਨਿਜੀ ਸਕੂਲਾਂ ਦੇ ਮੁਖੀਆਂ ਨੂੰ ਵੋਟਰ ਜਾਗਰੂਕਤਾ ਮੁਹਿੰਮ ਚਲਾਉਣ ਦੀ ਹਦਾਇਤ ➢ ਬੱਚੇ ਆਪਣੇ ਪਰਿਵਾਰਕ ਮੈਂਬਰਾਂ ਨੂੰ ਵੋਟ ਲਾਜਮੀ ਪਾਉਣ ਦੀ ਸਹੁੰ ਚੁਕਾਉਣਗੇ**




ਜ਼ਿਲ੍ਹਾ ਚੋਣ ਅ.ਫਸਰ ਸ਼ੌਕਤ ਅਹਿਮਦ ਪਰੇ ਲੋਕ ਸਭਾ ਚੋਣਾਂ 'ਚ ਸਕੂਲੀ ਵਿਦਿਆਰਥੀਆਂ ਵੱਲੋਂ ਚਲਾਈ ਜਾਣ ਵਾਲੀ ਜਾਗਰੂਕਤਾ ਮੁਹਿੰਮ ਬਾਰੇ ਪਟਿਆਲਾ ਦੇ ਸਕੂਲ ਮੁਖੀਆਂ ਨਾਲ ਇਕ ਅਹਿਮ ਬੈਠਕ ਕਰਦੇ ਹੋਏ।

**ਪਟਿਆਲਾ, 26 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਦੇ ਜ਼ਿਲ੍ਹਾ ਚੋਣ ਅ.ਫਸਰ-ਕਮ-ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਨੇ ਜ਼ਿਲ੍ਹੇ ਦੇ ਸਮੂਹ ਪ੍ਰਾਈਵੇਟ ਸਕੂਲਾਂ ਦੇ ਮੁਖੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਆਪੋ-ਆਪਣੇ ਸਕੂਲਾਂ ਵਿੱਚ ਲੋਕ ਸਭਾ ਚੋਣਾਂ-2024 ਦੌਰਾਨ ਵੋਟਰ ਜਾਗਰੂਕਤਾ ਮੁਹਿੰਮ ਚਲਾਉਣ। ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਪਟਿਆਲਾ ਦੇ 87 ਸਕੂਲਾਂ ਦੇ ਮੁਖੀਆਂ ਤੇ ਨੁਮਾਇੰਦਿਆਂ ਨਾਲ ਇੱਕ ਅਹਿਮ ਬੈਠਕ ਕਰਦਿਆਂ ਜ਼ਿਲ੍ਹਾ ਚੋਣ ਅ.ਫਸਰ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਮਜ਼ਬੂਤ ਲੋਕਤੰਤਰ ਲਈ ਸਾਰੇ ਵਿਦਿਆਰਥੀਆਂ ਨੂੰ ਲੋਕਤੰਤਰ ਦੇ ਸਭ ਤੋਂ ਵੱਡੇ ਤਿਉਹਾਰ 'ਚੋਣਾਂ' ਨਾਲ ਜ਼ਰੂਰ ਜੋੜਿਆ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਸਦੀਆਂ ਦੀ ਗੁਲਾਮੀ ਬਾਅਦ ਪ੍ਰਾਪਤ ਹੋਈ ਆਜ਼ਾਦੀ ਕਰਕੇ ਸਾਨੂੰ ਵੋਟ ਪਾਉਣ ਦਾ ਇਹ ਹੱਕ ਮਿਲਿਆ ਹੈ, ਇਸ ਲਈ ਹਰੇਕ ਨਾਗਰਿਕ ਇਸ ਹੱਕ ਦੀ ਵਰਤੋਂ ਬਿਨ੍ਹਾਂ ਕਿਸੇ ਡਰ-ਭੈਅ, ਦਬਾਅ ਜਾਂ ਲਾਲਚ ਤੋਂ ਬਗੈਰ ਲਾਜਮੀ ਕਰੇ। ਇਸ ਲਈ ਭਾਰਤ ਦੇ ਚੋਣ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਮੁਤਾਬਕ ਸਾਰੇ ਸਕੂਲ ਆਪਣੇ ਵਿਦਿਆਰਥੀਆਂ ਨੂੰ ਵੋਟਰ ਜਾਗਰੂਕਤਾ ਮੁਹਿੰਮ 'ਚ ਆਪਣਾ ਯੋਗਦਾਨ ਪਾਉਣ ਲਈ ਜਰੂਰ ਪ੍ਰੇਰਤ ਕਰਨ। ਉਨ੍ਹਾਂ ਕਿਹਾ ਕਿ ਚੰਗੀ ਕਾਰਗੁਜ਼ਾਰੀ ਵਾਲੇ ਸਕੂਲਾਂ ਨੂੰ ਸਨਮਾਨਤ ਵੀ ਕੀਤਾ ਜਾਵੇਗਾ। ਇਸ 'ਤੇ ਸਾਰੇ ਹਾਜ਼ਰ ਸਕੂਲਾਂ ਦੇ ਮੁਖੀਆਂ ਨੇ ਇਸ ਗੱਲੋਂ ਸਹਿਮਤੀ ਜਤਾਈ ਕਿ ਉਹ ਆਪੋ-ਆਪਣੇ ਸਕੂਲਾਂ ਵੱਲੋਂ ਵੋਟਰ ਜਾਗਰੂਕਤਾ ਮੁਹਿੰਮ ਵਿੱਢਣਗੇ ਤਾਂ ਕਿ ਕੋਈ ਵੀ ਯੋਗ ਵੋਟਰ ਆਪਣੀ ਵੋਟ ਦੇ ਹੱਕ ਦਾ ਇਸਤੇਮਾਲ ਕਰਨ ਤੋਂ ਪਿੱਛੇ ਨਾ ਰਹੇ।

ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਸਕੂਲ ਇਹ ਵੀ ਯਕੀਨੀ ਬਣਾਉਣ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਜਾਰੀ ਕੀਤੀ ਸਹੁੰ ਵਿਦਿਆਰਥੀ ਆਪਣੇ ਮਾਪਿਆਂ ਤੇ ਹੋਰ ਪਰਿਵਾਰਕ ਮੈਂਬਰਾਂ ਤੋਂ ਤਸਦੀਕ ਕਰਵਾਉਣਗੇ ਤੇ ਨਾਲ ਹੀ ਨੇੜਲੇ ਤੇ ਜਾਣ-ਪਛਾਣ ਵਾਲੇ ਚਾਰ ਹੋਰ ਪਰਿਵਾਰਾਂ ਨੂੰ ਵੀ ਲਾਜਮੀ ਵੋਟਾਂ ਪਾਉਣ ਲਈ ਜਾਗਰੂਕ ਕਰਨਗੇ।

ਉਨ੍ਹਾਂ ਹੋਰ ਕਿਹਾ ਕਿ ਸਕੂਲ ਆਪਣੇ ਨੇੜਲੇ ਖੇਤਰ ਵਿੱਚ ਸਵੀਪ ਗਤੀਵਿਧੀਆਂ ਚਲਾ ਕੇ ਵੋਟਰਾਂ ਨੂੰ ਜਾਗਰੂਕ ਕਰਨਗੇ। ਪਰੰਤੂ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਕਿਸੇ ਵੀ ਉਮੀਦਵਾਰ ਜਾਂ ਸਿਆਸੀ ਪਾਰਟੀ ਦਾ ਪ੍ਰਚਾਰ ਨਹੀਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਹਰੇਕ ਨਾਗਰਿਕ ਤੇ ਮਾਪਿਆਂ ਨੂੰ ਇਸ ਗੱਲੋਂ ਵੀ ਜਰੂਰ ਜਾਗਰੂਕ ਕੀਤਾ ਜਾਵੇ ਕਿ ਆਪਣੇ ਬੱਚਿਆਂ ਦੇ ਚੰਗੇਰੇ ਭਵਿੱਖ ਲਈ ਸੋਚ-ਸਮਝ ਕੇ ਵੋਟ ਪਾਈ ਜਾਵੇ ਤਾਂ ਕਿ ਦੇਸ਼ ਲਈ ਇੱਕ ਚੰਗੀ ਸਰਕਾਰ ਚੁਣੀ ਜਾ ਸਕੇ।

ਸ਼ੌਕਤ ਅਹਿਮਦ ਪਰੇ ਨੇ ਅੱਗੇ ਕਿਹਾ ਕਿ ਵੋਟ ਦੇ ਮਹੱਤਵ ਨੂੰ ਸਮਝਣਾ ਤੇ ਆਪਣੇ ਬੱਚਿਆਂ ਨੂੰ ਸਮਝਾਉਣਾ ਬਹੁਤ ਲਾਜਮੀ ਹੈ ਇਸ ਲਈ ਸਕੂਲਾਂ ਵਿੱਚ 9ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਦੇ ਈਐਲਸੀ ਕਲੱਬ ਬਣਾਏ ਜਾਣ ਤੇ 12ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕੈਂਪਸ ਅੰਬੈਸਡਰ ਬਣਾਇਆ ਜਾਵੇ ਤੇ ਸਕੂਲ ਸਟਾਫ਼ ਸਮੇਤ ਕਿਸੇ ਜੇਕਰ ਵਿਦਿਆਰਥੀਆਂ ਦੀਆਂ ਵੋਟਾਂ ਬਣੀਆਂ ਹੋਈਆਂ ਹਨ ਤਾਂ 100 ਫੀਸਦੀ ਇਹ ਵੋਟਾਂ ਪੁਆਉਣੀਆਂ ਯਕੀਨੀ ਬਣਾਂਈਆਂ ਜਾਣ। ਇਸ ਤੋਂ ਬਿਨ੍ਹਾਂ ਸਕੂਲਾਂ ਵਿੱਚ ਲੇਖ ਲਿਖਣ ਮੁਕਾਬਲੇ, ਮੌਕ ਪੋਲ ਗਤੀਵਿਧੀ, ਮਾਪਿਆਂ ਦੇ ਨਾਲ ਮੀਟਿੰਗਾਂ, ਵਾਲ ਪੇਟਿੰਗਜ਼ ਆਦਿ ਗਤੀਵਿਧੀਆਂ ਕਰਕੇ ਸਕੂਲ ਦੇ ਸੋਸ਼ਲ ਮੀਡੀਆ ਉਪਰ ਅਪਲੋਡ ਵੀ ਕੀਤੀਆਂ ਜਾਣ।

ਇਸ ਮੌਕੇ ਏ.ਡੀ.ਸੀ. ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ, ਐਸ.ਡੀ.ਐਮ. ਪਟਿਆਲਾ ਅਰਵਿੰਦ ਕੁਮਾਰ, ਐਸ.ਡੀ.ਐਮ. ਦੂਧਨ ਸਾਧਾਂ ਮਨਜੀਤ ਕੌਰ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫ਼ਸਰ ਅਮਨਦੀਪ ਕੌਰ, ਚੋਣ ਤਹਿਸੀਲਦਾਰ ਵਿਜੇ ਕੁਮਾਰ ਚੌਧਰੀ, ਸਵੀਪ ਜ਼ਿਲ੍ਹਾ ਇੰਚਾਰਜ ਪ੍ਰੋ. ਸ਼ਵਿੰਦਰ ਰੇਖੀ ਤੇ ਵੱਡੀ ਗਿਣਤੀ ਸਕੂਲਾਂ ਦੇ ਮੁਖੀ ਤੇ ਹੋਰ ਨੁਮਾਇੰਦੇ ਮੌਜੂਦ ਸਨ।

# ਬਗੈਰ ਕਿਸੇ ਡਰ ਭੈਅ ਤੋਂ ਪਬਲਿਕ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦੇਣ ਲਈ ਅੱਗੇ ਆਏ : ਚੈਹਿਲ

**ਪਟਿਆਲਾ, 26 ਅਪ੍ਰੈਲ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**



ਮਾਊਂਟ ਐਵਰੈਸਟ ਵਿਜੇਤਾ ਵਿਸ਼ਵ ਰਿਕਾਰਡਧਾਰੀ ਅੰਤਰਰਾਸ਼ਟਰੀ ਸ਼ੂਟਰ ਡੀ ਐੱਸ ਪੀ ਸਬ ਡਵੀਜ਼ਨ ਦਿੜ੍ਹਬਾ ਪ੍ਰਿਥਵੀ ਸਿੰਘ ਚੈਹਿਲ ਡੀ ਐਸ ਪੀ ਪ੍ਰਿਥਵੀ ਸਿੰਘ ਚੈਹਿਲ ਨੇ ਕਿਹਾ ਕਿ ਡਾਇਰੈਕਟਰ ਜਨਰਲ ਆਫ਼ ਪੁਲਿਸ ਗੋਰਵ ਯਾਦਵ ਆਈ ਪੀ ਐਸ ਜੀ ਦੀ ਸਰਪ੍ਰਸਤੀ ਅਤੇ ਐਸ ਐਸ ਪੀ ਸੰਗਰੂਰ ਸ੍ਰੀ ਸਰਤਾਜ਼ ਸਿੰਘ ਚੈਹਿਲ ਆਈ ਪੀ ਐਸ ਜੀ ਦੀ ਅਗਵਾਈ ਹੇਠ ਜੋ ਪੁਲਿਸ ਨੇ ਨਸ਼ਿਆਂ ਵਿਰੁੱਧ ਜੰਗ ਛੇੜੀ ਹੋਈ ਹੈ। ਉਸ ਵਿੱਚ ਪਬਲਿਕ ਨੂੰ ਵੱਧ ਤੋਂ ਵੱਧ ਅੱਗੇ ਆ ਕੇ ਸਹਿਯੋਗ ਕਰਨਾ ਚਾਹੀਦਾ ਹੈ। ਉਹਨਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਵੀ ਕੀਮਤ ਤੇ ਨਹੀਂ ਬਖਸ਼ਿਆ ਜਾਵੇਗਾ। ਉਹਨਾਂ ਕਿਹਾ ਕਿ ਧਾਰਮਿਕ, ਸਮਾਜਿਕ ਸੰਸਥਾਵਾਂ ਨੂੰ ਵੀ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਪੁਲਿਸ ਪਬਲਿਕ ਨੂੰ ਮਿਲ ਕੇ ਗੋਲਾ ਬਰੂਦ ਵਾਲੇ ਅੱਤਵਾਦ ਵਾਂਗ ਨਸ਼ੇ ਰੂਪੀ ਅੱਤਵਾਦ ਨੂੰ ਜੜ੍ਹੋਂ ਖ਼ਤਮ ਕਰਨ ਲਈ ਇੱਕਮੁੱਠ ਹੋ ਕੇ ਅੱਗੇ ਆਉਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਨਸਾ ਤਸਕਰਾਂ ਦੀ ਸੂਚਨਾ ਦੇਣ ਵਾਲੇ ਵਿਅਕਤੀ ਦਾ ਨਾਮ ਪੁਲਿਸ ਵੱਲੋਂ ਗੁਪਤ ਰੱਖਿਆ ਜਾਂਦਾ ਹੈ ਇਸ ਲਈ ਬਗੈਰ ਕਿਸੇ ਡਰ ਭੈਅ ਤੋਂ ਨਸ਼ਾ ਤਸਕਰਾਂ ਦੀ ਸੂਚਨਾ ਪੁਲਿਸ ਨੂੰ ਦਿੱਤੀ ਜਾਵੇ। ਉਹਨਾਂ ਨੌਜਵਾਨਾ ਨੂੰ ਵੀ ਅਪੀਲ ਕੀਤੀ ਕਿ ਉਹੋ ਨਸ਼ੇ ਛੱਡ ਕੇ ਖੇਡਾਂ ਵੱਲ ਪ੍ਰੇਰਿਤ ਹੋਣ ਅਤੇ ਆਪਣੇ ਦੇਸ਼ ਦਾ ਨਾਮ ਰੋਸ਼ਨ ਕਰਨ।

# ਰੋਟਰੀ ਕਲੱਬ ਅੰਮ੍ਰਿਤਸਰ ਈਕੋ ਨੇ ਮਨਾਇਆ 'ਧਰਤੀ ਦਿਵਸ'

**ਅੰਮ੍ਰਿਤਸਰ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਰੋਟਰੀ ਕਲੱਬ ਅੰਮ੍ਰਿਤਸਰ ਈਕੋ ਨੇ ਚਾਰਟਰ ਪ੍ਰਧਾਨ ਐਡਵੋਕੇਟ ਐੱਸਐੱਸ ਬੱਤਰਾ ਅਤੇ ਪ੍ਰਧਾਨ ਜਸਪਾਲ ਸਿੰਘ ਦੀ ਅਗਵਾਈ ਹੇਠ 'ਧਰਤੀ ਦਿਵਸ' 'ਤੇ ਪਿਆਰੇ ਗ੍ਰਹਿ ਧਰਤੀ ਨੂੰ ਸਮਰਪਿਤ ਇਕ ਸੈਮੀਨਾਰ ਦਾ ਆਯੋਜਨ ਅਜਨਾਲਾ ਦੇ ਸਥਾਨਕ ਸਕੂਲ ਵਿਚ ਕਰਵਾਇਆ। ਇਸ ਮੌਕੇ ਐਡਵੋਕੇਟ ਐੱਸਐੱਸ ਬੱਤਰਾ ਨੇ ਧਰਤੀ ਦਿਵਸ ਮਨਾਉਣ ਦੇ ਦੋ ਪ੍ਰਮੁੱਖ ਕਾਰਨਾਂ 'ਤੇ ਰੋਸ਼ਨੀ ਪਾਉਂਦੇ ਹੋਏ ਕਿਹਾ ਕਿ ਪਹਿਲਾਂ ਤਾਂ ਧਰਤੀ ਦੀ ਅਹਿਮੀਅਤ ਨੂੰ ਸਮਝਣਾ ਅਤੇ ਦੂਸਰਾ ਵਾਤਾਵਰਨ ਨੂੰ ਬੇਹਤਰ ਬਣਾਏ ਰੱਖਣ ਦੇ ਲਈ ਜਾਗਰੂਕਤਾ ਪੈਦਾ ਕਰਨਾ ਜੋ ਕਿ ਆਪਸੀ ਸਹਿਯੋਗ ਦੇ ਬਿਨਾਂ ਸੰਭਵ ਨਹੀ ਹੋ ਸਕਦਾ। ਮੀਟਿੰਗ ਵਿਚ ਮਹਿਮਾਨ ਸਪੀਕਰ ਵਾਤਾਵਰਨ ਪ੍ਰੇਮੀ ਕਰਨ ਪੀਐੱਸ ਭੱਟੀ ਨੇ ਯੂਐੱਨਓ ਵਲੋਂ ਸਾਲ 2024 ਦੇ ਲਈ ਘੋਸ਼ਿਤ ਥੀਮ 'ਧਰਤੀ ਬਨਾਮ ਪਲਾਸਟਿਕ' ਦ ਬਾਰੇ ਵਿਚ ਮੌਜੂਦ ਿਵਿਦਆਰਥੀਆਂ ਨੂੰ ਵਿਸਥਾਰ ਨਾਲ ਦੱਸਿਆ ਕਿ ਇਹ ਥੀਮ ਪਲਾਸਟਿਕ ਨਾਲ ਹੋਣ ਵਾਲੇ ਵਾਤਾਵਰਨ ਪ੍ਰਦੂਸ਼ਣ ਦੇ ਗੰਭੀਰ ਖਤਰਿਆਂ 'ਤੇ ਰੋਸ਼ਨੀ ਪਾਉਂਦਾ ਹੈ। ਜੋ ਕਿ ਸਾਡੇ ਇਸ ਗ੍ਰਹਿ ਅਤੇ ਇਸ 'ਤੇ ਵੱਸਣ ਵਾਲੇ ਹਰੇਕ ਪ੍ਰਾਣੀ ਨੂੰ ਨੁਕਸਾਨ ਪਹੁੰਚਾ ਰਿਹਾ ਹੈ। ਅੱਜ ਧਰਤੀ ਦਿਵਸ ਮਨਾਉਣ ਦਾ ਮੁੱਖ ਮਕਸਦ ਪਲਾਸਟਿਕ ਦੀ ਵਰਤੋਂ ਵਿਚ ਕਮੀ ਲਿਆਉਣਾ ਅਤੇ ਵਾਤਾਵਰਨ ਤੋਂ ਪਲਾਸਟਿਕ ਦੇ ਕੂੜੇ ਨੂੰ ਪੂਰਨ ਰੂਪ ਨਾਲ ਹਟਾਉਣ ਲਈ ਜਾਗਰੂਕਤਾ ਫੈਲਾਉਣਾ ਹੈ। ਸਕੂਲ ਦੀ ਪ੍ਰਿੰਸੀਪਲ ਹਰਜੀਤ ਕੌਰਨੇ ਿਵਿਦਆਰਥੀਆਂ ਨੂੰ ਧਰਤੀ ਦਿਵਸ 'ਤੇ ਵਾਤਾਵਰਨ ਨੂੰ ਹੋਰ ਖਰਾਬ ਹੋਣ ਤੋਂ ਬਚਾਅ ਦੇ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ ਘਰ ਦੇ ਛੋਟੇ-ਛੋਟੇ ਕੰਮਾਂ ਦੇ ਲਈ ਉਹ ਪੈਦਲ ਜਾਣ ਜਾਂ ਸਾਈਕਲ ਦੀ ਵਰਤੋਂ ਕਰੋ। ਲੰਬੀ ਦੂਰੀ ਦੇ ਲਈ ਹੀ ਟ੍ਰਾਂਸਪੋਰਟ ਦੀ ਵਰਤੋਂ ਕਰੋ। ਛੋਟੇ-ਛੋਟੇ ਬਦਲਾਅ ਵੀ ਵਾਤਾਵਰਨ ਨੂੰ ਦੂਸ਼ਿਤ ਹੋਣ ਤੋਂ ਬਚਾਅ ਸਕਦੇ ਹਨ। ਅੰਤ ਵਿਚ ਸਕੱਤਰ ਹਰਬੀਰ ਸਿੰਘ ਨੇ ਆਏ ਸਾਰੇ ਮਹਿਮਾਨਾਂ ਦਾ ਧੰਨਵਾਦ ਕੀਤਾ ਅਤੇ ਸਾਰਿਆਂ ਨੇ ਮਿਲ ਕੇ ਬੂਟੇ ਵੀ ਲਗਾਏ। ਇਸ ਮੌਕੇ ਪ੍ਰੋਜੈਕਟ ਚੇਅਰਮੈਨ ਰਿਟਾਇਰਡ ਪ੍ਰਿੰਸੀਪਲ ਬਿਕਰਮਜੀਤ ਸਿੰਘ ਦੇ ਇਲਾਵਾ ਸੁਰਿੰਦਰਪਾਲ ਸਿੰਘ, ਵਿਪਨ ਸ਼ਰਮਾ, ਜਗਦੀਸ਼ ਸਿੰਘ, ਸੰਜੇ ਮਹਿਰਾ, ਗਗਨਦੀਪ ਸਿੰਘ ਅਤੇ ਸਕੂਲ ਦਾ ਸਟਾਫ ਮੌਜੂਦ ਸੀ।

# ਲੋਕ ਸਭਾ ਚੋਣਾਂ 2024, ਸਵੀਪ ਗਤੀਵਿਧੀਆਂ ਸਬੰਧੀ ਮੀਟਿੰਗ ਅੱਜ; ਵੋਟਰਾਂ ਨੂੰ ਵੋਟ ਦੇ ਹੱਕ ਦੀ ਵੱਧ ਤੋ ਵੱਧ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ ਜਾਵੇਗਾ- ਐਸ.ਡੀ.ਐਮ



**ਸ੍ਰੀ ਅਨੰਦਪੁਰ ਸਾਹਿਬ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਚੋਣਾਂ 2024 ਦੌਰਾਨ ਸਵੀਪ ਗਤੀਵਿਧੀਆਂ ਦੇ ਪ੍ਰੋਗਰਾਮ ਉਲੀਕਣ ਲਈ ਇੱਕ ਵਿਸੇਸ਼ ਮੀਟਿੰਗ ਉਪ ਮੰਡਲ ਦੇ ਮੀਟਿੰਗ ਹਾਲ ਵਿੱਚ 24 ਅਪ੍ਰੈਲ ਨੂੰ ਸਵੇਰੇ 10.30 ਵਜੇ ਹੋਵੇਗੀ। ਇਹ ਜਾਣਕਾਰੀ ਰਾਜਪਾਲ ਸਿੰਘ ਸੇਖੋ ਉਪ ਮੰਡਲ ਮੈਜਿਸਟ੍ਰੇਟ ਨੇ ਅੱਜ ਇੱਥੇ ਦਿੱਤੀ। ਉਨ੍ਹਾਂ ਨੇ ਦੱਸਿਆ ਕਿ ਮੀਟਿੰਗ ਵਿੱਚ ਵੋਟਰਾਂ ਨੂੰ ਵੋਟ ਦੀ ਵਰਤੋਂ ਦੇ ਲਈ ਪ੍ਰੇਰਿਤ ਕਰਨ ਵਾਸਤੇ ਸਵੀਪ ਗਤੀਵਿਧੀਆਂ ਨੂੰ ਹੋਰ ਤੇਜ਼ੀ ਨਾਲ ਲੋਕਾਂ ਤੱਕ ਪਹੁੰਚਾਉਣ ਵਾਸਤੇ ਇਹ ਮੀਟਿੰਗ ਬੁਲਾਈ ਗਈ ਹੈ। ਉਨ੍ਹਾਂ ਨੇ ਕਿਹਾ ਕਿ ਉਪ ਮੰਡਲ ਸ੍ਰੀ ਅਨੰਦਪੁਰ ਸਾਹਿਬ/ ਨੰਗਲ ਦੇ ਸਮੂਹ ਵਿਭਾਗਾ ਦੇ ਅਧਿਕਾਰੀ ਇਸ ਮੀਟਿੰਗ ਵਿੱਚ ਹਾਜ਼ਰ ਆਉਣਗੇ।

ਉਪ ਮੰਡਲ ਮੈਜਿਸਟ੍ਰੇਟ ਨੇ ਕਿਹਾ ਕਿ ਵੋਟਰਾਂ ਨੂੰ ਵੱਧ ਤੋ ਵੱਧ ਵੋਟ ਦੀ ਵਰਤੋਂ ਕਰਨ ਲਈ ਪ੍ਰੇਰਿਤ ਕਰਨ ਵਾਸਤੇ ਜਾਗਰੂਕਤਾ ਕੈਂਪ ਲਗਾਏ ਜਾ ਰਹੇ ਹਨ। ਸਵੀਪ ਗਤੀਵਿਧੀਆਂ ਨੂੰ ਹੋਰ ਅਸਰਦਾਰ ਢੰਗ ਨਾਲ ਲਾਗੂ ਕੀਤਾ ਜਾ ਰਿਹਾ ਹੈ, ਇਸ ਪ੍ਰਕਿਰਿਆ ਨਾਲ ਵੋਟਰਾਂ ਵਿਚ ਉਤਸ਼ਾਹ ਪੈਦਾ ਹੋ ਰਿਹਾ ਹੈ। ਉਨ੍ਹਾਂ ਨੇ ਦੱਸਿਆ ਕਿ ਵੱਧ ਤੋ ਵੱਧ ਵੋਟ ਪ੍ਰਤੀਸ਼ਤ ਵਧਾਉਣ, ਨਿਰਪੱਖ ਹੋ ਕੇ ਵੋਟ ਦੀ ਵਰਤੋਂ ਕਰਨ, ਭੈਅ, ਡਰ ਲਾਲਚ ਤੋ ਮੁਕਤ ਹੋ ਕੇ ਵੋਟ ਪਾਉਣ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਚੋਣ ਕਮਿਸ਼ਨ ਦੀਆਂ ਹਦਾਇਤਾ ਦੀ ਇੰਨ ਬਿੰਨ ਪਾਲਣਾ ਨੂੰ ਯਕੀਨੀ ਬਣਾਇਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਲੋਕ ਸਭਾ ਚੋਣਾ 2024 ਲਈ ਪ੍ਰੋਗਰਾਮ ਉਲੀਕਿਆ ਗਿਆ ਹੈ, ਹਰ ਕਿਸੇ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋ ਕਰਨੀ ਚਾਹੀਦੀ ਹੈ, ਇਸ ਨਾਲ ਸਾਡੇ ਦੇਸ਼ ਦਾ ਲੋਕਤੰਤਰਿਕ ਢਾਚਾ ਹੋਰ ਮਜਬੂਤ ਹੋਵੇਗਾ।

# ਸਾਧੂ ਸਿੰਘ ਹਸਪਤਾਲ ਮਰੀਜਾਂ ਲਈ ਬਣ ਰਿਹਾ ਚਾਨਣ ਮੁਨਾਰਾ



**ਗੋਨੇਆਣਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁਕਸਤਰ ਜ਼ਿਲ੍ਹੇ ਦੇ ਲੱਕੜ ਵਾਲਾ ਪਿੰਡ ਦੀ ਬਜ਼ੁਰਗ ਔਰਤ ਜਿਨ੍ਹਾਂ ਦੀ ਇੱਕ ਬਾਹ ਬਿਲਕੁਲ ਜਾਮ ਹੋ ਗਈ ਸੀ ਦਰਦ ਵੀ ਇਨਾਂ ਰਹਿੰਦਾ ਸੀ ਕੀ ਨੀਂਦ ਆਉਣਾ ਵੀ ਬੰਦ ਹੋ ਗਈ ਸੀ ਮਾਤਾ ਜੀ ਨੇ ਦੱਸਿਆ ਕੀ ਉਨ੍ਹਾਂ ਨੂੰ ਇਹ ਪ੍ਰੋਬਲਮ ਇੱਕ ਸਾਲ ਤੋ ਸੀ ਤੇ ਬਹੁਤ ਡਾਕਟਰ ਨੂੰ ਮਿਲੇ ਪਰ ਅਰਾਮ ਕਿਸੇ ਜਗਾ ਤੋ ਨਹੀ ਮਿਲਿਆ ਦਵਾਈਆਂ ਖਾ ਖਾ ਕੇ ਮਨ ਅੱਕ ਚੁਕਾ ਸੀ ਫਿਰ ਇੱਕ ਦਿਨ ਸਾਧੂ ਸਿੰਘ ਹਸਪਤਾਲ ਦੇ ਡਾਕਟਰ ਬਲਜਿੰਦਰ ਸਿੰਘ ਜੀ ਬਾਰੇ ਪੱਤਾ ਲਗਾ ਤੇ ਡਾਕਟਰ ਸਾਹਿਬ ਨੇ ਕੁਛ ਹੀ ਦਿਨਾਂ ਵਿੱਚ ਠੀਕ ਕਰ ਦਿੱਤਾ ਜਿਵੇ ਕੋਈ ਜਾਦੂ ਹੋਵੇ ਹੁਣ ਮੇਰੀ ਬਾਹ ਬਿਲਕੁਲ ਠੀਕ ਹੈ ਤੇ ਦਰਦ ਵੀ ਸਹੀ ਹੋ ਗਿਆ ਤੇ ਬਾਹ ਕੰਮ ਵੀ ਪੂਰਾ ਕਰਦੀ ਹੈ ਮੈਂ ਡਾਕਟਰ ਸਾਹਿਬ ਦਾ ਧੰਨਵਾਦ ਕਰਦੀ ਹਾਂ ਜੋ ਮੈਨੂੰ ਇਸ ਤਕਲੀਫ ਮੁਕਤ ਕੀਤਾ।

# ਸੰਤ ਸ਼ਿਰੋਮਣੀ ਇੱਛਾਪੁਰਤੀ ਸ਼੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਰਜਿ. ਵੱਲੋਂ ਸ੍ਰੀ ਰਾਮ ਭਗਤ ਹਨੂੰਮਾਨ ਜੀ ਦੇ ਜਨਮ ਦਿਹਾੜੇ ਤੇ ਵਿਸ਼ਾਲ ਝੰਡਾ ਯਾਤਰਾ

**ਸੁਨਾਮ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਤ ਸ਼ਿਰੋਮਣੀ ਇੱਛਾਪੁਰਤੀ ਸ਼੍ਰੀ ਬਾਲਾ ਜੀ ਚੈਰੀਟੇਬਲ ਟਰੱਸਟ ਰਜਿ. ਵੱਲੋਂ ਸ੍ਰੀ ਰਾਮ ਭਗਤ ਹਨੂੰਮਾਨ ਜੀ ਦੇ ਜਨਮ ਦਿਹਾੜੇ ਤੇ ਵਿਸ਼ਾਲ ਝੰਡਾ ਯਾਤਰਾ ਪੂਰੀ ਸ਼ਰਧਾ ਅਤੇ ਧੂਮ-ਧਾਮ ਨਾਲ ਕੱਢੀ ਗਈ। ਸ਼੍ਰੀ ਬਾਲਾ ਟਰੱਸਟ ਦੇ ਮੈਂਬਰ ਗੌਰਵ ਜਨਾਲਿਆ ਨੇ ਦੱਸਿਆ ਕਿ ਝੰਡਾ ਯਾਤਰਾ ਵਿੱਚ ਵਿਸ਼ੇਸ਼ ਤੌਰ 'ਤੇ ਸੁਨਾਮ ਦੀ ਸ਼ਾਨ ਕੈਬਿਨੇਟ ਮੰਤਰੀ ਅਮਨ ਅਰੋੜਾ ਅਤੇ ਕੈਬਨਿਟ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਪੰਜਾਬ ਉਚੇਚੇ ਤੌਰ ਤੇ ਪਹੁੰਚੇ ਅਤੇ ਸ਼੍ਰੀ ਬਾਲਾਜੀ ਮਹਾਰਾਜ ਦਾ ਆਸ਼ੀਰਵਾਦ ਲਿਆ। ਪੂਜਾ ਅਤੇ ਜਯੋਤੀ ਪ੍ਰਚੰਡ ਦੀ ਰਸਮ ਸ੍ਰੀ ਭੂਸ਼ਣ ਕੁਮਾਰ ਭੱਠੇ ਵਾਲਾ ਅਤੇ ਰਮਾਇਣ ਜੀ ਦੀ ਪੂਜਾ ਵਰਿੰਦਰ ਕੁਮਾਰ ਬਿੱਟੂ ਨੇ ਅਦਾ ਕੀਤੀ। ਯਾਤਰਾ ਦਾ ਸ਼ੁੱਭ ਆਰੰਭ ਐਨ.ਐਚ.ਪੀ.ਸੀ. ਦੇ ਸੁਤੰਤਰ ਨਿਰਦੇਸ਼ਕ ਡਾ. ਅਮਿਤ ਕਾਂਸਲ ਨੇ ਕੀਤਾ। ਗੌਰਵ ਜਨਾਲੀਆ ਨੇ ਦੱਸਿਆ ਕਿ 2100 ਪਵਿੱਤਰ ਝੰਡਿਆ ਦੀ ਸੇਵਾ ਸ਼੍ਰੀ ਮਨੁਜ ਸਚਦੇਵਾ ਦਿੱਲੀ ਵੱਲੋਂ ਕੀਤੀ ਗਈ। ਲੱਡੂ ਤੇ ਕਚੌਰੀ ਭੋਗ ਦੀ ਸੇਵਾ ਕਿਸੀ ਭਗਤ ਵੱਲੋ ਗੁਪਤਦਾਨ ਕੀਤੀ ਗਈ

ਜਨਾਲੀਆ ਨੇ ਦੱਸਿਆ ਕਿ ਯਾਤਰਾ ਸ਼੍ਰੀ ਨੈਣਾ ਦੇਵੀ ਮੰਦਿਰ ਤੋਂ ਸ਼ੁਰੂ ਹੋਕੇ ਸ਼ਹਿਰ ਦੇ ਵੱਖ ਵੱਖ ਬਾਜਰਾ ਵਿੱਚੋ ਹੁੰਦੀ ਹੋਈ ਸ੍ਰੀ ਰਾਮੇਸ਼ਵਰ ਸ਼ਿਵ ਮੰਦਿਰ ਕੋਲੋਂ ਲੰਘਦੀ ਹੋਈ ਸ੍ਰੀ ਬਾਲਾ ਜੀ ਧਾਮ ਪਹੁੰਚੀ, ਇਸ ਯਾਤਰਾ ਦਾ ਬਾਜ਼ਾਰਾਂ ਵਿੱਚ ਫੁੱਲਾਂ ਦੀ ਵਰਖਾ ਦੇ ਨਾਲ ਸ਼ਾਨਦਾਰ ਸਵਾਗਤ ਕੀਤਾ ਗਿਆ। ਕਈ ਥਾਵਾਂ 'ਤੇ ਸ਼ਹਿਰ ਵਾਸੀਆਂ ਵੱਲੋਂ ਪਾਣੀ ਦਾ ਵੀ ਪ੍ਰਬੰਧ ਕੀਤਾ ਗਿਆ ਅਤੇ ਸਾਰਾ ਬਾਜ਼ਾਰ ਸ਼੍ਰੀ ਬਾਲਾਜੀ ਮਹਾਰਾਜ ਦੇ ਜੈਕਾਰਿਆ ਨਾਲ ਗੂੰਜ ਰਿਹਾ ਸੀ। ਹਜ਼ਾਰਾਂ ਸ਼ਰਧਾਲੂਆਂ ਨੇ ਝੰਡੇ ਚੁੱਕ ਕੇ ਇਸ ਯਾਤਰਾ ਵਿੱਚ ਹਿੱਸਾ ਲਿਆ। ਜਨਾਲੀਆ ਨੇ ਦੱਸਿਆ ਕਿ ਝੰਡਾ ਯਾਤਰਾ ਤੋਂ ਬਾਅਦ ਸਾਰੇ ਸ਼ਰਧਾਲੂਆਂ ਵੱਲੋਂ ਲਗਭਗ 2100 ਝੰਡੇ ਸ਼੍ਰੀ ਬਾਲਾ ਜੀ ਮਹਾਰਾਜ ਨੂੰ ਸਮਰਪਿਤ ਕੀਤੇ ਗਏ ਅਤੇ ਸ਼੍ਰੀ ਬਾਲਾਜੀ ਮਹਾਰਾਜ ਦਾ ਆਸ਼ੀਰਵਾਦ ਲਿਆ। ਸ੍ਰੀ ਬਾਲਾ ਜੀ ਮਹਾਰਾਜ ਨੂੰ ਭੋਗ ਲਗਵਾਉਣ ਤੋਂ ਬਾਅਦ ਸਾਰੇ ਸ਼ਰਧਾਲੂਆ ਨੂੰ ਲੱਡੂ ਅਤੇ ਕਚੋਰੀਆ ਦਾ ਭੋਗ ਵੰਡਿਆ ਗਿਆ। ਸ਼੍ਰੀ ਬਾਲਾਜੀ ਟਰੱਸਟ ਵਲੋ ਸ਼੍ਰੀ ਨੈਣਾ ਦੇਵੀ ਮੰਦਰ ਕਮੇਟੀ ਦੇ ਸਾਰੇ ਮੈਂਬਰਾਂ, ਪੁਲਿਸ ਪ੍ਰਸ਼ਾਸਨ, ਮੀਡੀਆ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਭੋਆ ਦੇ ਪਿੰਡ ਡਾਲੇ ਤੋਂ ਅਨੇਕਾਂ ਪਰਿਵਾਰ ਵੱਖ-ਵੱਖ ਪਾਰਟੀਆਂ ਛੱਡ ਦੇ ਅਕਾਲੀ ਦਲ 'ਚ ਹੋਏ ਸ਼ਾਮਲ

**ਪਠਾਨਕੋਟ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**



ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਡਾ. ਦਲਜੀਤ ਸਿੰਘ ਚੀਮਾ ਦੀ ਚੋਣ ਮੁਹਿੰਮ ਨੂੰ ਅੱਜ ਉਸ ਵੇਲੇ ਵੱਡਾ ਬੱਲ ਮਿਲਿਆ ਜਦੋਂ ਵਿਧਾਨ ਸਭਾ ਹਲਕਾ ਭੋਆ ਦੇ ਪਿੰਡ ਡਾਲੇ ਵਿਖੇ ਵੱਖ-ਵੱਖ ਸਿਆਸੀ ਪਾਰਟੀਆਂ ਨਾਲ ਸਬੰਧਿਤ ਅਨੇਕਾਂ ਪਰਿਵਾਰਾਂ ਨੇ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋ ਕੇ ਡਾ. ਚੀਮਾ ਦੇ ਸਮਰਥਨ ਦਾ ਐਲਾਨ ਕਰ ਦਿੱਤਾ।

ਅੱਜ ਡਾ. ਦਲਜੀਤ ਸਿੰਘ ਚੀਮਾ ਦੇ ਭੋਆ ਵਿਧਾਨ ਸਭਾ ਹਲਕੇ ਦੇ ਚੋਣ ਦੌਰੇ ਮੌਕੇ ਹਲਕਾ ਇੰਚਾਰਜ ਰਵੀ ਮੋਹਨ ਦੀ ਹਾਜ਼ਰੀ ਵਿਚ ਪਿੰਡ ਡਾਲੇ ਦੇ ਰਵੀ ਕੁਮਾਰ, ਰਮਨ ਕੁਮਾਰ, ਮਨਜੀਤ ਸਿੰਘ ਝੇਲਾ, ਭੋਲਾ ਸਿੰਘ ਫੁੱਲਪੁਰ, ਸ਼ਹਬਾਸ਼ ਨੀਰ, ਸ਼ੀਲਾ ਦੇਵੀ, ਸੁਨੀਲ ਕੁਮਾਰ, ਪ੍ਰਵੀਨ ਕੁਮਾਰ, ਸੁਨੀਲ ਕੁਮਾਰ, ਪ੍ਰਕਾਸ਼, ਵਿਸ਼ਾਲ, ਕੁਲਜੀਤ ਗੋਪੀ, ਵਿਨੇ ਸਨੀ, ਰਜੇਸ਼ ਅਤੇ ਕੁਲਵਿੰਦਰ ਨੇ ਆਖਿਆ ਕਿ ਉਨ੍ਹਾਂ ਨੇ ਸ਼੍ਰੋਮਣੀ ਅਕਾਲੀ ਦਲ ਦੀਆਂ ਪੰਜਾਬ ਹਿਤੈਸ਼ੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਡਾ. ਦਲਜੀਤ ਸਿੰਘ ਚੀਮਾ ਦੇ ਸਮਰਥਨ ਦਾ ਫੈਸਲਾ ਕੀਤਾ ਹੈ ਤਾਂ ਜੋ ਇਸ ਵਾਰ ਲੋਕ ਸਭਾ ਹਲਕਾ ਗੁਰਦਾਸਪੁਰ ਤੋਂ ਡਾ. ਚੀਮਾ ਨੂੰ ਜਿਤਾ ਕੇ ਲੋਕ ਸਭਾ ਵਿਚ ਗੁਰਦਾਸਪੁਰ ਦੀ ਆਵਾਜ਼ ਪਹੁੰਚਾਈ ਜਾ ਸਕੇ।

# ਖੇਤੀਬਾੜੀ ਵਿਭਾਗ ਵੱਲੋਂ ਫਸਲਾਂ ਸੰਬੰਧੀ ਕਿਸਾਨ ਸਿਖਲਾਈ ਕੈਂਪ ਲਗਾਇਆ




**ਬਠਿੰਡਾ 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਖੇਤੀਬਾੜੀ ਅਫਸਰ ਡਾ ਕਰਨਜੀਤ ਸਿੰਘ ਗਿੱਲ ਅਤੇ ਖੇਤੀਬਾੜੀ ਅਫ਼ਸਰ ਡਾ ਬਲਜਿੰਦਰ ਸਿੰਘ ਜੀ ਦੀ ਰਹਿਨੁਮਾਈ ਹੇਠ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ, ਬਠਿੰਡਾ ਵਲੋਂ ਨਰਮੇ ਦੀ ਫਸਲ ਕਾਮਯਾਬ ਕਰਨ ਲਈ ਕਿਸਾਨ ਸਿਖਲਾਈ ਕੈਂਪ ਪਿੰਡ ਮਹਿਮਾ ਭਗਵਾਨਾ ਵਿੱਚ ਲਗਾਇਆ ਗਿਆ।

ਜਿਸ ਵਿੱਚ ਵਿੱਚ ਡਾ ਸਰਬਜੀਤ ਸਿੰਘ ਜੀ ਨੇ ਨਰਮੇ ਦੀ ਫ਼ਸਲ ਵਿੱਚ ਗੁਲਾਬੀ ਸੁੰਡੀ ਦੇ ਹਮਲੇ ਦੀ ਰੋਕਥਾਮ ਸਬੰਧੀ ਵਿਸਥਾਰ ਨਾਲ ਦੱਸਿਆ ਕਿ ਨਰਮੇ ਦੀਆਂ ਪੁਰਾਣੀਆਂ ਛਿਟੀਆਂ ਨੂੰ ਖੇਤਾਂ ਦੇ ਕਿਨਾਰੇ ਨਹੀਂ ਰੱਖਣਾ ਚਾਹੀਦਾ ਤੇ ਛਿਟੀਆਂ ਝਾੜ ਕੇ ਦੋਬਾਰਾ ਢੇਰ ਲਗਾ ਕੇ, ਛਿਟੀਆਂ ਦੀ ਰਹਿੰਦ ਖੂਹੰਦ ਨੂੰ ਨਸ਼ਟ ਕਰ ਦਿੱਤਾ ਜਾਵੇ। ਉਹਨਾਂ ਆਉਂਦੇ ਸਮੇਂ ਵਿੱਚ ਝੋਨੇ ਹੇਠਾਂ ਰਕਬਾ ਘਟਾ ਕੇ ਨਰਮਾ ਅਤੇ ਸਾਉਣੀ ਰੁੱਤ ਦੀ ਮੱਕੀ ਦੀ ਬਿਜਾਈ ਕਰਨ ਲਈ ਪ੍ਰੇਰਿਤ ਕੀਤਾ। ਡਾ. ਹਰਦੀਪ ਸਿੰਘ ਜੀ ਨੇ ਕਿਸਾਨ ਵੀਰਾਂ ਨੂੰ ਖੇਤੀ ਸਾਹਿਤ ਅਤੇ ਖੇਤੀਬਾੜੀ ਵਿਭਾਗ ਨਾਲ ਜੁੜਨ ਲਈ ਪ੍ਰੇਰਿਤ ਕੀਤਾ • ਉਹਨਾਂ ਕਿਸਾਨਾਂ ਨੂੰ ਕਣਕ ਦਾ ਬੀਜ ਆਪਣੇ ਪੱਧਰ ਉਪਰ ਆਪਣੇ ਖੇਤ ਵਿੱਚ ਹੀ ਤਿਆਰ ਕਰਨ ਲਈ ਪ੍ਰੇਰਤ ਕੀਤਾ ਤਾਂ ਜੋ ਕਿਸਾਨਾਂ ਨੂੰ ਮਹਿੰਗੇ ਭਾਅ ਦਾ ਬੀਜ ਬਜ਼ਾਰ ਵਿੱਚੋ ਨਾ ਖਰੀਦਣਾ ਪਵੇ।

# ਸਕੂਲ ਵਿੱਚ ਸ਼ੁੱਧ ਪਾਣੀ ਪੀਣ ਲਈ ਇੱਕ ਵੱਡਾ ਵਾਟਰ ਕੂਲਰ ਅਤੇ ਆਰ, ਓ ਭੇਂਟ ਕੀਤਾ : ਸੁਬੇਗ ਸਿੰਘ



**ਸੰਗਰੂਰ, 26 ਅਪ੍ਰੈਲ**
**-ਬਲਜੀਤ ਸਿੰਘ ਹੁਸੈਨਪੁਰਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਮਿਸ਼ਨ ਹੈਲਪ ਆਰਗੇਨਾਈਜੇਸ਼ਨ, ਸੰਗਰੂਰ(ਪੰਜਾਬ) ਵੱਲੋਂ, ਸਰਕਾਰੀ ਪ੍ਰਾਇਮਰੀ ਸਕੂਲ, ਬਡਰੁੱਖਾਂ(ਸੰਗਰੂਰ) ਵਿਖੇ ਬੱਚਿਆਂ ਦੀ ਸਿਹਤ ਨੂੰ ਧਿਆਨ ਚ ਰੱਖਦਿਆਂ, ਉਨ੍ਹਾਂ ਲਈ ਸ਼ਾਫ ਤੇ ਸ਼ੁੱਧ ਪਾਣੀ ਪੀਣ ਲਈ, ਇੱਕ ਵੱਡਾ ਵਾਟਰ ਕੂਲਰ ਅਤੇ ਆਰ.ਓ. ਭੇਟ ਕੀਤਾ ਗਿਆ। ਇਸ ਮੌਕੇ ਸਰਦਾਰ ਸ਼ੇਰ ਸਿੰਘ, ਸਾਬਕਾ ਡੀ.ਈ.ਓ, ਸਰਦਾਰ ਜਗਜੀਤ ਇੰਦਰ, ਸਾਬਕਾ ਡਿਪਟੀ ਡੀ.ਈ.ਓ, ਸਰਦਾਰ ਜਸਦੇਵ ਸਿੰਘ, ਸਾਬਕਾ ਲੈਕਚਰਾਰ, ਸਰਦਾਰ ਬਹਾਦਰ ਸਿੰਘ, ਸਾਬਕਾ ਠਾਣੇਦਾਰ, ਸੰਸਥਾ ਦੇ ਪ੍ਰਧਾਨ ਸੁਬੇਗ ਸਿੰਘ, ਪਿੰਡ ਦੇ ਪਤਵੰਤੇ, ਸਰਦਾਰ ਅਮਰਜੀਤ ਸਿੰਘ, ਪ੍ਰਧਾਨ, ਸ਼੍ਰੀ ਰਾਜਿੰਦਰ ਪਾਲ ਸਰਮਾ, ਸਮਾਜ ਸੇਵੀ, ਸਰਦਾਰ ਮੁਖਤਿਆਰ ਸਿੰਘ ਜੱਸਲ, ਸਾਬਕਾ ਮੁੱਖ ਅਧਿਆਪਕ, ਸਕੂਲ ਦੇ ਮੁਖੀ, ਸ਼੍ਰੀ ਵਿਸ਼ਾਲ ਸ਼ਰਮਾ, ਸਮੂਹ ਸਟਾਫ ਅਤੇ ਸਕੂਲ ਦੇ ਬੱਚੇ ਹਾਜਰ ਸਨ। ਸਕੂਲ ਦੇ ਮੁਖੀ ਵੱਲੋਂ ਸੰਸਥਾ ਦੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ। ਸੰਸਥਾ ਵੱਲੋਂ, ਸਕੂਲ ਨੂੰ ਆਉਣ ਵਾਲੇ ਸਮੇਂ ਚ ਵੀ, ਇਸੇ ਤਰ੍ਹਾਂ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ ਗਿਆ। ਇਸ ਮੱਦਦ ਲਈ ਸ਼੍ਰੀ ਮਨੂ ਬਾਂਸਲ ਖਰੜ ਜੀ ਦਾ ਪੂਰਨ ਰੂਪ ਚ ਸਹਿਯੋਗ ਰਿਹਾ। ਇੱਥੇ ਇਹ ਗੱਲ ਵਰਨਣਯੋਗ ਹੈ, ਕਿ ਇਸ ਸਕੂਲ ਚ 351 ਬੱਚੇ ਪੜ੍ਹ ਰਹੇ ਹਨ।

# ਵਿਸ਼ਵ ਧਰਤੀ ਦਿਵਸ ਮੌਕੇ ਅਲਾਇੰਸ ਕਲੱਬ ਅਤੇ ਆਸਰਾ ਫਾਊਂਡੇਸ਼ਨ ਵਲੋਂ ਫਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ

**ਸ੍ਰੀ ਅਨੰਦਪੁਰ ਸਾਹਿਬ, 26 ਅਪ੍ਰੈਲ**
**-ਸਚਿਨ ਸੋਨੀ/ਰਾਜੂ ਧੀਮਾਨ-**
**-ਕੌਮੀ ਪੱਤ੍ਰਿਕਾ ਬਿਊਰੋ-**




ਸਮਾਜ ਸੇਵੀ ਅਤੇ ਵਾਤਾਵਰਣ ਨੂੰ ਸਮਰਪਿਤ ਸੰਸਥਾਵਾਂ ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਅਤੇ ਆਸਰਾ ਫਾਊਂਡੇਸ਼ਨ ਸ੍ਰੀ ਅਨੰਦਪੁਰ ਸਾਹਿਬ ਵਲੋਂ ਸਾਂਝੇ ਤੋਰ ਤੇ ਵਾਤਾਵਰਨ ਦੀ ਸੰਭਾਲ ਲਈ ਪਿਛਲੇ ਲੰਮੇ ਸਮੇਂ ਤੋਂ ਵੱਖ ਵੱਖ ਥਾਵਾਂ ਤੇ ਲਗਾਏ ਜਾ ਰਹੇ ਫਲਦਾਰ ਅਤੇ ਛਾਂਦਾਰ ਬੂਟਿਆਂ ਦੀ ਲੜੀ ਤਹਿਤ 'ਵਿਸ਼ਵ ਧਰਤੀ ਦਿਵਸ' ਮੌਕੇ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਅਜਾਇਬ ਘਰ ਵਿਖੇ ਵੱਖ-ਵੱਖ ਤਰਾਂ ਦੇ ਫਲਦਾਰ ਅਤੇ ਛਾਂਦਾਰ ਬੂਟੇ ਲਗਾਏ ਗਏ। ਇਸ ਮੌਕੇ ਵਿਸ਼ੇਸ਼ ਤੌਰ ਤੇ ਡਾਕਟਰ ਹਰਦਿਆਲ ਸਿੰਘ ਪੰਨੂ ਸਾਬਕਾ ਗਵਰਨਰ ਅਲਾਇੰਸ ਕਲੱਬ ਇੰਟਰਨੈਸ਼ਨਲ ਜਿਲ੍ਹਾ 126- © ਅਤੇ ਪ੍ਰੋਫੈਸਰ ਹਰਦੀਪ ਸਿੰਘ ਅਸਿਸਟੈਂਟ ਗਵਰਨਰ ਸ਼ਾਮਿਲ ਹੋਏ।

ਪ੍ਰੋਫੈਸਰ ਸਾਹਿਬ ਨੇ ਆਪਣੇ ਸੰਬੋਧਨ ਵਿਚ ਵਿਸ਼ਵ ਧਰਤੀ ਦਿਵਸ ਮੌਕੇ ਕਿਹਾ ਕਿ ਅੱਜ ਤਕਨੋਲਜੀ ਦੇ ਯੁੱਗ ਵਿਚ ਸੰਸਾਰ ਦਾ ਤੇਜੀ ਨਾਲ ਵਿਕਾਸ ਹੋ ਰਿਹਾ ਹੈ ਅਤੇ ਕਈ ਵਾਰ ਇਸ ਵਿਕਾਸ ਲਈ ਰੁੱਖਾਂ ਦੀ ਕਟਾਈ ਹੋ ਰਹੀ ਹੈ ਜਿਸ ਨਾਲ ਸਾਡੇ ਵਾਤਾਵਰਣ ਦਾ ਸੰਤੁਲਨ ਵਿਗੜ ਰਿਹਾ ਹੈ। ਅਸੀਂ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਜਮੀਨਾਂ ਜਾਇਦਾਦਾਂ ਬਣਾ ਰਹੇ ਹਾਂ ਉਹਨਾਂ ਲਈ ਸੁੱਖ ਸਹੂਲਤਾ ਸਿਰਜ ਰਹੇ ਹਾਂ। ਜਦੋਂ ਕਿ ਅਧਿਕਾਰਿਤ ਤੋਰ ਤੇ ਇਕੱਤਰਤ ਕੀਤੇ ਅੰਕੜੇ ਅਤੇ ਵਿਸ਼ਵ ਪੱਧਰ ਤੇ ਕੀਤੇ ਸਰਵੇਖਣ ਨੇ ਸਾਨੂੰ ਚੇਤੰਨ ਕੀਤਾ ਹੈ ਕਿ ਸਾਨੂੰ ਅੱਜ ਸਭ ਤੋ ਵੱਧ ਜਰੂਰਤ ਆਪਣੀਆਂ ਨਸਲਾਂ ਲਈ ਸਾਫ ਸੁਥਰੇ ਵਾਤਾਵਰਣ ਅਤੇ ਪੌਣ ਪਾਣੀ ਅਤੇ ਧਰਤੀ ਦੀ ਸੰਭਾਲ ਕਰਨ ਦੀ ਹੈ। ਇਸਨੂੰ ਗੰਭੀਰਤਾ ਨਾਲ ਲੈਂਦੇ ਹੋਏ ਸਾਨੂੰ ਇਸ ਦਿਸ਼ਾ ਵਿਚ ਢੁਕਵੇਂ ਉਪਰਾਲੇ ਕਰਨੇ ਚਾਹੀਦੇ ਹਨ। ਡਾਕਟਰ ਹਰਦਿਆਲ ਸਿੰਘ ਪੰਨੂ ਨੇ ਇਸਦੇ ਲਈ ਇਕ ਮੁਹਿੰਮ ਤਹਿਤ ਸਕੂਲਾਂ ਵਿੱਚ ਵਾਤਾਵਰਣ ਸੰਭਾਲ ਵਿਸ਼ੇ ਤੇ ਸੈਮੀਨਾਰ ਕਰਵਾਉਣ ਅਤੇ ਵਧ ਤੋਂ ਵਧ ਫਲਦਾਰ ਅਤੇ ਛਾਂਦਾਰ ਪੌਦੇ ਲਗਾਉਣ ਦੀ ਜਰੂਰਤ ਤੇ ਜੋਰ ਦਿੱਤਾ। ਇਸ ਮੋਕੇ ਕਲੱਬ ਦੇ ਪ ?ਧਾਨ ਦਵਿੰਦਰਪਾਲ ਸਿੰਘ, ਪੀ ਆਰ ਓ ਮਹਿੰਦਰ ਮੋਹਨ ਸਿੰਘ, ਜਸਦੀਪ ਸਿੰਘ ਧਾਲੀਵਾਲ, ਅਮਰਦੀਪ ਸਿੰਘ ਸੰਧੂ, ਸਤਿੰਦਰਪਾਲ ਸਿੰਘ, ਅੰਕੁਸ਼ ਕੁਮਾਰ, ਬਿੰਦੂ ਸ਼ਰਮਾ, ਉਜਾਗਰ ਸਿੰਘ ਆਦਿ ਵੀ ਹਾਜਰ ਸਨ।

# ਡਿਪਟੀ ਕਮਿਸ਼ਨਰ ਵੱਲੋਂ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਦਫ਼ਤਰੀ ਕੰਮ ਕਾਜ ਦੀ ਸਮੀਖਿਆ ਲਈ ਬੈਠਕ



**ਫਾਜ਼ਿਲਕਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਡਾ: ਸੇਨੂ ਦੁੱਗਲ ਨੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਦਫਤਰੀ ਕੰਮ ਕਾਜ ਦੀ ਸਮੀਖਿਆ ਲਈ ਬੈਠਕ ਕੀਤੀ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਚਿਠੀ ਪੱਤਰਾਂ ਦਾ ਨਿਪਟਾਰਾ ਤੈਅ ਸਮੇਂ ਅੰਦਰ ਕਰਨਾ ਯਕੀਨੀ ਬਣਾਇਆ ਜਾਵੇ।

ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕੋਈ ਵੀ ਕੰਮ ਬਕਾਇਆ ਨਾ ਛਡਿਆ ਜਾਵੇ ਅਤੇ ਸਮਾਬੱਧ ਢੰਗ ਨਾਲ ਪਹਿਲ ਦੇ ਅਧਾਰ ਤੇ ਪੂਰਾ ਕੀਤਾ ਜਾਵੇ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਕਿਸੇ ਦਫਤਰ ਵਿਖ਼ੇ ਕੋਈ ਸ਼ਿਕਾਇਤ ਆਉਂਦੀ ਹੈ ਤਾਂ ਉਸਦਾ ਤੈਅ ਸਮੇ ਅੰਦਰ ਨਿਪਟਾਰਾ ਕੀਤਾ ਜਾਵੇ । ਉਨ੍ਹਾਂ ਕਿਹਾ ਕਿ ਸਮੂਹ ਅਧਿਕਾਰੀ/ ਕਰਮਚਾਰੀ ਆਪਣੀ ਡਿਊਟੀ ਨਿਭਾਉਣ ਵਿਚ ਕੋਈ ਅਣਗਹਿਲੀ ਨਾ ਵਰਤਣ, ਡਿਊਟੀ ਪ੍ਰਤੀ ਅਣਗਹਿਲੀ ਵਰਤਣ ਵਾਲੇ ਖਿਲਾਫ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ ।

ਬੈਠਕ ਵਿਚ ਵਧੀਕ ਡਿਪਟੀ ਕਮਿਸ਼ਨਰ ਜਨਰਲ ਸ੍ਰੀ ਰਾਕੇਸ਼ ਕੁਮਾਰ ਪੋਪਲੀ ਪੀਸੀਐਸ, ਜਿ ?ਲ੍ਹਾ ਮਾਲ ਅਫ਼ਸਰ ਸ੍ਰੀ ਸੰਦੀਪ ਕੁਮਾਰ, ਡਾ ਐਰੀਕ ਅਤੇ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀ ਹਾਜਰ ਸਨ।

# ਅੰਮ੍ਰਿਤਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 31ਵਾਂ ਕ੍ਰਿਕੇਟ ਫੈਡਰੇਸ਼ਨ ਕੱਪ ਹੋਇਆ



**ਅੰਮ੍ਰਿਤਸਰ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਅੰਮ੍ਰਿਤਸਰ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਖੇ 31ਵਾਂ ਕ੍ਰਿਕੇਟ ਫੈਡਰੇਸ਼ਨ ਕੱਪ ਹੋਇਆ। ਜਿਸ ਵਿੱਚ ਸ਼ਹਿਰ ਦੀਆਂ ਵੱਖ ਵੱਖ ਸਨਮਾਨਿਤ ਹਸਤੀਆਂ ਨੇ ਭਾਗ ਲਿਤਾ ਇਸ ਮੌਕੇ ਸ਼ਹਿਰ ਦੇ ਯੁਵਾ ਸਮਾਜ ਸੇਵੀ ਪਰਦੁਮਨ ਦੇਵਗਨ ਨੇ 31 ਫੈਡਰੇਸ਼ਨ ਕੱਪ ਵਿੱਚ ਖ਼ਾਸ ਮਹਿਮਾਨ ਵਜੋਂ ਸ਼ਿਰਕਤ ਕੀਤੀ ਜਿਸ ਵਿਚ ਦੇਸ਼ ਭਰ ਤੋਂ 20 ਟੀਮਾਂ ਨੇ ਭਾਗ ਲਿਆ ਇਸ ਮੌਕੇ ਤੇ ਟੈਨਿਸ ਬਾਲ ਕ੍ਰਿਕੇਟ ਫੈਡਰੇਸ਼ਨ ਆਫ ਇੰਡੀਆ ਦੇ ਔਹੇਦਾਰ ਅਤੇ ਟੈਨਿਸ ਬਾਲ ਕ੍ਰਿਕੇਟ ਐਸੋਸੀਏਸ਼ਨ ਪੰਜਾਬ ਦੇ ਔਹੇਦਰ ਮੌਜੂਦ ਰਹੇ ਜਿੰਨਾ ਦਾ ਪਰਦੁਮਨ ਦੇਵਗਨ ਵੱਲੋਂ ਖ਼ਾਸ ਧੰਨਵਾਦ ਕੀਤਾ ਗਿਆ । ਅਤੇ ਪਰਦੁਮਨ ਦੇਵਗਨ ਜੀ ਨੇ ਕਿਹਾ ਕੇ ਆਉਣ ਵਾਲੇ ਸਮੇਂ ਵਿੱਚ ਐਸੇ ਸਪੋਰਟਸ ਔਰ ਯੂਥ ਵਾਲੇ ਪ੍ਰੋਗਰਾਮਾਂ ਵਿੱਚ ਓਹਨਾ ਦੀ ਲੋੜ ਜਿੱਥੇ ਵੀ ਲੱਗੇ ਤਾਂ ਉਹ ਹਮੇਸ਼ਾ ਹਾਜ਼ਿਰ ਨੇ ।

ਇਸ ਮੌਕੇ ਤੇ ਸੌਰਭ ਰਾਇ, ਗੁਰਜਿੰਦਰ ਸਿੰਘ ,ਪਰਵਿੰਦਰ ,ਅਜੇ ਕੁਮਾਰ ਅਤੇ ਐਸੋਸੀਏਸ਼ਨ ਦੇ ਹੋਰ ਮੈਂਬਰ ਮੌਜੂਦ ਰਹੇ।

# 20ਵੀਂ ਸਬ-ਜੂਨੀਅਰ ਰਾਜ ਪੱਧਰੀ ਕਿੱਕਬਾਕਸਿੰਗ ਚੈਂਪੀਅਨਸ਼ਿਪ ਦੇ ਰੋਮਾਂਚਕ ਮਾਹੌਲ 'ਚ ਐਥਲੀਟ ਮਹਿਕਦੀਪ ਕੌਰ ਵੱਲੋਂ ਬੇਮਿਸਾਲ ਹੁਨਰ ਦਾ ਪ੍ਰਦਰਸ਼ਨ

**ਸੁਨਾਮ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**




20ਵੀਂ ਸਬ-ਜੂਨੀਅਰ ਰਾਜ ਪੱਧਰੀ ਕਿੱਕਬਾਕਸਿੰਗ ਚੈਂਪੀਅਨਸ਼ਿਪ 2024-25 ਦੇ ਰੋਮਾਂਚਕ ਮਾਹੌਲ ਵਿੱਚ, ਸਟੀਫਨ ਇੰਟਰਨੈਸ਼ਨਲ ਸਕੂਲ ਦੀ ਇੱਕ ਸ਼ਾਨਦਾਰ ਐਥਲੀਟ ਮਹਿਕਦੀਪ ਕੌਰ ਨੇ ਆਪਣੇ ਅਟੁੱਟ ਦ੍ਰਿੜ ਇਰਾਦੇ ਅਤੇ ਬੇਮਿਸਾਲ ਹੁਨਰ ਦਾ ਪ੍ਰਦਰਸ਼ਨ ਕਰਦਿਆਂ, 50 ਕਿਲੋਗ੍ਰਾਮ ਭਾਰ ਵਰਗ ਵਿੱਚ ਕਾਂਸੀ ਦਾ ਤਗਮਾ ਹਾਸਲ ਕੀਤਾ। ਕੋਚ ਵਿਸ਼ਾਲ ਦੀ ਮੁਹਾਰਤ ਤੋਂ ਸੇਧ ਲੈ ਕੇ, ਮਹਿਕਦੀਪ ਦੇ ਸ਼ਾਨਦਾਰ ਪ੍ਰਦਰਸ਼ਨ ਨੇ ਨਾ ਸਿਰਫ਼ ਉਸ ਦੇ ਜ਼ਿਲ੍ਹੇ ਅਤੇ ਸ਼ਹਿਰ ਦਾ ਮਾਣ ਵਧਾਇਆ, ਸਗੋਂ ਸਾਡੇ ਸਕੂਲ ਭਾਈਚਾਰੇ ਵਿੱਚ ਮਾਣ ਅਤੇ ਪ੍ਰਸ਼ੰਸਾ ਦੀ ਭਾਵਨਾ ਵੀ ਜਗਾਈ। ਮਹਿਕਦੀਪ ਦੀ ਪ੍ਰਾਪਤੀ ਉਸ ਨਿਰੰਤਰ ਸਮਰਪਣ ਅਤੇ ਲਗਨ ਦਾ ਪ੍ਰਮਾਣ ਹੈ ਜੋ ਉਸਨੇ ਆਪਣੀ ਸਿਖਲਾਈ ਦੌਰਾਨ ਦਿਖਾਈ ਹੈ।

ਉਸਦੀ ਸਫਲਤਾ ਸਿਰਫ਼ ਇੱਕ ਨਿੱਜੀ ਜਿੱਤ ਨਹੀਂ ਹੈ ਬਲਕਿ ਸਟੀਫਨ ਇੰਟਰਨੈਸ਼ਨਲ ਸਕੂਲ ਵਿੱਚ ਉੱਤਮਤਾ, ਅਨੁਸ਼ਾਸਨ ਅਤੇ ਲਚਕੀਲੇਪਣ ਦੇ ਮੁੱਲਾਂ ਦਾ ਪ੍ਰਤੀਬਿੰਬ ਹੈ। ਜਿਵੇਂ ਕਿ ਅਸੀਂ ਮਹਿਕਦੀਪ ਦੀ ਸ਼ਾਨਦਾਰ ਪ੍ਰਾਪਤੀ ਦਾ ਜਸ਼ਨ ਮਨਾਉਂਦੇ ਹਾਂ, ਅਸੀਂ ਆਪਣੇ ਪ੍ਰਤਿਭਾਸ਼ਾਲੀ ਅਥਲੀਟਾਂ ਨੂੰ ਉਨ੍ਹਾਂ ਦੀ ਉੱਤਮਤਾ ਦੀ ਪ੍ਰਾਪਤੀ ਵਿੱਚ ਪਾਲਣ ਅਤੇ ਸਮਰਥਨ ਕਰਨ ਲਈ ਆਪਣੀ ਵਚਨਬੱਧਤਾ ਦੀ ਵੀ ਪੁਸ਼ਟੀ ਕਰਦੇ ਹਾਂ।

ਮੈਡਲਾਂ ਅਤੇ ਪ੍ਰਸ਼ੰਸਾ ਤੋਂ ਪਰੇ, ਮਹਿਕਦੀਪ ਦੀ ਯਾਤਰਾ ਜਨੂੰਨ ਅਤੇ ਸਖ਼ਤ ਮਿਹਨਤ ਦੀ ਪਰਿਵਰਤਨਸ਼ੀਲ ਸ਼ਕਤੀ ਦੀ ਉਦਾਹਰਣ ਦਿੰਦੀ ਹੈ। ਉਸਦੀ ਸ਼ਿਲਪਕਾਰੀ ਪ੍ਰਤੀ ਉਸਦੀ ਅਟੱਲ ਵਚਨਬੱਧਤਾ ਸਾਨੂੰ ਸਾਰਿਆਂ ਨੂੰ ਪ੍ਰਾਪਤੀ ਦੀਆਂ ਉੱਚੀਆਂ ਸਿਖਰਾਂ 'ਤੇ ਪਹੁੰਚਣ ਅਤੇ ਚੁਣੌਤੀਆਂ ਦੇ ਸਾਮ੍ਹਣੇ ਕਦੇ ਵੀ ਨਾ ਡੋਲਣ ਲਈ ਪ੍ਰੇਰਿਤ ਕਰਦੀ ਹੈ। ਜਿਵੇਂ ਕਿ ਮਹਿਕਦੀਪ ਮਹਾਨਤਾ ਵੱਲ ਆਪਣਾ ਮਾਰਗ ਦਰਸਾਉਂਦੀ ਰਹਿੰਦੀ ਹੈ, ਅਸੀਂ ਉਸ ਦੇ ਨਾਲ ਖੜ੍ਹੇ ਹਾਂ, ਰਸਤੇ ਦੇ ਹਰ ਕਦਮ 'ਤੇ ਉਸ ਨੂੰ ਖੁਸ਼ ਕਰਦੇ ਹਾਂ। ਖੇਡ ਭਾਵਨਾ ਅਤੇ ਦੋਸਤੀ ਦੀ ਭਾਵਨਾ ਵਿੱਚ, ਆਓ ਮਹਿਕਦੀਪ ਦੀ ਸਫਲਤਾ ਦਾ ਜਸ਼ਨ ਮਨਾਉਣ ਅਤੇ ਸਾਡੇ ਸਾਰੇ ਵਿਦਿਆਰਥੀ-ਐਥਲੀਟਾਂ ਦੇ ਸਮਰਪਣ ਅਤੇ ਲਗਨ ਦਾ ਸਨਮਾਨ ਕਰਨ ਲਈ ਇਕੱਠੇ ਹੋਈਏ। ਉਨ੍ਹਾਂ ਦੀਆਂ ਪ੍ਰਾਪਤੀਆਂ ਨਾ ਸਿਰਫ਼ ਸਾਡੇ ਸਕੂਲ ਲਈ ਮਾਣ ਵਧਾਉਂਦੀਆਂ ਹਨ ਸਗੋਂ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਨਾ ਸਰੋਤ ਵਜੋਂ ਵੀ ਕੰਮ ਕਰਦੀਆਂ ਹਨ। ਉੱਤਮਤਾ ਅਤੇ ਦ੍ਰਿੜਤਾ ਦੀ ਚਮਕਦੀ ਮਿਸਾਲ ਮਹਿਕਦੀਪ ਕੌਰ ਨੂੰ ਇੱਕ ਵਾਰ ਫਿਰ ਮੁਬਾਰਕਾਂ!

# ਬਜ਼ੁਰਗਾਂ ਤੇ ਦਿਵਿਆਂਗਜਨ ਦੀਆਂ ਵੋਟਾਂ ਲਾਜ਼ਮੀ ਪਵਾਉਣ ਲਈ ਦਿੱਤੀਆਂ ਜਾਣਗੀਆਂ ਵਿਸ਼ੇਸ਼ ਸਹੂਲਤਾਂ : ਜ਼ਿਲ੍ਹਾ ਚੋਣ ਅ.ਫਸਰ

## ➢ ਸ਼ਕਸਮ ਐਪ 'ਚ ਦਿਵਿਆਂਗਜਨ ਨੂੰ ਕੀਤਾ ਜਾਵੇ ਰਜਿਸਟਰ ➢ ਜ਼ਿਲ੍ਹੇ 'ਚ 85 ਸਾਲ ਤੋਂ ਵਧੇਰੇ ਉਮਰ ਦੇ 13 ਹਜ਼ਾਰ 79 ਵੋਟਰ ਅਤੇ 15 ਹਜ਼ਾਰ 120 ਦਿਵਿਆਂਗਜਨ ਵੋਟਰ

ਪਟਿਆਲਾ, 26 ਅਪ੍ਰੈਲ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹਾ ਚੋਣ ਅਫ਼ਸਰ ਸ਼ੌਕਤ ਅਹਿਮਦ ਪਰੇ ਨੇ ਲੋਕ ਸਭਾ ਚੋਣਾਂ 2024 ਦੌਰਾਨ ਪਟਿਆਲਾ ਜ਼ਿਲ੍ਹੇ ਵਿੱਚ ਦਿਵਿਆਂਗਜਨ ਅਤੇ ਬਜ਼ੁਰਗ ਵੋਟਰਾਂ ਦੀ ਸਰਗਰਮ ਅਤੇ ਉਸਾਰੂ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਅੱਜ ਡਿਸਟ੍ਰਿਕਟ ਮੋਨੀਟਰਿੰਗ ਕਮੇਟੀ ਆਨ ਐਕਸੈਸਿਬਲ ਇਲੈਕਸ਼ਨਜ਼ (ਡੀ.ਐਮ. ਸੀ.ਏ.ਈ) ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਕਿਹਾ ਕਿ ਹਰੇਕ 85 ਸਾਲ ਤੋਂ ਉਪਰ ਉਮਰ ਵਰਗ ਦੇ ਬਜ਼ੁਰਗ ਤੇ 40 ਫ਼ੀਸਦੀ ਤੋਂ ਵੱਧ ਦਿਵਿਆਂਗਜਨ ਤੱਕ ਬੀ.ਐਲ.ਓਜ਼ ਤੇ ਆਂਗਣਵਾੜੀ ਵਰਕਰ ਰਾਹੀਂ ਪਹੁੰਚ ਬਣਾਉਣੀ ਯਕੀਨੀ ਬਣਾਈ ਜਾਵੇ ਤੇ ਜਿਹੜੇ ਬਜ਼ੁਰਗ ਤੇ ਦਿਵਿਆਂਗਜਨ ਵੋਟਰ ਘਰ ਤੋ ਵੋਟ ਪਾਉਣਾ ਚਾਹੁੰਦੇ ਹਨ ਉਨ੍ਹਾਂ ਨੂੰ ਫਾਰਮ ਨੰ: 12 ਡੀ ਮੁਹੱਈਆ ਕਰਵਾਏ ਜਾਣ।



ਜ਼ਿਲ੍ਹਾ ਚੋਣ ਅਫ਼ਸਰ ਨੇ ਕਿਹਾ ਕਿ ਪਟਿਆਲਾ ਜ਼ਿਲ੍ਹੇ ਵਿੱਚ 85 ਸਾਲ ਤੋਂ ਵਧੇਰੇ ਉਮਰ ਦੇ 13 ਹਜ਼ਾਰ 79 ਵੋਟਰ ਹਨ, ਜਿਨ੍ਹਾਂ ਵਿਚੋਂ 5082 ਪੁਰਸ਼ ਵੋਟਰ ਤੇ 7997 ਮਹਿਲਾ ਵੋਟਰ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਵੋਟਰਾਂ ਤੱਕ ਪਹੁੰਚ ਬਣਾਈ ਜਾ ਰਹੀ ਹੈ ਤੇ ਜਿਹੜੇ ਵੋਟਰ ਘਰ ਤੋਂ ਹੀ ਵੋਟ ਪਾਉਣਾ ਚਾਹੁੰਦੇ ਹਨ ਉਨ੍ਹਾਂ ਪਾਸੋਂ ਫਾਰਮ ਨੰ: 12 ਡੀ ਭਰਵਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹੇ 'ਚ 15120 ਦਿਵਿਆਂਗਜਨ ਵੋਟਰ ਹਨ, ਜਿਨ੍ਹਾਂ ਵਿੱਚ 9104 ਪੁਰਸ਼ ਤੇ 6016 ਮਹਿਲਾ ਵੋਟਰ ਹਨ, ਜਿਨ੍ਹਾਂ ਨੂੰ ਸ਼ਕਸਮ ਐਪ ਸਬੰਧੀ ਜਾਗਰੂਕ ਕੀਤਾ ਜਾਵੇ ਤਾਂ ਜੋ ਉਹ ਆਪਣੇ ਆਪ ਨੂੰ ਰਜਿਸਟਰ ਕਰ ਸਕਣ।

ਸ਼ੌਕਤ ਅਹਿਮਦ ਪਰੇ ਨੇ ਕਿਹਾ ਕਿ ਸਭ ਦੀ ਪਹੁੰਚ 'ਚ ਚੋਣਾਂ ਬਣਾਉਣ ਲਈ ਜ਼ਿਲ੍ਹੇ ਦੇ ਸਮੁੱਚੇ ਪੋਲਿੰਗ ਸਟੇਸ਼ਨਾਂ 'ਤੇ ਪੀ.ਡਬਲਿਊ.ਡੀ. ਵੋਟਰਾਂ ਨੂੰ ਵੀਲ੍ਹ ਚੇਅਰ, ਸਾਰੇ ਪੋਲਿੰਗ ਸਟੇਸ਼ਨਾਂ 'ਤੇ ਰੈਂਪ, ਬਰੇਲ ਬੈਲਟ ਸ਼ੀਟ ਦੀ ਸਹੂਲਤ, ਵੱਖਰੀ ਵੋਟ ਪਾਉਣ ਲਈ ਕਤਾਰ, ਬੂਥ ਵਲੰਟੀਅਰ ਅਤੇ ਪਿਕ ਐਂਡ ਡਰਾਪ ਟਰਾਂਸਪੋਰਟ ਸਹੂਲਤ ਵੀ ਉਪਲਬੱਧ ਕਰਵਾਈ ਜਾਵੇਗੀ ਤੇ ਇਸ ਲਈ ਵਿਸ਼ੇਸ਼ ਹੈਲਪਲਾਈਨ ਨੰਬਰ ਵੀ ਜਾਰੀ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਪੀ.ਡਬਲਿਊ.ਡੀ. ਵੋਟਰਾਂ ਸਬੰਧੀ ਜਾਗਰੂਕ ਕਰਨ ਲਈ ਕਮੇਟੀ ਵੱਲੋਂ ਬੀ.ਐਲ.ਓਜ਼, ਪੋਲਿੰਗ ਅਫ਼ਸਰਾਂ, ਬੂਥ ਵਲੰਟੀਅਰਾਂ, ਰਾਜਨੀਤਿਕ ਪਾਰਟੀਆਂ ਦੇ ਏਜੰਟਾਂ ਅਤੇ ਪੁਲਿਸ ਫੋਰਸ ਨਾਲ ਸਿਖਲਾਈ ਸੈਸ਼ਨ ਵੀ ਕਰਵਾਇਆ ਜਾਵੇਗਾ। ਜ਼ਿਲ੍ਹੇ ਵਿੱਚ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ ਦੀ ਬਿਹਤਰੀ ਲਈ ਕੰਮ ਕਰ ਰਹੀਆਂ ਸੰਸਥਾਵਾਂ ਦੇ ਸਹਿਯੋਗ ਨਾਲ ਦਿਵਿਆਂਗ ਵਿਅਕਤੀਆਂ ਨੂੰ ਜਾਗਰੂਕ ਕਰਨ ਲਈ ਵੱਖ-ਵੱਖ ਮੰਚਾਂ 'ਤੇ ਵਿਸ਼ੇਸ਼ ਜਾਗਰੂਕਤਾ ਮੁਹਿੰਮ ਵੀ ਚਲਾਈ ਜਾ ਰਹੀ ਹੈ।

ਮੀਟਿੰਗ 'ਚ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਮੈਡਮ ਕੰਚਨ, ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫ਼ਸਰ -ਕਮ- ਜ਼ਿਲ੍ਹਾ ਨੋਡਲ ਅਫ਼ਸਰ (ਪੀ.ਡਬਲਿਊ.ਡੀ. ਵੋਟਰ) ਵਰਿੰਦਰ ਸਿੰਘ ਬੈਂਸ, ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਡਾ. ਦਿਲਬਰ ਸਿੰਘ, ਚੋਣ ਤਹਿਸੀਲਦਾਰ ਵਿਜੈ ਕੁਮਾਰ ਚੌਧਰੀ, ਜ਼ਿਲ੍ਹਾ ਨੋਡਲ ਅਫ਼ਸਰ ਸਵੀਪ ਪ੍ਰੋ. ਸਵਿੰਦਰ ਰੇਖੀ, ਕਰਨਲ ਕਰਮਿੰਦਰ ਸਿੰਘ, ਡੀ.ਡੀ.ਐਫ ਨਿਧੀ ਮਲਹੋਤਰਾ, ਜ਼ਿਲ੍ਹਾ ਆਈਕਨ ਜਗਵਿੰਦਰ ਸਿੰਘ ਸਮੇਤ ਵੱਖ ਵੱਖ ਸਮਾਜ ਸੇਵੀ ਸੰਸਥਾਵਾਂ ਅਤੇ ਵੱਖ ਵੱਖ ਵਿਭਾਗਾਂ ਦੇ ਮੁਖੀ ਮੌਜੂਦ ਸਨ।

# ਡਿਪਟੀ ਕਮਿਸ਼ਨਰ ਅਤੇ ਐਸਐਸਪੀ ਵੱਲੋਂ ਮੰਡੀਆਂ ਦਾ ਦੌਰਾ; ਖਰੀਦੀ ਗਈ ਕਣਕ ਦੀ ਤੇਜ਼ੀ ਨਾਲ ਲਿਫਟਿੰਗ ਦੇ ਦਿੱਤੇ ਨਿਰਦੇਸ਼

ਫਾਜ਼ਿਲਕਾ, 26 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਫਾਜ਼ਿਲਕਾ ਦੇ ਡਿਪਟੀ ਕਮਿਸ਼ਨਰ ਡਾ ਸੇਨੂ ਦੁੱਗਲ ਆਈਏਐਸ ਅਤੇ ਐਸਐਸਪੀ ਡਾ ਪ੍ਰਗਿਆ ਜੈਨ ਆਈਪੀਐਸ ਵੱਲੋਂ ਫਾਜ਼ਿਲਕਾ ਦੀ ਦਾਣਾ ਮੰਡੀ ਦਾ ਦੌਰਾ ਕਰਕੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਖਰੀਦ ਏਜੰਸੀਆਂ ਅਤੇ ਟਰਾਂਸਪੋਰਟਰਾਂ ਨੂੰ ਸਖਤ ਤਾੜਨਾ ਕੀਤੀ ਕਿ ਮੰਡੀਆਂ ਵਿੱਚੋਂ ਲਿਫਟਿੰਗ ਵਿੱਚ ਤੇਜ਼ੀ ਲਿਆਂਦੀ ਜਾਵੇ।



ਉਨਾਂ ਨੇ ਕਿਹਾ ਕਿ ਲਿਫਟਿੰਗ ਦੇ ਕੰਮ ਵਿੱਚ ਢਿੱਲ ਵਰਤਣ ਤੇ ਵਿਭਾਗੀ ਕਾਰਵਾਈ ਕਰਨ ਤੋਂ ਵੀ ਗੁਰੇਜ਼ ਨਹੀਂ ਕੀਤਾ ਜਾਵੇਗਾ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਬੀਤੇ ਕੱਲ ਮਜ਼ਦੂਰਾਂ ਦੀ ਹੜਤਾਲ ਕਾਰਨ ਲਿਫਟਿੰਗ ਵਿੱਚ ਕਮੀ ਆਈ ਸੀ ਪਰ ਅੱਜ ਦੁਬਾਰਾ ਤੋਂ ਪੂਰੀ ਰਫਤਾਰ ਨਾਲ ਲਿਫਟਿੰਗ ਸ਼ੁਰੂ ਕਰਵਾ ਦਿੱਤੀ ਗਈ ਹੈ। ਉਹਨਾਂ ਨੇ ਟਰਾਂਸਪੋਰਟਰਾਂ ਨੂੰ ਹਦਾਇਤ ਕੀਤੀ ਕਿ ਜਿਆਦਾ ਤੋਂ ਜਿਆਦਾ ਟਰੱਕ ਲਿਫਟਿੰਗ ਲਈ ਮੁਹਈਆ ਕਰਵਾਏ ਜਾਣ ਅਤੇ ਮੰਡੀ ਜਾਂ ਗੁਦਾਮ ਵਿੱਚ ਕਣਕ ਦੀ ਲੋਡਿੰਗ ਜਾਂ ਅਨਲੋਡਿੰਗ ਲਈ ਲੇਬਰ ਦੀ ਕੋਈ ਘਾਟ ਨਾ ਆਵੇ।

ਉਹਨਾਂ ਸਖਤ ਹਦਾਇਤ ਕੀਤੀ ਕਿ ਮੰਡੀ ਵਿੱਚ ਕਣਕ ਵੇਚਣ ਆਉਣ ਵਾਲੇ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਾ ਆਵੇ ਅਤੇ ਇਸ ਦੇ ਨਾਲ ਹੀ ਆੜ੍ਹਤੀਆਂ ਅਤੇ ਮਜ਼ਦੂਰਾਂ ਨੂੰ ਵੀ ਕੋਈ ਪਰੇਸ਼ਾਨੀ ਨਾ ਆਉਣ ਦਿੱਤੀ ਜਾਵੇ। ਉਨਾਂ ਨੇ ਮਾਰਕੀਟ ਕਮੇਟੀਆਂ ਨੂੰ ਹਦਾਇਤ ਕੀਤੀ ਕਿ ਮੰਡੀਆਂ ਵਿੱਚ ਕਿਸੇ ਵੀ ਬਾਰਿਸ਼ ਦੀ ਸੰਭਾਵਨਾ ਦੇ ਮੱਦੇਨਜ਼ਰ ਜ਼ਰੂਰਤ ਅਨੁਸਾਰ ਤਰਪਾਲਾਂ ਦਾ ਪ੍ਰਬੰਧ ਹੋਵੇ।

ਇਸ ਮੌਕੇ ਉਨਾਂ ਦੇ ਨਾਲ ਏਡੀਸੀ ਜਨਰਲ ਸ੍ਰੀ ਰਕੇਸ਼ ਕੁਮਾਰ ਪੋਪਲੀ, ਐਸਪੀ ਸ੍ਰੀ ਰਮਨੀਸ਼ ਚੌਧਰੀ, ਜ਼ਿਲਾ ਫੂਡ ਸਪਲਾਈ ਕੰਟਰੋਲਰ ਹਿਮਾਂਸ਼ੂ ਕੁੱਕੜ, ਜ਼ਿਲ੍ਹਾ ਮੰਡੀ ਅਫਸਰ ਜਸਮੀਤ ਸਿੰਘ ਅਤੇ ਵੱਖ ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ ਹਾਜ਼ਰ ਸਨ।

ਇੱਥੇ ਉਹਨਾਂ ਨੇ ਕਿਸਾਨਾਂ ਨਾਲ ਗੱਲਬਾਤ ਕਰਕੇ ਉਹਨਾਂ ਦੀਆਂ ਮੁਸ਼ਕਿਲਾਂ ਸੁਣੀਆਂ ਉਹਨਾਂ ਨੇ ਪੱਲੇਦਾਰਾਂ ਦੀਆਂ ਮੁਸ਼ਕਿਲਾਂ ਵੀ ਸੁਣੀਆਂ। ਇਸ ਤੋਂ ਬਾਅਦ ਉਹਨਾਂ ਨੇ ਗੋਦਾਮ ਵਿੱਚ ਜਾ ਕੇ ਕਣਕ ਦੇ ਭੰਡਾਰ ਕੀਤੇ ਜਾਣ ਦੇ ਕੰਮ ਦਾ ਵੀ ਜਾਇਜ਼ਾ ਲਿਆ।

# ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਵਿਖੇ ਧਰਤੀ ਦਿਵਸ ਮਨਾਇਆ ਗਿਆ



ਸ੍ਰੀ ਅਨੰਦਪੁਰ ਸਾਹਿਬ, 26 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਚੀਫ ਖਾਲਸਾ ਦੀਵਾਨ ਚੈਰੀਟੇਬਲ ਸੁਸਾਇਟੀ ਸ੍ਰੀ ਅੰਮ੍ਰਿਤਸਰ ਦੇ ਪ੍ਰਬੰਧ ਅਧੀਨ ਚੱਲ ਰਹੇ ਸ੍ਰੀ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ ਸ੍ਰੀ ਅਨੰਦਪੁਰ ਸਾਹਿਬ ਵਿਖੇ ਧਰਤੀ ਦਿਵਸ ਮਨਾਇਆ ਗਿਆ। ਸਕੂਲ ਮੁਖੀ ਪ੍ਰਿੰਸੀਪਲ ਗੁਰਿੰਦਰ ਕੌਰ ਨੇ ਵਿਦਿਆਰਥੀਆਂ ਨੂੰ ਧਰਤੀ ਦਿਵਸ ਦੀ ਮਹੱਤਤਾ ਬਾਰੇ ਵਿਸਥਾਰ ਨਾਲ ਦੱਸਿਆ।ਉਹਨਾਂ ਦੱਸਿਆ ਕਿ ਮਨੁੱਖ ਨੇ ਅਣਗਿਣਤ ਇੱਛਾਵਾਂ ਦੀ ਪੂਰਤੀ ਲਈ ਕੁਦਰਤ ਨਾਲ ਖਿਲਵਾੜ ਕੀਤਾ। ਇਸ ਸਾਲ ਦਾ ਧਰਤੀ ਦਿਵਸ ਪਲਾਸਟਿਕ ਬਨਾਮ ਗ੍ਰਹਿ ਦੇ ਥੀਮ ਹੇਠ ਮਨਾਇਆ ਜਾ ਰਿਹਾ ਹੈ। ਸਕੂਲ ਅਧਿਆਪਕਾਂ ਵਲੋਂ ਧਰਤੀ ਦਿਵਸ ਨੂੰ ਸਮਰਪਿਤ ਪੋਸਟਰ ਮੇਕਿੰਗ ਦੇ ਮੁਕਾਬਲੇ ਕਰਵਾਏ ਗਏ। ਇਸ ਮੌਕੇ ਸਕੂਲ ਅਧਿਆਪਕਾਂ ਵੱਲੋਂ ਸਾਰੇ ਵਿਦਿਆਰਥੀਆਂ ਨੂੰ ਧਰਤੀ ਦੀ ਸੰਭਾਲ ਅਤੇ ਵਾਤਾਵਰਨ ਦੀ ਸੰਭਾਲ ਲਈ ਅੱਗੇ ਆਉਣ ਅਤੇ ਹਵਾ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਲਈ ਕੰਮ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਜਸਪ੍ਰੀਤ ਕੌਰ, ਆਂਸ਼ੂ, ਸਪਨਾ ਰਾਣੀ ਸਮੇਤ ਸਕੂਲ ਦਾ ਸਮੂਹ ਸਟਾਫ਼ ਹਾਜ਼ਰ ਸੀ।

# ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਜਿੱਤਵਾਲ ਕਲਾਂ ਦੇ ਵਿਦਿਆਰਥੀਆਂ ਨੇ ਪਾਣੀ ਬਚਾਉਣ ਲਈ ਰੈਲੀ ਕੱਢੀ



ਮਲੇਰਕੋਟਲਾ, 26 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਵਿੱਚ ਪਾਣੀ ਦੀ ਦੁਰਵਰਤੋਂ ਕਾਰਨ ਪਾਣੀ ਦਾ ਲੈਵਲ ਦਿਨ ਪ੍ਰਤੀ ਦਿਨ ਗਿਰਦਾ ਜਾ ਰਿਹਾ ਹੈ ਜੋ ਕਿ ਆਉਣ ਵਾਲੇ ਸਮੇਂ ਵਿੱਚ ਪੰਜਾਬ ਲਈ ਖਤਰੇ ਦੀ ਘੰਟੀ ਹੈ। ਜੇਕਰ ਇਸ ਸਬੰਧ ਵਿੱਚ ਆਮ ਜਨਤਾ ਨੂੰ ਜਾਗਰੂਕ ਨਾ ਕੀਤਾ ਗਿਆ ਤਾਂ ਇਸਦੇ ਸਿੱਟੇ ਬੜੇ ਭਿਆਨਕ ਨਿਕਲਣਗੇ। ਇਸ ਵਿਸ਼ੇ ਦੀ ਗੰਭੀਰਤਾ ਨੂੰ ਧਿਆਨ ਵਿੱਚ ਰੱਖਦੇ ਹੋਏ, ਜਨਤਾ ਨੂੰ ਜਾਗਰੂਕ ਕਰਨ ਦੇ ਉਦੇਸ਼ ਨੂੰ ਲੈ ਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ,ਜਿੱਤਵਾਲ ਕਲਾਂ ਦੇ ਵਿਦਿਆਰਥੀਆਂ ਨੇ ਇੱਕ ਰੈਲੀ ਦਾ ਆਯੋਜਨ ਕੀਤਾ ਜਿਸ ਦੀ ਤਿਆਰੀ ਸਕੂਲ ਦੀ ਸਾਇੰਸ ਮਿਸਟਰੈਸ ਮੈਡਮ ਨਸਰੀਨ ਨੇ ਕਰਵਾਈ। ਵਿਦਿਆਰਥੀਆਂ ਨੇ ਪਾਣੀ ਬਚਾਉਣ ਦੇ ਪੋਸਟਰ ਅਤੇ ਤਖਤੀਆਂ ਚੁੱਕ ਕੇ ਨਾਅਰੇ ਮਾਰਦੇ ਹੋਏ ਰੈਲੀ ਕੱਢੀ। ਇਸ ਰੈਲੀ ਵਿੱਚ ਸਕੂਲ ਇੰਚਾਰਜ ਸ੍ਰੀ ਚਮਕੌਰ ਸਿੰਘ, ਮੈਡਮ ਪ੍ਰੇਮਜੀਤ ਕੌਰ ,ਸਾਇੰਸ ਮਾਸਟਰ ਸੂਰਜ ਕੁਮਾਰ ,ਪ੍ਰਵੀਨ ਚੰਦਰ, ਰਵਿੰਦਰ ਕੁਮਾਰ, ਮੈਡਮ ਸੁਲਤਾਨਾ, ਮੈਡਮ ਮਨਦੀਪ ਕੌਰ, ਮੈਡਮ ਸੁਖਵਿੰਦਰ ਕੌਰ, ਮੁਹੰਮਦ ਜਮੀਲ, ਕੈਂਪਸ ਮੈਨੇਜਰ ਜਸਵੀਰ ਸਿੰਘ, ਮਨਮੋਹਨ ਸਿੰਘ ਅਤੇ ਫਤਿਹ ਖਾਂ ਨੇ ਵੀ ਹਿੱਸਾ ਲਿਆ। ਲੋਕਾਂ ਨੇ ਇਸ ਰੈਲੀ ਦੀ ਪ੍ਰਸ਼ੰਸਾ ਕਰਦੇ ਹੋਏ ਪਾਣੀ ਬਚਾਉਣ ਦੇ ਵਿਸ਼ੇ ਦੀ ਗੰਭੀਰਤਾ ਨੂੰ ਸਵੀਕਾਰ ਕੀਤਾ।

ਜੇਕਰ ਪੰਜਾਬ ਵਿੱਚ ਪਾਣੀ ਦੀ ਦੁਰਵਰਤੋਂ ਜਾਰੀ ਰਹੀ ਤਾਂ ਇੱਕ ਦਿਨ ਪੰਜਾਬ ਮਾਰੂਥਲ ਬਣ ਸਕਦਾ ਹੈ। ਇਸ ਲਈ ਹਰ ਨਾਗਰਿਕ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਆਪਣੇ ਪੱਧਰ ਤੇ ਪਾਣੀ ਨੂੰ ਬਚਾਉਣ ਲਈ ਆਪਣਾ ਯੋਗਦਾਨ ਦੇਵੇ।

# ਲੋਕ ਸਭਾ ਚੋਣਾਂ ਲਈ ਵੋਟਰਾਂ ਨੂੰ ਜਾਗਰੂਕ ਕਰਨ ਵਿਚ ਅੰਮ੍ਰਿਤਸਰ ਜ਼ਿਲਾ ਰਿਹਾ ਅੱਵਲ

ਅੰਮ੍ਰਿਤਸਰ, 26 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਅਗਾਮੀ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਵੋਟਰਾਂ ਨੂੰ ਬਿਨਾਂ ਕਿਸੇ ਡਰ ਅਤੇ ਲਾਲਚ ਦੇ ਵੱਧ ਤੋਂ ਵੱਧ ਵੋਟਾਂ ਪਾਉਣ ਲਈ ਜਾਗਰੂਕ ਕਰਨ ਵਾਸਤੇ ਕਰਵਾਈਆਂ ਜਾ ਰਹੀਆਂ ਗਤੀਵਿਧੀਆਂ ਵਿਚ ਜ਼ਿਲਾਂ ਅੰਮ੍ਰਿਤਸਰ ਨੇ ਪੂਰੇ ਰਾਜ ਵਿੱਚੋਂ ਪਹਿਲਾ ਸਥਾਨ ਹਾਸਿਲ ਕੀਤਾ ਹੈ। ਮੁੱਖ ਚੋਣ ਦਫ਼ਤਰ,ਪੰਜਾਬ ਵਲੋਂ ਜਾਰੀ ਦਰਜਾਬੰਦੀ ਵਿੱਚ ਐਸ.ਏ.ਐਸ.ਨਗਰ ਨੇ ਦੂਸਰਾ ਅਤੇ ਰੂਪਨਗਰ ਜਿਲੇ ਨੇ ਤੀਸਰਾ ਸਥਾਨ ਹਾਸਲ ਕੀਤਾ ਹੈ, ਜਦਕਿ ਪਟਿਆਲਾ ਜਿਲੇ ਨੂੰ ਇਸ ਸਬੰਧੀ ਵਿਸ਼ੇਸ਼ ਗੀਤ ਤਿਆਰ ਕਰਨ ਲਈ ਹੌਸ਼ਲਾ ਵਧਾਊ ਸਥਾਨ ਦਿੱਤਾ ਗਿਆ ਹੈ। ਇਸ ਬਾਰੇ ਜਾਣਕਾਰੀ ਦਿੰਦੇ ਹੋਏ ਜ਼ਿਲਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਸ਼੍ਰੀ ਘਣਸ਼ਾਮ ਥੋਰੀ ਨੇ ਕਿਹਾ ਕਿ ਉਹਨਾਂ ਨੂੰ ਅੱਜ ਹੀ ਮੁੱਖ ਚੋਣ ਦਫ਼ਤਰ ਵਲੋਂ ਇਸ ਬਾਰੇ ਸੂਚਿਤ ਕੀਤਾ ਗਿਆ ਹੈ। ਉਹਨਾਂ ਦੱਸਿਆ ਕਿ ਮੁੱਖ ਚੋਣ ਦਫ਼ਤਰ ਵਲੋਂ ਸਾਰੇ ਲੋਕ ਸਭਾ ਹਲਕਿਆਂ ਵਿੱਚ ਕਰਵਾਈਆਂ ਜਾ ਰਹੀਆਂ ਸਾਰੀਆਂ ਸਵੀਪ ਗਤੀਵਿਧੀਆਂ ਅਤੇ ਸੋਸ਼ਲ ਮੀਡੀਆ ਉਤੇ ਕੀਤੇ ਜਾ ਰਹੇ ਕਾਰਜ ਸਬੰਧੀ ਵਿਸਤ੍ਰਿਤ ਰਿਪੋਰਟ ਮੰਗੀ ਗਈ ਸੀ, ਜਿਸਨੂੰ ਮੁੱਖ ਚੋਣ ਦਫ਼ਤਰ ਵਿਖੇ ਭੇਜ ਦਿੱਤਾ ਗਿਆ ਸੀ। ਉਹਨਾਂ ਦੱਸਿਆ ਕਿ ਵੱਖ-ਵੱਖ ਜ਼ਿਲਿਆਂ ਤੋਂ ਪ੍ਰਾਪਤ ਰਿਪੋਰਟਾਂ ਨੂੰ ਮੁੱਖ ਦਫ਼ਤਰ ਵਲੋ ਬਾਰੀਕੀ ਨਾਲ ਘੋਖਣ ਤੋਂ ਬਾਅਦ ਜ਼ਿਲਾ ਅੰਮ੍ਰਿਤਸਰ ਨੂੰ ਨੰਬਰ ਇਕ ਘੋਸ਼ਿਤ ਕੀਤਾ ਗਿਆ ਹੈ। ਉਹਨਾਂ ਇਸ ਪ੍ਰਾਪਤੀ ਲਈ ਪੂਰੇ ਜਿਲੇ ਦੀਆਂ ਸਾਰੀਆਂ ਸਵੀਪ ਟੀਮਾਂ ਨੂੰ ਵਧਾਈ ਦਿੱਤੀ। ਇਸ ਬਾਰੇ ਜਾਣਕਾਰੀ ਦਿੰਦੇ ' ਸਵੀਪ' ਕਮੇਟੀ ਦੇ ਮੁਖੀ ਸ੍ਰੀ ਨਿਕਾਸ ਕੁਮਾਰ ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਜਿਲੇ ਵਿੱਚ ਇਸ ਸਬੰਧੀ ਵਿਸ਼ੇਸ਼ ਸੈੱਲ ਸਥਾਪਿਤ ਕੀਤਾ ਗਿਆ ਹੈ,ਜਿੱਥੇ ਸਾਰੀਆਂ ਗਤੀਵਿਧੀਆਂ ਦੀ ਯੋਜਨਾਬੰਦੀ ਅਤੇ ਮੁਨੀਟਰਿੰਗ ਕੀਤੀ ਜਾ ਰਹੀ ਹੈ। ਜਿਲੇ ਦੇ ਹਰ ਵਿਧਾਨ ਸਭਾ ਹਲਕੇ ਵਿਚ ਇਕ ਨੋਡਲ ਅਫ਼ਸਰ ਇਸ ਕੰਮ ਲਈ ਤਾਇਨਾਤ ਕੀਤਾ ਗਿਆ ਹੈ, ਜੋ ਕਿ ਆਪਣੇ ਹਲਕੇ ਦੀਆਂ ਪ੍ਰਚਾਰ ਗਤੀਵਿਧੀਆਂ ਉਤੇ ਨਜ਼ਰ ਰੱਖਦਾ ਹੈ। ਉਨਾਂ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਜਿਲਾ ਪ੍ਰਸ਼ਾਸਨ ਵਲੋਂ ਇਸ ਸਬੰਧੀ ਵੱਡੇ ਪ੍ਰੋਗਰਾਮ ਵੀ ਕਰਵਾਏ ਜਾਣਗੇ, ਜਿਸ ਵਿੱਚ ਜ਼ਿਆਦਾ ਤੋਂ ਜ਼ਿਆਦਾ ਵੋਟਰਾਂ ਨੂੰ ਹਿੱਸਾ ਬਣਾਇਆ ਜਾਵੇਗਾ। ਦੱਸਣਯੋਗ ਹੈ ਕਿ ਹਰੇਕ ਸਕੂਲ, ਕਾਲਜ ਤੋਂ ਇਲਾਵਾ ਵਾਹਗਾ ਬਾਰਡਰ ਵਿਖੇ ਵੀ ਵਿਸ਼ੇਸ਼ ਸਮਾਗਮ ਇਸ ਲਈ ਕਰਵਾਇਆ ਗਿਆ ਹੈ। ਇਸ ਤੋਂ ਇਲਾਵਾ ਜਿਲੇ ਵਿੱਚ ਕਈ ਨਿਵੇਕਲੀਆਂ ਕੋਸ਼ਿਸ਼ਾਂ ਵੀ ਕੀਤੀਆਂ ਜਾ ਰਹੀਆਂ ਹਨ, ਇਹਨਾਂ ਵਿੱਚੋਂ ਹੀ ਇੱਕ ਪਹਿਲ ਤਹਿਤ ਸ਼ਹਿਰ ਦੀਆਂ ਵੱਖ-ਵੱਖ ਥਾਵਾਂ ਉਤੇ ਬਣਾਏ ਕੰਧ ਚਿਤਰ ਸ਼ਾਮਿਲ ਹਨ, ਜਿੰਨਾ ਵਿਚ ਫ਼ਿਲਮੀ ਕਿਰਦਾਰਾਂ ਦੇ ਮਸ਼ਹੂਰ ਡਾਇਲਾਗ ਦੀ ਵਰਤੋਂ ਕਰਦੇ ਹੋਏ ਲੋਕਾਂ ਨੂੰ ਵੋਟ ਪਾਉਣ ਲਈ ਜਾਗਰੂਕ ਕੀਤਾ ਜਾ ਰਿਹਾ ਹੈ। ਉਨਾਂ ਆਮ ਲੋਕਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਭਾਰਤ ਦੁਨੀਆਂ ਦਾ ਸੱਭ ਤੋਂ ਵੱਡਾ ਲੋਕਤੰਤਰ ਹੈ ਅਤੇ ਸਾਨੂੰ ਸੱਭ ਨੂੰ ਇਸ ਲੋਕਤੰਤਰ ਦਾ ਹਿੱਸਾ ਬਣਨਾ ਚਾਹੀਦਾ ਹੈ।

ਉਹਨਾਂ ਕਿਹਾ ਕਿ ਦੇਸ਼ ਵਿੱਚ ਚੋਣਾਂ ਦਾ ਤਿਉਹਾਰ ਚੱਲ ਰਿਹਾ ਹੈ ਅਤੇ ਸਾਡਾ ਫ਼ਰਜ ਬਣਦਾ ਹੈ ਕਿ ਅਸੀਂ ਚੋਣਾਂ ਦੇ ਇਸ ਤਿਉਹਾਰ ਵਿੱਚ ਵੱਧ ਚੜ ਕੇ ਭਾਗ ਲਈਏ। ਉਹਨਾਂ ਲੋਕਾਂ ਨੂੰ ਜਿਲਾ ਪ੍ਰਸ਼ਾਸਨ ਵਲੋਂ ਬਣਾਏ ਗਏ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਨੂੰ ਵੱਧ ਤੋਂ ਵੱਧ ਲਾਈਕ ਅਤੇ ਸ਼ੇਅਰ ਕਰਨ ਦੀ ਗੁਜ਼ਾਰਿਸ਼ ਕੀਤੀ।


# ਭਾਗੋ ਮਾਜਰਾ ਅਤੇ ਖਰੜ ਦੀਆਂ ਮੰਡੀਆਂ ਦਾ ਦੌਰਾ ਕਰਕੇ ਕਣਕ ਦੀ ਖਰੀਦ ਦਾ ਜਾਇਜ਼ਾ ਲਿਆ

ਮੁਹਾਲੀ, 26 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਬਰਸਾਤ ਤੋਂ ਬਾਅਦ ਪ੍ਰਭਾਵਿਤ ਹੋਏ ਲਿਫਟਿੰਗ ਦੇ ਕੰਮ ਵਿੱਚ ਤੇਜ਼ੀ ਲਿਆਉਣ ਲਈ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਸ੍ਰੀਮਤੀ ਸੋਨਮ ਚੌਧਰੀ ਨੇ ਐਸ ਪੀ (ਟਰੈਫਿਕ) ਐਚ ਐਸ ਮਾਨ ਨਾਲ ਅੱਜ ਬਾਅਦ ਦੁਪਹਿਰ ਭਾਗੋ ਮਾਜਰਾ ਅਤੇ ਖਰੜ ਮੰਡੀਆਂ ਦਾ ਦੌਰਾ ਕੀਤਾ।

ਉਨ੍ਹਾਂ ਖਰੀਦ ਏਜੰਸੀਆਂ ਨੂੰ ਹਦਾਇਤ ਕੀਤੀ ਕਿ ਉਹ ਅਨਾਜ ਮੰਡੀਆਂ ਵਿੱਚ ਥਾਂ ਦੀ ਕਮੀ ਤੋਂ ਬਚਣ ਲਈ ਲਿਫਟਿੰਗ ਦੇ ਕੰਮ ਵਿੱਚ ਤੇਜ਼ੀ ਲਿਆਉਣ। ਉਨ੍ਹਾਂ ਕਿਹਾ ਕਿ ਭਾਗੋਮਾਜਰਾ ਮੰਡੀ ਜਿੱਥੇ ਲਿਫਟਿੰਗ ਦਾ ਕੰਮ ਢਿੱਲਾ ਸੀ, ਨੂੰ ਤੇਜ਼ ਕਰ ਦਿੱਤਾ ਗਿਆ ਹੈ। ਇਸੇ ਤਰ੍ਹਾਂ ਖਰੜ ਮੰਡੀ ਵਿਖੇ ਲਿਫਟਿੰਗ ਅਤੇ ਜਗ੍ਹਾ ਨਾਲ ਸਬੰਧਤ ਮਸਲਿਆਂ ਦਾ ਨਿਪਟਾਰਾ ਕਰ ਦਿੱਤਾ ਗਿਆ ਹੈ ਅਤੇ ਕਮਿਸ਼ਨ ਏਜੰਟਾਂ ਨੂੰ ਹੁਣ ਤੋਂ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਹੀਂ ਕਰਨਾ ਪਵੇਗਾ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 57823 ਮੀਟਰਿਕ ਟਨ ਦੀ ਆਮਦ ਦਰਜ ਕੀਤੀ ਗਈ ਹੈ, ਜਿਸ ਵਿੱਚੋਂ 57284 ਮੀਟਰਿਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਬਰਸਾਤ ਕਾਰਨ ਲਿਫਟਿੰਗ ਦੇ ਕੰਮ ਵਿੱਚ ਰੁਕਾਵਟ ਆਈ ਹੈ ਅਤੇ ਲਿਫਟਿੰਗ ਮੁੜ ਸ਼ੁਰੂ ਕਰਨ ਦੇ ਯਤਨ ਕੀਤੇ ਜਾ ਰਹੇ ਹਨ ਤਾਂ ਜੋ ਬੋਰੀਆਂ ਵਿੱਚ ਸੁੱਕਾ ਅਨਾਜ ਭਰਿਆ ਜਾ ਸਕੇ। ਉਨ੍ਹਾਂ ਦੱਸਿਆ ਕਿ ਹੁਣ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ 17400 ਮੀਟਰਿਕ ਟਨ ਅਨਾਜ ਦੀ ਲਿਫਟਿੰਗ ਹੋ ਚੁੱਕੀ ਹੈ। ਕਿਸਾਨਾਂ ਨੂੰ 111.05 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਜੋ ਕਿ ਭੁਗਤਾਨ ਕਰਨ ਦੀ 48 ਘੰਟਿਆਂ ਦੀ ਸ਼ਰਤ ਦੇ ਮੁਕਾਬਲੇ 121 ਫੀਸਦੀ ਬਣਦੀ ਹੈ।



# ਕਾਂਗਰਸ ਲੀਡਰਸ਼ਿਪ ਨੂੰ ਲੰਮੀ ਨੀਂਦ ਤੋਂ ਜਾਗਣ ਦੀ ਲੋੜ: ਵਿਧਾਇਕ ਵਿਕਰਮਜੀਤ ਸਿੰਘ ਚੌਧਰੀ

ਜਲੰਧਰ, 26 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੇ ਸੀਨੀਅਰ ਆਗੂ ਮਹਿੰਦਰ ਸਿੰਘ ਕੇਪੀ ਵੱਲੋਂ ਸੋਮਵਾਰ ਨੂੰ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਅਕਾਲੀ ਦਲ ਵਿੱਚ ਸ਼ਾਮਲ ਹੋਣ ਬਾਰੇ ਫਿਲੌਰ ਦੇ ਵਿਧਾਇਕ ਵਿਕਰਮਜੀਤ ਸਿੰਘ ਚੌਧਰੀ ਨੇ ਕਿਹਾ ਕਿ ਚਰਨਜੀਤ ਸਿੰਘ ਚੰਨੀ ਦੀ ਉਮੀਦਵਾਰੀ ਨੇ ਜਲੰਧਰ ਕਾਂਗਰਸ ਵਿੱਚ ਤਬਾਹੀ ਮਚਾ ਦਿੱਤੀ ਹੈ ਅਤੇ ਪਾਰਟੀ ਹਾਈਕਮਾਂਡ ਨੂੰ ਡੁੱਬਦੇ ਜਹਾਜ਼ ਨੂੰ ਬਚਾਉਣ ਲਈ ਲੰਮੀ ਨੀਂਦ ਤੋਂ ਜਾਗਣ ਦੀ ਲੋੜ ਹੈ। ਚੌਧਰੀ ਨੇ ਦੱਸਿਆ ਕਿ ਸਾਬਕਾ ਮੁੱਖ ਮੰਤਰੀ ਚੰਨੀ ਦੇ ਜਲੰਧਰ ਲੋਕ ਸਭਾ ਹਲਕੇ ਦੀ ਰਾਜਨੀਤੀ ਵਿੱਚ ਆਉਣ ਤੋਂ ਬਾਅਦ ਲੋਕ ਅਤੇ ਕਾਂਗਰਸ ਪਾਰਟੀ ਵਰਕਰ ਨਾਖੁਸ਼ ਹਨ, ਜਿਸ ਕਾਰਨ ਲੰਮੇ ਸਮੇਂ ਤੋਂ ਪਾਰਟੀ ਨਾਲ ਜੁੜੇ ਵਫ਼ਾਦਾਰ ਲੋਕ ਹੋਰਨਾਂ ਪਾਰਟੀਆਂ ਵਿੱਚ ਵਹੀਰਾਂ ਘੱਤ ਕੇ ਜਾ ਰਹੇ ਹਨ।

ਉਹਨਾਂ ਆਖਿਆ ਕਿ ਮਹਿੰਦਰ ਸਿੰਘ ਕੇਪੀ ਜੀ ਇੱਕ ਸੀਨੀਅਰ ਆਗੂ ਹਨ, ਜਿਨ੍ਹਾਂ ਨੇ ਵਿਧਾਇਕ ਅਤੇ ਸੰਸਦ ਮੈਂਬਰ ਦੇ ਨਾਲ ਨਾਲ ਪੰਜਾਬ ਕਾਂਗਰਸ ਦੇ ਸੂਬਾ ਪ੍ਰਧਾਨ ਵਜੋਂ ਵੀ ਸੇਵਾਵਾਂ ਦਿੱਤੀਆਂ ਹਨ। ਉਨ੍ਹਾਂ ਦੇ ਪਿਤਾ ਨੇ ਰਾਸ਼ਟਰੀ ਏਕਤਾ ਅਤੇ ਅਖੰਡਤਾ ਲਈ ਆਪਣੀ ਜਾਨ ਕੁਰਬਾਨ ਕਰ ਦਿੱਤੀ।

# ਪੰਜਾਬ ਦੇ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਵੋਟਿੰਗ ਦੇ ਸਮੁੱਚੇ ਤਜ਼ਰਬੇ ਨੂੰ ਅਨੰਦਮਈ ਬਣਾਉਣ ਵਾਸਤੇ ਚੁੱਕੇ ਗਏ ਕਦਮਾਂ ਦੀ ਦਿੱਤੀ ਜਾਣਕਾਰੀ

ਚੰਡੀਗੜ੍ਹ, 26 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦਫ਼ਤਰ ਵੱਲੋਂ ਸ਼ੁਰੂ ਕੀਤੇ ਗਏ ਪੋਡਕਾਸਟ ਦਾ ਦੂਜਾ ਐਪੀਸੋਡ ਸੋਸ਼ਲ ਮੀਡੀਆ ਦੇ ਅਧਿਕਾਰਤ ਪੇਜ਼ਾਂ (ਫੇਸਬੁੱਕ, ਇੰਸਟਾਗ੍ਰਾਮ, ਐਕਸ ਅਤੇ ਯੂ ਟਿਊਬ) 'ਤੇ ਰਿਲੀਜ਼ ਕਰ ਦਿੱਤਾ ਗਿਆ ਹੈ। ਇਸ ਐਪੀਸੋਡ ਵਿੱਚ ਮੁੱਖ ਚੋਣ ਅਧਿਕਾਰੀ ਸਿਬਿਨ ਸੀ ਨੇ ਲੋਕ ਸਭਾ ਚੋਣਾਂ-2024 ਵਿੱਚ 'ਇਸ ਵਾਰ 70 ਪਾਰ ਦੇ ਟੀਚੇ' ਨੂੰ ਪ੍ਰਾਪਤ ਕਰਨ ਲਈ ਚੁੱਕੇ ਜਾ ਰਹੇ ਕਦਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਹੈ।



ਸਿਬਿਨ ਸੀ ਨੇ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਵੱਲੋਂ 'ਇਸ ਵਾਰ 70 ਪਾਰ' ਦਾ ਟੀਚਾ ਮਿੱਥਿਆ ਗਿਆ ਹੈ, ਜਿਸ ਨੂੰ ਪ੍ਰਾਪਤ ਕਰਨ ਲਈ ਸਾਰੇ ਜ਼ਿਲ੍ਹਿਆਂ ਵਿੱਚ ਵੱਡੇ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਚੱਲ ਰਹੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮੁਹਿੰਮਾਂ ਦੌਰਾਨ ਵੋਟਰਾਂ ਨੂੰ ਬਿਨਾਂ ਕਿਸੇ ਦਬਾਅ ਅਤੇ ਨਿਰਪੱਖ ਤਰੀਕੇ ਨਾਲ ਵੋਟ ਦੇ ਅਧਿਕਾਰ ਦੀ ਵਰਤੋਂ ਕਰਨ ਲਈ ਪ੍ਰੇਰਿਆ ਜਾ ਰਿਹਾ ਹੈ ਤਾਂ ਜੋ ਲੋਕੰਤਤਰ ਦੇ ਇਸ ਸਭ ਤੋਂ ਵੱਡੇ ਤਿਉਹਾਰ ਵਿੱਚ ਉਨ੍ਹਾਂ ਦੀ ਸ਼ਮੂਲੀਅਤ ਨੂੰ ਯਕੀਨੀ ਬਣਾਇਆ ਜਾ ਸਕੇ।

ਉਨ੍ਹਾਂ ਚੋਣਾਂ ਵਿੱਚ ਨੌਜਵਾਨ ਵੋਟਰਾਂ ਦੀ ਭਾਗੀਦਾਰੀ ਨੂੰ ਯਕੀਨੀ ਬਣਾਉਣ ਲਈ ਸੋਸ਼ਲ ਮੀਡੀਆ ਉੱਤੇ ਚਲਾਈਆਂ ਜਾ ਰਹੀਆਂ ਵਿਸ਼ੇਸ਼ ਮੁਹਿੰਮਾਂ ਦਾ ਵੀ ਜ਼ਿਕਰ ਕੀਤਾ।

ਸਿਬਿਨ ਸੀ ਨੇ ਪੋਡਕਾਸਟ ਵਿੱਚ ਇਸ ਵਾਰ ਵੋਟਿੰਗ ਦੇ ਸਮੁੱਚੇ ਤਜ਼ਰਬੇ ਨੂੰ ਅਨੰਦਦਾਇਕ ਬਣਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਬਾਰੇ ਬਹੁਤ ਸਪੱਸ਼ਟ ਤਰੀਕੇ ਨਾਲ ਦੱਸਿਆ ਹੈ ਅਤੇ ਵੋਟਰਾਂ ਦੀ ਸਹੂਲਤ ਲਈ ਕੀਤੇ ਗਏ ਪ੍ਰਬੰਧਾਂ ਉੱਤੇ ਵੀ ਚਾਨਣਾ ਪਾਇਆ ਹੈ। ਜ਼ਿਕਰਯੋਗ ਹੈ ਕਿ ਪੋਡਕਾਸਟ ਦੇ ਪਹਿਲੇ ਐਪੀਸੋਡ ਵਿੱਚ ਮੁੱਖ ਚੋਣ ਅਧਿਕਾਰੀ ਵੱਲੋਂ ਸੀ-ਵਿਜ਼ਲ ਐਪਲੀਕੇਸ਼ਨ ਬਾਰੇ ਜਾਣਕਾਰੀ ਦਿੱਤੀ ਗਈ ਸੀ।

# 10ਵੀਂ ਦੀ ਪ੍ਰੀਖਿਆ ਵਿਚ ਚੰਗੇ ਨੰਬਰ ਲੈਣ ਤੇ ਰਮੇਸ਼ ਸਿੰਗਲਾ ਨੇ ਕੀਤਾ ਖੁਸ਼ੀ ਗੋਇਲ ਦਾ ਸਨਮਾਨ



ਆਮ ਆਦਮੀ ਪਾਰਟੀ ਦੇ ਟ੍ਰੇਡ ਵਿੰਗ ਦੇ ਜ਼ਿਲਾ ਜੁਆਇੰਟ ਸੈਕਟਰੀ ਰਮੇਸ਼ ਸਿੰਗਲਾ 10ਵੀਂ ਜਮਾਤ ਦੇ ਨਤੀਜਿਆਂ ਵਿਚ ਚੰਗੇ ਨੰਬਰ ਲੈਣ ਵਾਲੀ ਖੁਸ਼ੀ ਗੋਇਲ ਦਾ ਸਨਮਾਨ ਕਰਦੇ ਹੋਏ। (ਫ਼ੋਟੋ ਤੇ ਵੇਰਵਾ : ਪ੍ਰੈਸ ਕੀ ਤਾਕਤ)

ਪਟਿਆਲਾ, 26 ਅਪ੍ਰੈਲ/ਰਾਜੇਸ਼
-ਕੌਮੀ ਪੱਤ੍ਰਿਕਾ ਬਿਊਰੋ-

ਆਮ ਆਦਮੀ ਪਾਰਟੀ ਦੇ ਟ੍ਰੇਡ ਵਿੰਗ ਦੇ ਜ਼ਿਲਾ ਜੁਆਇੰਟ ਸੈਕਟਰੀ ਰਮੇਸ਼ ਸਿੰਗਲਾ ਨੇ ਬੀਤੇ ਦਿਨਾਂ ਪੰਜਾਬ ਸਕੂਲ ਸਿੱਖਿਆ ਬੋਰਡ ਵਲੋਂ ਜਾਰੀ ਕੀਤੇ ਗਏ 10ਵੀਂ ਜਮਾਤ ਦੇ ਨਤੀਜਿਆਂ ਵਿਚ ਚੰਗੇ ਨੰਬਰ ਲੈਣ ਵਾਲੀ ਖੁਸ਼ੀ ਗੋਇਲ ਦਾ ਸਨਮਾਨ ਕੀਤਾ ਗਿਆ। ਇਸ ਮੌਕੇ ਰਮੇਸ਼ ਸਿੰਗਲਾ ਨੇ ਕਿਹਾ ਕਿ ਖੁਸ਼ੀ ਗੋਇਲ ਵਰਗੇ ਵਿਦਿਆਰਥੀ ਪ੍ਰੀਖਿਆ ਦੌਰਾਨ ਹੀ ਨਹੀਂ ਬਲਕਿ ਸਾਰਾ ਸਾਲ ਸਖ਼ਤ ਮਿਹਨਤ ਕਰਦੇ ਹਨ, ਜਿਸਦਾ ਨਤੀਜਾ ਇਹ ਨਿਕਲਦਾ ਹੈ ਕਿ ਉਹ ਸਾਲ ਦੇ ਅਖੀਰ ਵਿਚ ਹੋਣ ਵਾਲੀਆਂ ਪ੍ਰੀਖਿਆਵਾਂ ਵਿਚ ਚੰਗੇ ਨੰਬਰ ਹਾਸਲ ਕਰਕੇ ਇਕ ਚੰਗਾ ਮੁਕਾਮ ਵੀ ਪ੍ਰਾਪਤ ਕਰਨ ਦੀ ਸਮਰੱਥਾ ਨੂੰ ਦਰਸਾਉਂਦੇ ਹਨ।ਉਨ੍ਹਾਂ ਕਿਹਾ ਕਿ ਹਰੇਕ ਮਾਪਿਆਂ ਨੂੰ ਆਪਣੇ ਬੱਚਿਆਂ ਨੂੰ ਸਿੱਖਿਆ ਜ਼ਰੂਰ ਦੁਆਉਣੀ ਚਾਹੀਦੀ ਹੈ ਤਾਂ ਜੋ ਹਰੇਕ ਬੱਚੇ ਦਾ ਸਿੱਖਿਆ ਗ੍ਰਹਿਣ ਕਰਨ ਨਾਲ ਮਾਨਸਿਕ ਪੱਧਰ ਉਚਾ ਹੋ ਸਕੇ।

# ਤੰਦਰੁਸਤ ਰਹਿਣ ਲਈ ਲਿਵਰ ਦਾ ਧਿਆਨ ਰੱਖਣਾ ਅਤੇ ਸਮੇਂ ਸਮੇਂ ਤੇ ਇਸਦੇ ਟੈਸਟ ਕਰਵਾਉਣੇ ਜਰੂਰੀ

ਫਾਜ਼ਿਲਕਾ, 26 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-



ਸਿਹਤ ਵਿਭਾਗ ਵਲੋਂ ਲੋਕਾਂ ਨੂੰ ਤੰਦਰੁਸਤ ਰੱਖਣ ਲਈ ਲਗਾਤਾਰ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਲੋਕਾਂ ਨੂੰ ਬੀਮਾਰੀਆਂ ਤੋਂ ਬਚਣ ਲਈ ਜਾਗਰੁਕ ਕੀਤਾ ਜਾ ਰਿਹਾ ਹੈ। ਇਸ ਸਬੰਧ ਵਿਚ ਜਿਲ੍ਹਾ ਸਿਹਤ ਵਿਭਾਗ ਫ਼ਾਜ਼ਿਲਕਾ ਵਲੋਂ ਵਿਸ਼ਵ ਲਿਵਰ ਦਿਵਸ ਦੇ ਸਬੰਧ ਵਿਚ ਸਿਵਲ ਹਸਪਤਾਲ ਵਿਖੇ ਦੌਰਾ ਕੀਤਾ ਗਿਆ। ਇਸ ਦੌਰਾਨ ਮਾਸ ਮੀਡੀਆ ਵਿੰਗ ਤੋ ਦਿਵੇਸ਼ ਕੁਮਾਰ ਅਤੇ ਹਰਮੀਤ ਸਿੰਘ ਨੇ ਦੱਸਿਆ ਕਿ ਲਿਵਰ ਦੀਆਂ ਬੀਮਾਰੀਆਂ ਦੀ ਸਮੇਂ ਸਿਰ ਪਹਿਚਾਣ, ਬਚਾਅ ਅਤੇ ਇਲਾਜ ਸਬੰਧੀ ਜਾਣਕਾਰੀ ਦਿੱਤੀ।

ਇਸ ਮੌਕੇ ਉਹਨਾਂ ਨੇ ਕਿਹਾ ਕਿ ਹਰ ਸਾਲ 19 ਅਪ੍ਰੈਲ ਵਿਸ਼ਵ ਲਿਵਰ ਦਿਵਸ ਦੇ ਤੌਰ ਤੇ ਮਨਾਇਆ ਜਾਂਦਾ ਹੈ ਤਾਂ ਜੋ ਲੋਕਾਂ ਨੂੰ ਲਿਵਰ ਦੀਆ ਬੀਮਾਰੀਆਂ ਸਬੰਧੀ ਜਾਗਰੁਕ ਕੀਤਾ ਜਾ ਸਕੇ। ਉਨ੍ਹਾ ਕਿਹਾ ਕਿ ਲਿਵਰ ਸਾਡੇ ਸਰੀਰ ਦਾ ਮਹੱਤਪੂਰਣ ਅੰਗ ਹੈ ਅਤੇ ਸਾਡੀ ਖੁਰਾਕ ਨੂੰ ਪਚਾਉਣ ਦੇ ਨਾਲ ਨਾਲ ਬੀਮਾਰੀਆਂ ਨਾਲ ਲੜਣ ਦੀ ਸ਼ਕਤੀ ਪੈਦਾ ਕਰਦਾ ਹੈ, ਜਹਿਰੀਲੇ ਪਦਾਰਥਾਂ ਦੀ ਫਿਲਟਰੇਸ਼ਨ ਵੀ ਕਰਦਾ ਹੈ।

ਇਸ ਦੇ ਨਾਲ ਨਾਲ ਲਿਵਰ ਵਿਟਾਮਨਜ਼, ਮਿਨਰਲ ਅਤੇ ਗਲੂਕੋਜ਼ ਦੀ ਸਟੋਰੇਜ਼ ਕਰਦਾ ਹੈ ਅਤੇ ਲੋੜ ਪੈਣ ਤੇ ਸਰੀਰ ਨੂੰ ਪ੍ਰਦਾਨ ਕਰਦਾ ਹੈ। ਇਸ ਮੌਕੇ ਇਸ ਸਾਲ ਵਿਸ਼ਵ ਲਿਵਰ ਦਿਵਸ ਦਾ ਥੀਮ ਆਪਣੇ ਜਿਗਰ ਨੂੰ ਸਿਹਤਮੰਦ ਅਤੇ ਰੋਗ ਮੁਕਤ ਰੱਖੋ ਹੈ। ਸਾਨੂੰ ਆਪਣੇ ਲਿਵਰ ਨੂੰ ਤੰਦਰੁਸਤ ਰੱਖਣ ਲਈ ਜਾਗੁਰਕ ਰਹਿਣਾ ਚਾਹੀਦਾ ਹੈ ਅਤੇ ਸਮੇਂ ਸਮੇਂ ਤੇ ਇਸ ਦੀ ਜਾਂਚ ਕਰਵਾਉਂਦੇ ਰਹਿਣਾ ਚਾਹੀਦਾ ਹੈ।ਫੈਟੀ ਲਿਵਰ ਹਰੇਕ ਇਨਸਾਨ ਚਾਹੇ ਉਸਨੂੰ ਮੋਟਾਪਾ ਹੋਵੇ ਜਾਂ ਨਾ ਹੋਵੇ ਸਾਰਿਆਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਉਨ੍ਹਾਂ ਕਿਹਾ ਕਿ ਵਿਸ਼ਵ ਵਿਚ ਲਗਭਗ 20 ਲੱਖ ਲੋਕ ਲਿਵਰ ਦੀਆਂ ਬੀਮਾਰੀਆਂ ਕਾਰਨ ਮਰ ਜਾਂਦੇ ਹਨ।ਜਿਆਦਾ ਮੋਟਾਪੇ ਵਾਲੇ ਲੋਕ, ਸ਼ੂਗਰ ਦੀ ਬੀਮਾਰੀ ਤੋਂ ਪੀੜਤ, ਸ਼ਰਾਬ ਪੀਣ ਵਾਲੇ ਲੋਕ ਅਤੇ ਤੰਬਾਕੂ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਲਿਵਰ ਦੀਆਂ ਬੀਮਾਰੀਆਂ ਹੋਣ ਦਾ ਜਿਆਦਾ ਖਤਰਾ ਹੁੰਦਾ ਹੈ।ਜੇਕਰ ਸਾਨੂੰ ਭੁੱਖ ਘੱਟ ਲਗਦੀ ਹੈ, ਸਰੀਰ ਸੁਸਤ ਰਹਿੰਦਾ ਹੈ, ਪੇਟ ਵਿਚ ਦਰਦ ਤਾਂ ਸਾਨੂੰ ਤੁਰੰਤ ਲਿਵਰ ਦੀ ਜਾਂਚ ਕਰਵਾਉਣੀ ਚਾਹੀਦੀ ਹੈ ਅਤੇ ਜੇਕਰ ਕਿਸੇ ਦਾ ਲਿਵਰ ਫੈਟੀ ਹੋਵੇ ਤਾਂ ਇਸ ਨੂੰ ਹਲਕੇ ਵਿਚ ਨਹੀ ਲੈਣਾ ਚਾਹੀਦਾ ਕਿਉਂਕਿ ਇਹ ਲਿਵਰ ਦੀਆਂ ਗੰਭੀਰ ਬੀਮਾਰੀਆਂ ਦੀ ਸ਼ੁਰੂਆਤ ਹੋ ਸਕਦਾ ਹੈ। ਲਿਵਰ ਦੀਆਂ ਬੀਮਾਰੀਆਂ ਤੋਂ ਬਚਣ ਲਈ ਸੰਤੁਲਤ ਘਰ ਦਾ ਬਣਿਆ ਭੋਜਨ ਜਿਸ ਵਿਚ ਹਰੀਆਂ ਸਬਜੀਆਂ ਅਤੇ ਫਲਾਂ ਦੀ ਮਾਤਰਾ ਜਿਆਦਾ ਹੋਵੇ ਦਾ ਇਸਤਮਾਲ ਕਰਨਾਂ ਚਾਹੀਦਾ ਹੈ ਅਤੇ ਰੈਗੂਲਰ ਕਸਰਤ ਕਰਨੀ ਚਾਹੀਦੀ।

ਉਹਨਾਂ ਨੇ ਕਿਹਾ ਕਿ ਹੈਪਾਟਾਇਟਸ ਬੀ ਅਤੇ ਸੀ ਲਿਵਰ ਦੀਆਂ ਗੰਭੀਰ ਬੀਮਾਰੀਆਂ ਹਨ ਇਸ ਲਈ ਸਾਨੂ ਇਨ੍ਹਾ ਤੋਂ ਬਚਣ ਲਈ ਹੈਪਾਟਾਇਟਸ-ਬੀ ਦੀ ਸਮੇਂ ਸਮੇਂ ਵੈਕਸੀਨੇਸ਼ਨ ਕਰਵਾਉਂਦੇ ਰਹਿਣਾ ਚਾਹੀਦਾ ਹੈ। ਹੈਪਾਟਾਇਟਸ ਬੀ ਅਤੇ ਸੀ ਤੋਂ ਬਚਣ ਲਈ ਅਸੁਰੱਖਿਅਤ ਸਰੀਰਕ ਸਬੰਧ ਤੋਂ ਪ੍ਰਹੇਜ਼ ਕਰਨਾ ਚਾਹੀਦਾ ਅਤੇ ਦੂਸ਼ਿਤ ਸਰਿੰਜ ਸੂਈ ਦੀ ਵਰਤੋਂ ਨਹੀ ਕਰਨੀ ਚਾਹੀਦੀ। ਉਨ੍ਹਾ ਕਿਹਾ ਕਿ ਪ੍ਰੋਟੀਨ ਅਤੇ ਫਾਇਬਰ ਯੁਕਤ ਖੁਰਾਕ ਲੈਣੀ ਚਾਹੀਦੀ ਹੈ ਅਤੇ ਸਾਨੂੰ ਤਨਾਅ ਮੁਕਤ ਰਹਿਣ ਲਈ ਰੈਗੂਲਰ ਕਸਰਤ ਦੇ ਨਾਲ ਯੋਗਾ ਵੀ ਕਰਨਾ ਚਾਹੀਦਾ ਹੈ, ਸ਼ਰਾਬ ਅਤੇ ਤੰਬਾਕੂ ਤੋਂ ਪ੍ਰਹੇਜ਼ ਕਰਨਾ ਚਾਹੀਦਾ ਅਤੇ ਡਾਕਟਰ ਦੀ ਸਲਾਹ ਤੋਂ ਬਿਨ੍ਹਾ ਦਵਾਈਆਂ ਦੀ ਵਰਤੋਂ ਨਹੀ ਕਰਨੀ ਚਾਹੀਦੀ।

# ਸਟੀਫਨ ਇੰਟਰਨੈਸ਼ਨਲ ਸਕੂਲ ਨੇ ਉਤਸ਼ਾਹ ਅਤੇ ਰਚਨਾਤਮਕਤਾ ਨਾਲ ਧਰਤੀ ਦਿਵਸ ਮਨਾਇਆ

ਸੰਗਰੂਰ, 26 ਅਪ੍ਰੈਲ
-ਕੌਮੀ ਪੱਤ੍ਰਿਕਾ ਬਿਊਰੋ-

ਸਟੀਫਨ ਇੰਟਰਨੈਸ਼ਨਲ ਸਕੂਲ ਨੇ ਵਾਤਾਵਰਣ ਪ੍ਰਤੀ ਜਾਗਰੂਕਤਾ ਅਤੇ ਸਥਿਰਤਾ ਪ੍ਰਤੀ ਸਕੂਲ ਦੀ ਵਚਨਬੱਧਤਾ ਨੂੰ ਦਰਸਾਉਂਦੇ ਹੋਏ ਇੱਕ ਜੀਵੰਤ ਜਸ਼ਨ ਨਾਲ ਧਰਤੀ ਦਿਵਸ ਮਨਾਇਆ। ਇਵੈਂਟ ਵਿੱਚ ਕਿੰਡਰਗਾਰਟਨ ਦੇ ਵਿਦਿਆਰਥੀਆਂ ਦੀ ਸ਼ਮੂਲੀਅਤ 'ਤੇ ਵਿਸ਼ੇਸ਼ ਜ਼ੋਰ ਦੇਣ ਦੇ ਨਾਲ, ਸਾਰੇ ਗ੍ਰੇਡ ਪੱਧਰਾਂ ਦੇ ਵਿਦਿਆਰਥੀਆਂ ਦੀ ਉਤਸ਼ਾਹੀ ਭਾਗੀਦਾਰੀ ਦੇਖੀ ਗਈ। ਸਟੀਫਨ ਇੰਟਰਨੈਸ਼ਨਲ ਸਕੂਲ ਵਿੱਚ ਧਰਤੀ ਦਿਵਸ ਦਾ ਜਸ਼ਨ ਸਕੂਲ ਦੀ ਛੋਟੀ ਉਮਰ ਤੋਂ ਹੀ ਵਾਤਾਵਰਣ ਪ੍ਰਤੀ ਚੇਤਨਾ ਪੈਦਾ ਕਰਨ ਦੇ ਸਮਰਪਣ ਦਾ ਪ੍ਰਮਾਣ ਸੀ। ਕਿੰਡਰਗਾਰਟਨ ਦੇ ਵਿਦਿਆਰਥੀਆਂ ਨੇ ਵੱਖ-ਵੱਖ ਗਤੀਵਿਧੀਆਂ ਵਿੱਚ ਸ਼ਾਮਲ ਹੋ ਕੇ ਕੇਂਦਰ ਦੀ ਸਟੇਜ 'ਤੇ ਕਬਜ਼ਾ ਕੀਤਾ ਜੋ ਵਾਤਾਵਰਣ-ਅਨੁਕੂਲ ਅਭਿਆਸਾਂ ਅਤੇ ਕੁਦਰਤ ਦੀ ਪ੍ਰਸ਼ੰਸਾ ਨੂੰ ਉਤਸ਼ਾਹਿਤ ਕਰਦੇ ਹਨ।



ਭਾਸ਼ਣ ਦੇ ਪਾਠਾਂ ਤੋਂ ਲੈ ਕੇ ਡਾਂਸ ਪ੍ਰਦਰਸ਼ਨ ਅਤੇ ਤੁਕਾਂਤ ਤੱਕ, ਕਿੰਡਰਗਾਰਟਨ ਦੇ ਵਿਦਿਆਰਥੀਆਂ ਨੇ ਧਰਤੀ ਦਿਵਸ ਲਈ ਆਪਣੀ ਰਚਨਾਤਮਕਤਾ ਅਤੇ ਉਤਸ਼ਾਹ ਦਾ ਪ੍ਰਦਰਸ਼ਨ ਕੀਤਾ। ਉਨ੍ਹਾਂ ਦਾ ਪ੍ਰਦਰਸ਼ਨ ਨਾ ਸਿਰਫ਼ ਮਨੋਰੰਜਕ ਸੀ, ਸਗੋਂ ਵਿਦਿਅਕ ਵੀ ਸੀ, ਸਾਡੇ ਗ੍ਰਹਿ ਦੀ ਰੱਖਿਆ ਅਤੇ ਇਸਦੇ ਕੁਦਰਤੀ ਸਰੋਤਾਂ ਨੂੰ ਸੁਰੱਖਿਅਤ ਰੱਖਣ ਦੇ ਮਹੱਤਵ ਬਾਰੇ ਮਹੱਤਵਪੂਰਨ ਸੰਦੇਸ਼ ਦਿੰਦਾ ਸੀ।

ਪਹਿਲੀ ਜਮਾਤ ਤੋਂ ਸ਼ੁਰੂ ਕਰਕੇ, ਵਿਦਿਆਰਥੀਆਂ ਨੇ ਧਰਤੀ ਦਿਵਸ ਦੀਆਂ ਗਤੀਵਿਧੀਆਂ ਵਿੱਚ ਬਰਾਬਰ ਜੋਸ਼ ਨਾਲ ਹਿੱਸਾ ਲੈਣਾ ਜਾਰੀ ਰੱਖਿਆ। ਪੇਂਟਿੰਗ ਮੁਕਾਬਲੇ, ਭਾਸ਼ਣ ਪੇਸ਼ਕਾਰੀਆਂ, ਅਤੇ ਮਲਟੀਮੀਡੀਆ ਡਿਸਪਲੇ ਵਿਦਿਆਰਥੀਆਂ ਦੀਆਂ ਵਿਭਿੰਨ ਪ੍ਰਤਿਭਾਵਾਂ ਅਤੇ ਰੁਚੀਆਂ ਨੂੰ ਪ੍ਰਦਰਸ਼ਿਤ ਕਰਦੇ ਹੋਏ ਦਿਨ ਦੀਆਂ ਮੁੱਖ ਗੱਲਾਂ ਸਨ।

ਪੇਂਟਿੰਗ ਮੁਕਾਬਲਿਆਂ ਨੇ ਵਿਦਿਆਰਥੀਆਂ ਨੂੰ ਕਲਾ ਰਾਹੀਂ ਕੁਦਰਤ ਪ੍ਰਤੀ ਆਪਣੇ ਪਿਆਰ ਦਾ ਪ੍ਰਗਟਾਵਾ ਕਰਨ ਦੀ ਇਜਾਜ਼ਤ ਦਿੱਤੀ, ਜਿਸ ਵਿੱਚ ਲੈਂਡਸਕੇਪ ਤੋਂ ਲੈ ਕੇ ਖ਼ਤਰੇ ਵਿੱਚ ਪੈ ਰਹੀਆਂ ਪ੍ਰਜਾਤੀਆਂ ਦੀ ਸੰਭਾਲ ਤੱਕ ਦੇ ਥੀਮਾਂ ਸਨ। ਵਿਦਿਆਰਥੀਆਂ ਦੁਆਰਾ ਦਿੱਤੇ ਗਏ ਭਾਸ਼ਣਾਂ ਵਿੱਚ ਵਾਤਾਵਰਣ ਸੰਬੰਧੀ ਮੁੱਦਿਆਂ ਜਿਵੇਂ ਕਿ ਪ੍ਰਦੂਸ਼ਣ, ਜੰਗਲਾਂ ਦੀ ਕਟਾਈ, ਅਤੇ ਜਲਵਾਯੂ ਤਬਦੀਲੀ ਨੂੰ ਸੰਬੋਧਿਤ ਕੀਤਾ ਗਿਆ, ਗ੍ਰਹਿ ਦੀ ਰੱਖਿਆ ਲਈ ਸਮੂਹਿਕ ਕਾਰਵਾਈ ਦੀ ਅਪੀਲ ਕੀਤੀ ਗਈ।

ਮਲਟੀਮੀਡੀਆ ਸਕੂਲ ਅਤੇ ਸਥਾਨਕ ਭਾਈਚਾਰੇ ਦੇ ਅੰਦਰ ਸਥਿਰਤਾ ਨੂੰ ਉਤਸ਼ਾਹਿਤ ਕਰਨ ਲਈ ਵਿਦਿਆਰਥੀਆਂ ਦੁਆਰਾ ਕੀਤੇ ਗਏ ਪ੍ਰੋਜੈਕਟਾਂ ਅਤੇ ਪਹਿਲਕਦਮੀਆਂ ਨੂੰ ਪ੍ਰਦਰਸ਼ਿਤ ਕਰਦਾ ਹੈ। ਰੀਸਾਈਕਲਿੰਗ ਮੁਹਿੰਮਾਂ ਤੋਂ ਲੈ ਕੇ ਰੁੱਖ ਲਗਾਉਣ ਦੀਆਂ ਮੁਹਿੰਮਾਂ ਤੱਕ, ਵਿਦਿਆਰਥੀਆਂ ਨੇ ਵਾਤਾਵਰਨ 'ਤੇ ਸਕਾਰਾਤਮਕ ਪ੍ਰਭਾਵ ਪਾਉਣ ਲਈ ਆਪਣੇ ਸਮਰਪਣ ਦਾ ਪ੍ਰਦਰਸ਼ਨ ਕੀਤਾ।

ਧਰਤੀ ਦਿਵਸ ਦੇ ਜਸ਼ਨ ਨੇ ਵਿਦਿਆਰਥੀਆਂ ਨੂੰ ਕੁਦਰਤ ਨਾਲ ਡੂੰਘੇ ਸਬੰਧ ਨੂੰ ਵਧਾਉਣ ਦੇ ਉਦੇਸ਼ ਨਾਲ ਹੱਥ-ਪੈਰ ਦੀਆਂ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦਾ ਮੌਕਾ ਵੀ ਪ੍ਰਦਾਨ ਕੀਤਾ। ਵਿਦਿਆਰਥੀਆਂ ਨੂੰ ਕੁਦਰਤੀ ਸੰਸਾਰ ਦੀ ਸੁੰਦਰਤਾ ਅਤੇ ਮਹੱਤਤਾ ਦੀ ਕਦਰ ਕਰਨ ਲਈ ਉਤਸ਼ਾਹਿਤ ਕਰਨ ਲਈ ਆਯੋਜਿਤ ਕੀਤੀਆਂ ਗਈਆਂ ਗਤੀਵਿਧੀਆਂ ਵਿੱਚੋਂ ਬੂਟੇ ਲਗਾਉਣਾ, ਰੀਸਾਈਕਲ ਕੀਤੇ ਸ਼ਿਲਪਕਾਰੀ ਬਣਾਉਣਾ ਅਤੇ ਕੁਦਰਤ ਦੀ ਸੈਰ ਵਿੱਚ ਹਿੱਸਾ ਲੈਣਾ ਸ਼ਾਮਲ ਸਨ।

ਕਿੰਡਰਗਾਰਟਨ ਕੋਆਰਡੀਨੇਟਰ ਸ਼੍ਰੀਮਤੀ ਯੋਗਿਤਾ ਨੇ ਧਰਤੀ ਦਿਵਸ ਸਮਾਰੋਹ ਵਿੱਚ ਕਿੰਡਰਗਾਰਟਨ ਦੇ ਵਿਦਿਆਰਥੀਆਂ ਦੀ ਸਰਗਰਮ ਭਾਗੀਦਾਰੀ 'ਤੇ ਆਪਣੀ ਖੁਸ਼ੀ ਪ੍ਰਗਟ ਕੀਤੀ। ਉਸਨੇ ਛੋਟੀ ਉਮਰ ਵਿੱਚ ਵਾਤਾਵਰਣ ਸਿੱਖਿਆ ਸ਼ੁਰੂ ਕਰਨ ਦੇ ਮਹੱਤਵ 'ਤੇ ਜ਼ੋਰ ਦਿੱਤਾ ਅਤੇ ਵਿਦਿਆਰਥੀਆਂ ਦੀ ਰਚਨਾਤਮਕਤਾ ਅਤੇ ਉਤਸ਼ਾਹ ਲਈ ਪ੍ਰਸ਼ੰਸਾ ਕੀਤੀ।

ਸਟੀਫਨ ਇੰਟਰਨੈਸ਼ਨਲ ਸਕੂਲ ਦੀ ਡਾਇਰੈਕਟਰ ਪ੍ਰਿੰਸੀਪਲ ਸ਼੍ਰੀਮਤੀ ਮੋਨਿਕਾ ਸ਼ਰਮਾ ਨੇ ਧਰਤੀ ਦਿਵਸ ਦੇ ਸਫਲ ਆਯੋਜਨ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਯਤਨਾਂ ਦੀ ਸ਼ਲਾਘਾ ਕੀਤੀ। ਉਸਨੇ ਨੌਜਵਾਨ ਪੀੜ੍ਹੀ ਵਿੱਚ ਵਾਤਾਵਰਣ ਸੰਭਾਲ ਅਤੇ ਸਥਿਰਤਾ ਦੀਆਂ ਕਦਰਾਂ ਕੀਮਤਾਂ ਨੂੰ ਸਥਾਪਤ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਜਿਵੇਂ ਹੀ ਧਰਤੀ ਦਿਵਸ ਦਾ ਜਸ਼ਨ ਸਮਾਪਤ ਹੋ ਗਿਆ, ਸਟੀਫਨ ਇੰਟਰਨੈਸ਼ਨਲ ਸਕੂਲ ਦੇ ਵਿਦਿਆਰਥੀ ਗ੍ਰਹਿ ਲਈ ਪ੍ਰਸ਼ੰਸਾ ਦੀ ਨਵੀਂ ਭਾਵਨਾ ਅਤੇ ਇਸਦੀ ਸੁਰੱਖਿਆ ਲਈ ਕਾਰਵਾਈ ਕਰਨ ਦੀ ਵਚਨਬੱਧਤਾ ਨਾਲ ਰਵਾਨਾ ਹੋਏ। ਇਸ ਸਮਾਗਮ ਨੇ ਇਹ ਯਾਦ ਦਿਵਾਇਆ ਕਿ ਆਉਣ ਵਾਲੀਆਂ ਪੀੜ੍ਹੀਆਂ ਲਈ ਵਾਤਾਵਰਣ ਨੂੰ ਸੁਰੱਖਿਅਤ ਰੱਖਣ ਵਿੱਚ ਹਰੇਕ ਵਿਅਕਤੀ ਦੀ ਭੂਮਿਕਾ ਹੈ।

ਕੌਮੀ ਪੱਤ੍ਰਿਕਾ

# ਦੰਦਾਂ ਦੀ ਪਰੇਸ਼ਾਨੀ ਤੋਂ ਪਾਓ ਨਿਜਾਤ

ਨਵਜੋਤ ਕੌਰ ਔਜਲਾ

ਸਾਡੇ ਸਰੀਰ ਵਿਚੋਂ ਰੋਗ ਬਾਹਰ ਨਹੀਂ ਆਉਂਦੇ। ਗੈਰ-ਕੁਦਰਤੀ ਰਹਿਣ ਸਹਿਣ ਨਾਲ ਸਰੀਰ ਅੰਦਰ ਵਿਗਾੜ ਪੈਦਾ ਹੋ ਜਾਂਦਾ ਹੈ। ਸਾਡੇ ਖਾਣ-ਪੀਣ ਦੀਆਂ ਆਦਤਾਂ ਸਾਡੇ ਰੋਗਾਂ ਦਾ ਕਾਰਨ ਬਣਦੀਆਂ ਹਨ। ਕਈ ਵਾਰ ਅਸੀਂ ਭੁੱਖ ਤੋਂ ਜ਼ਿਆਦਾ ਜਾਂ ਦੇਰ ਬਾਅਦ ਖਾਂਦੇ ਹਾਂ ਜਿਸ ਕਰਕੇ ਸਾਡਾ ਸੰਤੁਲਨ ਵਿਗੜ ਜਾਂਦਾ ਹੈ। ਪੁਰਾਣੇ ਸਮੇਂ ਵਿਚ ਜਦੋਂ ਕੋਈ ਮਨੁੱਖ ਬਿਮਾਰ ਹੁੰਦਾ ਸੀ ਤਾਂ ਲੋਕ ਆਪਣੇ ਘਰਾਂ ਵਿਚ ਵਰਤੇ ਜਾਂਦੇ ਮਸਾਲੇ, ਸਬਜ਼ੀਆਂ ਆਦਿ ਦੀ ਵਰਤੋਂ ਕਰ ਕੇ ਦਵਾਈ ਜਾਂ ਕਾੜ੍ਹਾ ਬਣਾ ਕੇ ਉਸ ਦਾ ਸੇਵਨ ਕਰਦੇ ਸਨ ਪਰ ਅੱਜਕੱਲ੍ਹ ਤਾਂ ਲੋਕ ਥੋੜ੍ਹਾ ਜਿਹਾ ਬਿਮਾਰ ਹੋਣ 'ਤੇ ਡਾਕਟਰ ਕੋਲ ਭੱਜ ਜਾਂਦੇ ਹਨ। ਕਈ ਡਾਕਟਰ ਮਰੀਜ਼ ਕੋਲੋਂ ਪੈਸੇ ਬਣਾਉਣ ਲਈ ਬਿਮਾਰ ਵਿਅਕਤੀ ਨੂੰ ਹਸਪਤਾਲਾਂ ਦੇ ਗੇੜੇ ਮਰਾਉਂਦੇ ਹਨ ਤੇ ਫਿਰ ਵੀ ਉਨ੍ਹਾਂ ਨੂੰ ਅਨੇਕਾਂ ਪ੍ਰਕਾਰ ਦੇ ਟੈਸਟਾਂ ਦੇ ਚੱਕਰਾਂ 'ਚ ਪਾਇਆ ਜਾਂਦਾ ਹੈ ਤੇ ਫਿਰ ਉਨ੍ਹਾਂ ਨੂੰ ਦਵਾਈ ਦਿੱਤੀ ਜਾਂਦੀ ਹੈ। ਡਾਕਟਰਾਂ ਨੂੰ ਪੈਸਾ ਦੇਣ ਲਈ ਤੇ ਆਪਣਾ ਸਮਾਂ ਖ਼ਰਾਬ ਕਰਨ ਦੀ ਬਜਾਏ ਅਸੀਂ ਆਪਣੇ ਘਰਾਂ ਵਿਚ ਰੋਜ਼ਾਨਾ ਵਰਤੀਆਂ ਜਾਣ ਵਾਲੀਆਂ ਚੀਜ਼ਾਂ ਜਿਵੇਂ ਹਰੀਆਂ ਸਬਜ਼ੀਆਂ, ਦੁੱਧ ਦਹੀਂ, ਲੱਸੀ, ਘਿਓ, ਦਾਲਾਂ ਆਦਿ ਦਾ ਇਸਤੇਮਾਲ ਕਰਨਾ ਚਾਹੀਦਾ ਹੈ। ਅੱਜ ਦੇ ਸਮੇਂ ਵਿਚ ਹਰ ਇਕ ਵਿਅਕਤੀ ਨੂੰ ਦੰਦਾਂ ਦੇ ਰੋਗ ਦੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।


ਅੱਜ ਦੇ ਦੌਰ 'ਚ ਦੰਦਾਂ ਦੇ ਕੀੜਿਆਂ ਦੀ ਸਮੱਸਿਆ ਬਹੁਤ ਵੱਧ ਰਹੀ ਹੈ। ਕੀੜਾਂ ਲੱਗਣ ਦੇ ਕਾਰਨ ਦੰਦਾਂ ਵਿਚ ਤੇਜ਼ ਦਰਦ ਹੋਵੇ ਤਾਂ ਆਂਵਲੇ ਦੇ ਰਸ ਵਿਚ ਥੋੜ੍ਹਾ ਜਿਹਾ ਕਪੂਰ ਮਿਲਾ ਕੇ ਲਗਾਓ ਇਸ ਨਾਲ ਹੌਲੀ-ਹੌਲੀ ਦੰਦਾਂ ਦੇ ਕੀੜੇ ਦੀ ਪਰੇਸ਼ਾਨੀ ਤੇ ਦਰਦ ਰਾਹਤ ਪਾਈ ਜਾ ਸਕਦੀ ਹੈ। ਹਰ ਰੋਜ਼ ਖਾਣਾ-ਖਾਣ ਤੋਂ ਬਾਅਦ ਬੁਰਸ਼ ਕਰਨਾ ਬਹੁਤ ਹੀ ਜ਼ਰੂਰੀ ਹੈ। •

### ਮਸੂੜਿਆਂ ਦੀ ਪਰੇਸ਼ਾਨੀ

70 ਗ੍ਰਾਮ ਗਾਜ਼ਰ ਦਾ ਰਸ ਰੋਜ਼ਾਨਾ ਪੀਣ ਨਾਲ ਮਸੂੜੇ ਅਤੇ ਦੰਦਾਂ ਵਿਚ ਕਿਸੇ ਰੋਗ ਦੇ ਪੈਦਾ ਹੋਣ ਦੀ ਸੰਭਾਵਨਾ ਬਹੁਤ ਘੱਟ ਹੁੰਦੀ ਹੈ ਤੇ ਇਸ ਨਾਲ ਦੰਦਾਂ ਦੀਆਂ ਜੜ੍ਹਾਂ ਵੀ ਮਜ਼ਬੂਤ ਹੁੰਦੀਆਂ ਹਨ।

### ਮੂੰਹ ਦੇ ਛਾਲੇ

*ਕਈ ਵਾਰ ਅਸੀਂ ਦੇਖਦੇ ਹਾਂ ਕਿ ਗਰਮ ਜਾਂ ਠੰਢਾ ਖਾਣ ਨਾਲ ਸਾਡੇ ਮੂੰਹ 'ਚ ਛਾਲੇ ਹੋ ਜਾਂਦੇ ਹਨ। ਇਸ ਤਰ੍ਹਾਂ ਦੀ ਸਥਿਤੀ 'ਚ ਚਮੇਲੀ ਦੇ ਪੱਤਿਆਂ ਨੂੰ ਮੂੰਹ ਵਿਚ ਰੱਖੋ ਤੇ ਹੌਲੀ-ਹੌਲੀ ਦਬਾ ਕੇ ਖਾਓ। ਖਾਣ ਤੋਂ ਬਾਅਦ ਪਾਣੀ ਨਾਲ ਕੁਰਲਾ ਕਰੋ। ਅਜਿਹਾ ਕਰਨ ਨਾਲ ਤੁਹਾਨੂੰ ਬਹੁਤ ਫ਼ਾਇਦਾ ਹੋਵੇਗਾ।*



# ਸੇਵਾ ਤੇ ਸਮਰਪਣ ਦਾ ਪੇਸ਼ਾ ਨਰਸਿੰਗ



ਗੁਰਤੇਜ ਸਿੰਘ
94641-72783

***ਅਸੀਂ ਜਾਣਦੇ ਹਾਂ ਕਿ ਡਾਕਟਰਾਂ ਜਾਂ ਨਰਸਾਂ ਨੂੰ ਰੱਬ ਦਾ ਰੂਪ ਮੰਨਿਆ ਜਾਂਦਾ ਹੈ। ਵਿਅਕਤੀ ਨੂੰ ਕੋਈ ਵੀ ਦੁੱਖ-ਤਕਲੀਫ਼ ਹੁੰਦੀ ਹੈ ਤਾਂ ਉਹ ਹਸਪਤਾਲ ਜਾ ਕੇ ਹੀ ਸਾਹ ਲੈਂਦਾ ਹੈ ਕਿ ਇਥੇ ਉਸ ਨੂੰ ਜ਼ਿੰਦਗੀ ਮਿਲੇਗੀ ਜਾਂ ਇਨ੍ਹਾਂ ਦੁੱਖਾਂ ਤੋਂ ਛੁਟਕਾਰਾ ਮਿਲ ਸਕਦਾ ਹੈ...***



*ਦੁਨੀਆ 'ਚ 12 ਮਈ ਕੌਮਾਂਤਰੀ ਨਰਸਿਜ਼ ਦਿਵਸ ਵਜੋਂ ਮਨਾਇਆ ਜਾਂਦਾ ਹੈ। ਇਹ ਦਿਨ ਨਰਸਿੰਗ ਦੀ ਜਨਮਦਾਤਾ ਫਲੋਰੈਂਸ ਨਾਈਟਿੰਗਗੇਲ ਦੇ ਜਨਮ ਦਿਨ ਨੂੰ ਸਮਰਪਿਤ ਹੈ। ਉਨ੍ਹਾਂ ਦੀ ਮਾਨਵ ਸੇਵਾ ਪ੍ਰਤੀ ਉੱਚੀ ਸੁੱਚੀ ਭਾਵਨਾ ਨੇ ਲੋਕਾਂ ਨੂੰ ਸੇਵਾ ਵੱਲ ਪ੍ਰੇਰਿਆ ਹੈ, ਜਿਸ ਨੇ ਨਰਸਿੰਗ ਕਿੱਤੇ ਦੀ ਸ਼ੁਰੂਆਤ ਕੀਤੀ। ਇਸ ਕਿੱਤੇ 'ਚ ਰਹਿੰਦੇ ਹੋਏ ਇਨ੍ਹਾਂ ਨੇ ਬਹੁਤ ਸਾਰੇ ਐਵਾਰਡ ਵੀ ਹਾਸਿਲ ਕੀਤੇ ਜਿਵੇਂ ਸੰਨ 1883'ਚ ਰਾਇਲ ਰੈੱਡ ਕ੍ਰਾਸ, 1907 'ਚ ਆਰਡਰ ਆਫ਼ ਮੈਰਿਟ...*

ਨਰਸ ਬਿਨਾਂ ਵਿਤਕਰੇ ਦੇ ਬਿਮਾਰਾਂ ਦੀ ਸੇਵਾ ਕਰਦੀ ਹੈ, ਜਦ ਰੋਗੀ ਤੰਦਰੁਸਤ ਹੋ ਕੇ ਆਪਣੇ ਘਰ ਪਰਤਦਾ ਹੈ ਤਾਂ ਕਿਤੇ ਨਾ ਕਿਤੇ ਉਹ ਨਰਸ ਨੂੰ ਵੀ ਅੰਦਰੋਂ ਦੁਆਵਾਂ ਦਿੰਦਾ ਹੈ। ਨਰਸਿਜ਼ ਦਿਵਸ ਮਨਾਉਣ ਦੀ ਸ਼ੁਰੂਆਤ ਸੰਨ 1953 'ਚ ਹੋਈ ਜੋ ਯੂਨਾਈਟਡ ਸਟੇਟਸ ਦੇ ਸਿਹਤ ਸਿੱਖਿਆ ਅਤੇ ਭਲਾਈ ਵਿਭਾਗ ਦੇ ਇਕ ਅਫ਼ਸਰ ਨੇ ਆਪਣੇ ਪੱਧਰ 'ਤੇ ਕੀਤੀ ਸੀ। ਉਨ੍ਹਾਂ ਦੇ ਇਸ ਸ਼ਲਾਘਾਯੋਗ ਕਦਮ ਨੂੰ ਅਣਗੌਲਿਆ ਕਰ ਦਿੱਤਾ ਸੀ। ਸੰਨ 1965 'ਚ ਇੰਟਰਨੈਸ਼ਨਲ ਕੌਂਸਿਲ ਆਫ਼ ਨਰਸਿਜ਼ ਨੇ ਪਹਿਲੀ ਵਾਰ ਨਰਸਿਜ਼ ਦਿਵਸ ਮਨਾਇਆ ਸੀ। ਸੰਨ 1974 ਵਿਚ ਇਸੇ ਸੰਸਥਾ ਨੇ ਫਲੋਰੈਂਸ ਨਾਈਟਿੰਗਗੇਲ ਦੇ ਜਨਮ ਨੂੰ ਨਰਸਿਜ਼ ਦਿਵਸ ਵਜੋਂ ਮਨਾਉਣ ਦੀ ਅਧਿਕਾਰਿਕ ਤੌਰ 'ਤੇ ਪ੍ਰਵਾਨਗੀ ਦਿੱਤੀ ਸੀ ਅਤੇ ਇਸ ਦਿਨ ਨਰਸਿੰਗ ਕਿੱਤੇ ਨਾਲ ਲੋੜੀਂਦੇ ਸਾਜੋ ਸਮਾਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਹਿਤ ਇਕ ਲੜੀ ਸ਼ੁਰੂ ਕੀਤੀ ਜੋ ਅੱਜ ਵੀ ਕਈ ਮੁਲਕਾਂ 'ਚ ਪ੍ਰਚਲਿਤ ਹੈ। ਹਰ ਵਰ੍ਹੇ ਇਸ ਦਿਵਸ 'ਤੇ ਕੋਈ ਨਾ ਕੋਈ ਥੀਮ ਰੱਖਿਆ ਜਾਂਦਾ ਹੈ।

ਸੰਨ 1988 ਤੋਂ ਸ਼ੁਰੂ ਹੋਈ ਸੀ ਜੋ ਅੱਜ ਵੀ ਬਰਕਰਾਰ ਹੈ। ਇਸ ਵਰ੍ਹੇ ਦਾ ਥੀਮ ਨਰਸਿੰਗ ਦੀ ਬੁਲੰਦ ਆਵਾਜ਼ ਹੈ। ਸੰਨ 2003 ਤੋਂ ਸੰਸਾਰ ਦੇ ਕਈ ਦੇਸ਼ਾਂ 'ਚ 6 ਮਈ ਤੋਂ 12 ਮਈ ਤਕ ਨਰਸਿਜ਼ ਹਫ਼ਤਾ ਮਨਾਇਆ ਜਾਂਦਾ ਹੈ ਜਿਸ ਤਹਿਤ ਲੋਕਾਂ ਨੂੰ ਸਿਹਤ ਸਬੰਧੀ ਜਾਗਰੂਕ ਕੀਤਾ ਜਾਂਦਾ ਹੈ। ਪੈਰਾਮੈਡੀਕਲ ਕਾਮਿਆਂ ਤੋਂ ਬਿਨਾਂ ਡਾਕਟਰ ਅਧੂਰਾ ਹੈ ਅਤੇ ਸੁਘੜ ਨਰਸ ਆਪਣੇ ਵਾਰਡ 'ਚ ਦਾਖਿਲ ਮਰੀਜ਼ਾਂ ਨੂੰ ਦਵਾਈ ਡਾਕਟਰ ਦੇ ਕਹਿਣੇ ਮੁਤਾਬਿਕ ਬਿਨਾਂ ਨਾਗਾ ਪਾਏ ਦਿੰਦੀ ਹੈ। ਇਸ ਤਰ੍ਹਾਂ ਉਹ ਆਪਣੇ ਪਰਿਵਾਰਿਕ ਮੈਂਬਰਾਂ ਦੀ ਤਰ੍ਹਾਂ ਮਰੀਜ਼ਾਂ ਦਾ ਖ਼ਿਆਲ ਰੱਖਦੀ ਹੈ ਜੋ ਮਾਂ, ਭੈਣ ਆਦਿ ਰਿਸ਼ਤੇ ਰੱਖਦੇ ਹਨ। ਆਪਣੇ ਵਾਰਡ 'ਚ ਪਏ ਮਰੀਜ਼ਾਂ ਦੀ ਦੇਖਭਾਲ ਕਰਨੀ ਉਸਦਾ ਮੁੱਢਲਾ ਫ਼ਰਜ਼ ਹੈ ਇਸ ਤੋਂ ਉਹ ਕਦੇ ਵੀ ਮੁਨਕਰ ਨਹੀਂ ਹੋ ਸਕਦੀ।

ਵਾਰਡ 'ਚ ਮੌਜੂਦ ਤਰ੍ਹਾਂ-ਤਰ੍ਹਾਂ ਦੇ ਮਰੀਜ਼ਾਂ ਨਾਲ ਉਸਦਾ ਵਿਵਹਾਰ ਦੋਸਤਾਨਾ ਹੁੰਦਾ ਹੈ ਜੋ ਲਾਜ਼ਮੀ ਵੀ ਹੈ ਕਿਉਂਕਿ ਦਵਾਈ ਦੇ ਨਾਲ ਹੌਸਲਾ ਅਫ਼ਜ਼ਾਈ ਬਹੁਤ ਜ਼ਰੂਰੀ ਹੁੰਦੀ ਹੈ ਜਿਸ ਨਾਲ ਭਿਆਨਕ ਬਿਮਾਰੀਆਂ ਨਾਲ ਗ੍ਰਸਤ ਮਰੀਜ਼ ਵੀ ਬਚੀ ਜ਼ਿੰਦਗੀ ਦਾ ਆਨੰਦ ਮਾਨਣ ਦੇ ਯੋਗ ਹੋ ਜਾਂਦੇ ਹਨ। ਇਸ ਤਰ੍ਹਾਂ ਮਰੀਜ਼ਾਂ ਦੀ ਤੰਦਰੁਸਤੀ 'ਚ ਡਾਕਟਰ ਦੇ ਨਾਲ ਨਰਸ ਦੀਆਂ ਅਣਥੱਕ ਸੇਵਾਵਾਂ ਵੀ ਸ਼ਾਮਿਲ ਹੁੰਦੀਆਂ ਹਨ। ਬਲਕਿ ਹਸਪਤਾਲ ਦੇ ਹਰ ਸੁਘੜ ਕਰਮਚਾਰੀ ਦਾ ਬਣਦਾ ਯੋਗਦਾਨ ਲਿਆ ਜਾਂਦਾ ਹੈ ਤਾਂ ਜੋ ਮਰੀਜ਼ ਰਾਜੀ ਖ਼ੁਸ਼ੀ ਆਪਣੇ ਘਰ ਜਾ ਸਕੇ। ਦੁਨੀਆ ਬਹੁਤ ਰੰਗੀ ਹੈ ਇਸ 'ਚ ਚੰਗੇ ਮੰਦੇ ਹਰ ਤਰ੍ਹਾਂ ਦੇ ਪ੍ਰਾਣੀਆਂ ਦਾ ਵਾਸ ਹੈ। ਕਈ ਵਾਰ ਕੋਈ ਵਿਅਕਤੀ ਕਿਸੇ ਲਈ ਫਰਿਸ਼ਤਾ ਹੋ ਬਹੁੜਦਾ ਹੈ ਅਤੇ ਕੋਈ ਕਿਸੇ ਲਈ ਸ਼ੈਤਾਨ ਦਾ ਰੂਪ ਹੋ ਨਿੱਬੜਦਾ ਹੈ। ਅਜੋਕੇ ਦੌਰ 'ਚ ਜ਼ਿੰਦਗੀ ਜਿਉਣ ਦੇ ਬਦਲਦੇ ਢੰਗ ਅਤੇ ਨਾਮੁਰਾਦ ਬਿਮਾਰੀਆਂ ਦੀ ਆਮਦ ਨੇ ਲੋਕਾਂ ਨੂੰ ਤੰਦਰੁਸਤ ਰਹਿਣ ਦੀ ਚੁਣੌਤੀ ਦਿੱਤੀ ਹੈ।

ਇਸ ਲਈ ਅਕਸਰ ਹੀ ਹਸਪਤਾਲ ਜਾਣਾ ਪੈਂਦਾ ਹੈ ਅਤੇ ਉੱਥੇ ਮੌਜੂਦ ਅਮਲੇ ਦੀਆਂ ਸੇਵਾਵਾਂ ਲੈਣੀਆਂ ਪੈਂਦੀਆਂ ਹਨ। ਕਈ ਵਾਰ ਉਹ ਅਮਲਾ ਵਾਜਿਬ ਭਾਅ 'ਤੇ ਆਪਣੀ ਸੇਵਾ ਨਾਲ ਸਾਨੂੰ ਸੰਤੁਸ਼ਟ ਕਰ ਦਿੰਦਾ ਹੈ ਪਰ ਵਪਾਰੀਕਰਨ ਦੀ ਦੌੜ 'ਚ ਅਕਸਰ ਹੀ ਮਰੀਜ਼ਾਂ ਦੀ ਛਿੱਲ ਲਾਹੀ ਜਾਂਦੀ ਹੈ। ਜਿਸ 'ਚ ਹਸਪਤਾਲ ਪ੍ਰਸ਼ਾਸਨ ਅਤੇ ਡਾਕਟਰ ਸਿੱਧੇ ਰੂਪ 'ਚ ਜ਼ਿੰਮੇਵਾਰ ਹੁੰਦੇ ਹਨ। ਕੁੱਝ ਕੁ ਥਾਵਾਂ ਨੂੰ ਛੱਡ ਕੇ ਨਰਸ ਦੀ ਇਸ ਘਿਨੌਣੇ ਕਾਰਜ 'ਚ ਸ਼ਮੂਲੀਅਤ ਨਹੀਂ ਹੁੰਦੀ ਹੈ। ਨਿੱਜੀ ਸਿਹਤ ਕੇਂਦਰਾਂ 'ਚ ਮਰੀਜ਼ ਅਤੇ ਉਨ੍ਹਾਂ ਦੇ ਰਿਸ਼ਤੇਦਾਰਾਂ ਨਰਸਾਂ ਨਾਲ ਅਕਸਰ ਬਦਤਮੀਜ਼ੀ ਕਰਦੇ ਹਨ ਉਹ ਵਿਚਾਰੀਆਂ ਨੌਕਰੀ ਜਾਣ ਦੇ ਡਰ ਕਾਰਨ ਚੁੱਪ ਰਹਿਣ ਲਈ ਮਜਬੂਰ ਹੋ ਜਾਂਦੀਆਂ ਹਨ।

ਜਨਤਕ ਸਿਹਤ ਕੇਂਦਰਾਂ 'ਚ ਤਾਇਨਾਤ ਨਰਸ ਕਰਮਚਾਰੀਆਂ ਦਾ ਵਿਵਹਾਰ ਸਦਾ ਹੀ ਸ਼ੱਕ ਦੇ ਘੇਰੇ 'ਚ ਰਿਹਾ ਹੈ ਪਰ ਕਈ ਨਰਸ ਕਰਮਚਾਰੀ ਆਪਣੇ ਮਰੀਜ਼ਾਂ ਨਾਲ ਬਦਤਮੀਜ਼ੀ ਕਰਦੀਆਂ ਹਨ ਜਿਸ ਦਾ ਗਵਾਹ ਪੂਰਾ ਸਮਾਜ ਹੈ ਕਿਉਂਕਿ ਹਰ ਕਿਸੇ ਦਾ ਵਾਹ ਕਦੇ ਨਾ ਕਦੇ ਇਨ੍ਹਾਂ ਨਾਲ ਜ਼ਰੂਰ ਪਿਆ ਹੈ। ਜਨਤਕ ਸਿਹਤ ਕੇਂਦਰਾਂ 'ਚ ਜਾਣ ਵਾਲੇ ਮਰੀਜ਼ ਜ਼ਿਆਦਾਤਰ ਅਨਪੜ੍ਹ ਹੀ ਹੁੰਦੇ ਹਨ ਜਿਸ ਕਰਕੇ ਉਹ ਇਨ੍ਹਾਂ ਨੂੰ ਟਿੱਚ ਹੀ ਜਾਣਦੀਆਂ ਹਨ ਸਿੱਧੇ ਮੂੰਹ ਗੱਲ ਤਕ ਨਹੀਂ ਕਰਦੀਆਂ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਪਿਛਲੇ ਵਰ੍ਹੇ ਮੇਰੀਆਂ ਜੂਨ ਦੀਆਂ ਛੁੱਟੀਆਂ ਵਿਚ ਸਾਡੇ ਪਿੰਡ ਦੀ ਇਕ ਬੇਹੱਦ ਗ਼ਰੀਬ ਪਰਿਵਾਰ ਦੀ ਇਕ ਔਰਤ ਜਣੇਪੇ 'ਚ ਸੀ ਡਾਕਟਰੀ ਕਿੱਤੇ ਨਾਲ ਸਬੰਧਿਤ ਹੋਣ ਕਾਰਨ ਉਨ੍ਹਾਂ ਮੇਰੇ ਤਕ ਪਹੁੰਚ ਕੀਤੀ ਸੀ। ਮੈਂ ਆਪ ਉਨ੍ਹਾਂ ਦੇ ਨਾਲ ਜਾ ਕੇ ਉਸਨੂੰ ਨੇੜਲੇ ਜਨਤਕ ਸਿਹਤ ਕੇਂਦਰ 'ਚ ਦਾਖਿਲ ਕਰਵਾਇਆ ਸੀ। ਅਲਟਰਾਸਾਊਂਡ ਦੀ ਰਿਪੋਰਟ ਅਨੁਸਾਰ ਡਲਿਵਰੀ ਇਕਦਮ ਕਰਨੀ ਲਾਜ਼ਮੀ ਸੀ ਕਿਉਂਕਿ ਨਾੜੂਆ ਬੱਚੇ ਦੇ ਗਲ਼ੇ ਦੇ ਇਰਦ-ਗਿਰਦ ਲਿਪਟਿਆ ਹੋਇਆ ਸੀ। ਜਨਾਨਾ ਰੋਗਾਂ ਦੀ ਮਾਹਿਰ ਡਾਕਟਰ ਜਾ ਚੁੱਕੀ ਸੀ ਜਿਸ ਕਾਰਨ ਡਲਿਵਰੀ ਉੱਥੇ ਮੌਜੂਦ ਨਰਸ ਕਰਮਚਾਰੀਆਂ ਨੂੰ ਹੀ ਕਰਨੀ ਸੀ ਪਰ ਉਹ ਕਾਫ਼ੀ ਦੇਰ ਤਕ ਟਾਲਮਟੋਲ ਕਰਦੀਆਂ ਰਹੀਆਂ ਤੇ ਨਾ ਹੀ ਉਨ੍ਹਾਂ ਨੇ ਆਪਣੇ ਡਾਕਟਰ ਨੂੰ ਇਸ ਸਬੰਧੀ ਜਾਣੂ ਕਰਵਾਇਆ। ਇਹ ਸਭ ਦੇਖ ਕੇ ਮੈਨੂੰ ਬਹੁਤ ਗੁੱਸਾ ਆਇਆ ਤੇ ਇਕ ਨਰਸ ਨੂੰ ਮੈਂ ਕਿਹਾ, ਸਿਸਟਰ ਜੀ ਤੁਹਾਡਾ ਪਰਿਵਾਰਿਕ ਮੈਂਬਰ ਰਾਤ ਨੂੰ ਹਾਰਟ ਅਟੈਕ ਨਾਲ ਕਿਸੇ ਡਾਕਟਰ ਕੋਲ ਜਾਵੇ ਤਾਂ ਉੱਥੇ ਮੌਜੂਦ ਸਾਰਾ ਅਮਲਾ ਤੁਹਾਡੇ ਵਾਂਗ ਟਾਲਮਟੋਲ ਕਰੇ ਤਾਂ ਤੁਹਾਨੂੰ ਕਿਵੇਂ ਦਾ ਲੱਗੇਗਾ? ਉਸ ਨਰਸ ਨੇ ਐਨਕ ਦੇ ਉੱਪਰੋਂ ਦੇਖਦਿਆਂ ਮੈਨੂੰ ਪੁੱਛਿਆ ਤੂੰ ਕੰਮ ਕੀ ਕਰਦਾ ਆਹ ਕੀ ਤਰੀਕਾ ਗੱਲ ਕਰਨ ਦਾ। ਮੈਂ ਕਿਹਾ ਸਿਸਟਰ ਜੀ ਮੈਂ ਬੀਏਐੱਮਐੱਸ ਦੂਜੇ ਸਾਲ ਦਾ ਵਿਦਿਆਰਥੀ ਹਾਂ ਤੇ ਇਸ ਮਰੀਜ਼ ਬਾਰੇ ਮੈਂ ਆਪਣੇ ਪ੍ਰੋਫੈਸਰਾਂ ਨਾਲ ਵੀ ਗੱਲ ਕੀਤੀ ਹੈ ਉਨ੍ਹਾਂ ਦੀ ਸਲਾਹ ਹੈ ਕਿ ਜਲਦੀ ਡਲਿਵਰੀ ਹੋਵੇ। ਅੱਛਾ ਤੂੰ ਡਾਕਟਰ ਆਂ ਪਹਿਲਾਂ ਦੱਸ ਦੇਣਾ ਸੀ ਉਸਨੇ ਕੱਚੀ ਜਿਹੀ ਹੁੰਦੇ ਕਿਹਾ। ਆਪਣੇ ਡਾਕਟਰ ਨੂੰ ਬੁਲਾ ਕੇ ਉਨ੍ਹਾਂ ਨੇ ਡਲਿਵਰੀ ਕਰਵਾ ਦਿੱਤੀ। ਡਾਕਟਰ ਆਪਣਾ ਕੰਮ ਖ਼ਤਮ ਕਰਕੇ ਚਲਾ ਗਿਆ ਤੇ ਮੈਂ ਉਸ ਦਾ ਧੰਨਵਾਦ ਕੀਤਾ। ਡਾਕਟਰ ਦੇ ਜਾਣ ਦੀ ਦੇਰ ਸੀ ਇਕ ਨਰਸ ਨੇ ਮੁੰਡਾ ਹੋਣ ਦੀ ਖ਼ੁਸ਼ੀ ਜਾਹਿਰ ਕਰਦਿਆਂ ਉਸ ਔਰਤ ਦੇ ਦਿਹਾੜੀਦਾਰ ਗ਼ਰੀਬ ਪਤੀ ਤੋਂ ਵਧਾਈ ਦੇ ਰੂਪ 'ਚ ਪੰਜ ਸੌ ਰੁਪਏ ਮੰਗੇ, ਜੋ ਉਸਨੇ ਚੁੱਪਚਾਪ ਦੇ ਦਿੱਤੇ। ਮੈਂ ਉਸਨੂੰ ਜਦ ਵਰਜਿਆ ਤਾਂ ਉਹ ਮੈਨੂੰ ਕਹਿਣ ਲੱਗਾ ਡਾਕਟਰ ਕੀ ਪਤਾ ਬਾਈ! ਇਹ ਗੁੱਸੇ ਹੋ ਕੇ ਕੋਈ ਗ਼ਲਤ ਟੀਕਾ ਨਾ ਲਗਾ ਦੇਣ। ਮੈਨੂੰ ਉਸ ਦੀ ਮਾਨਸਿਕਤਾ ਅਤੇ ਅਜਿਹੀਆਂ ਨਰਸ ਕਰਮਚਾਰੀਆਂ ਦੇ ਵਿਵਹਾਰ ਨੇ ਝੰਜੋੜ ਕੇ ਰੱਖ ਦਿੱਤਾ ਸੀ। ਉਪਰੋਕਤ ਘਟਨਾਵਾਂ ਡਾਕਟਰੀ ਕਿੱਤੇ ਨਾਲ ਸਬੰਧਿਤ ਅਮਲੇ ਦੇ ਮੂੰਹ 'ਤੇ ਬਹੁਤ ਵੱਡੀ ਚਪੇੜ ਹੈ। ਕਹਿਣ ਨੂੰ ਤਾਂ ਸਾਡਾ ਮੁਲਕ ਮੈਡੀਕਲ ਟੂਰਿਜਮ ਵਜੋਂ ਵਿਕਸਿਤ ਹੋ ਰਿਹਾ ਹੈ ਪਰ ਜ਼ਮੀਨੀ ਹਕੀਕਤ ਇਹ ਹੈ ਕਿ ਆਮ ਲੋਕਾਂ ਲਈ ਚੰਗੀਆਂ ਸਿਹਤ ਹਵਾਵਾਂ ਸਿਰਫ਼ ਕਾਗਜ਼ਾਂ ਤਕ ਸੀਮਤ ਹਨ। ਇਕ ਅਨੁਮਾਨ ਅਨੁਸਾਰ ਦੇਸ਼ ਅੰਦਰ 2020 ਤਕ 4 ਲੱਖ ਡਾਕਟਰ ਹੋਰ ਚਾਹੀਦੇ ਹਨ ਅਤੇ 10 ਲੱਖ ਨਰਸਾਂ ਦੀ ਘਾਟ ਹੈ। ਉਪਭੋਗਤਾਵਾਦੀ ਸੋਚ ਅਤੇ ਆਪਣੇ ਆਪ ਨੂੰ ਸ੍ਰੇਸ਼ਠ ਦਰਸਾਉਣ ਦੇ ਚੱਕਰਾਂ 'ਚ ਆਮ ਲੋਕਾਂ ਦਾ ਸ਼ੋਸ਼ਣ ਹੋ ਰਿਹਾ ਹੈ। ਜਨਤਕ ਸਿਹਤ ਕੇਂਦਰਾਂ 'ਚ ਮਰੀਜ਼ਾਂ ਨਾਲ ਇਨ੍ਹਾਂ ਦੇ ਦੁਰਵਿਵਹਾਰ ਦੀਆਂ ਖ਼ਬਰਾਂ ਅਕਸਰ ਹੀ ਸੁਰਖੀਆਂ 'ਚ ਆਉਂਦੀਆਂ ਹਨ। ਇਹ ਵੀ ਗੱਲ ਹੈ ਕਿ ਜੋ ਸੇਵਾਂ ਕਰਨ ਦੀ ਇੱਛਾ ਰੱਖਦੇ ਹਨ ਉਹ ਕਦੀ ਵੀ ਆਪਣੇ ਕੰਮ ਤੋਂ ਪਿੱਛੇ ਨਹੀਂ ਰਹਿੰਦੇ। ਨਰਸ ਦਿਵਸ ਮੌਕੇ 'ਤੇ ਪ੍ਰਣ ਲੈਣ ਦੀ ਲੋੜ ਹੈ ਕਿ ਉਹ ਆਪਣਾ ਹਰ ਕਾਰਜ ਮਨੁੱਖਤਾ ਦੀ ਸੇਵਾ 'ਚ ਲਗਾਉਣ ਤੇ ਲੋਕਾਂ ਦੀ ਵੱਧ ਤੋਂ ਵੱਧ ਸੇਵਾ ਕਰਨ। •

# ਲੂ ਤੋਂ ਬਚਾਅ ਲਈ ਮੁੱਢਲੀ ਸਹਾਇਤਾ

***ਸਿਰ ਦਰਦ, ਚੱਕਰ ਆਉਣੇ, ਗੱਸ਼ ਪੈਣੀ, ਸਾਹ ਕਿਰਿਆ ਡੂੰਘੀ, ਰੋਗੀ ਦੀ ਚਮੜੀ ਖ਼ੁਸ਼ਕ ਤੇ ਗਰਮ ਹੋਣੀ, ਚਿਹਰੇ ਦਾ ਰੰਗ ਲਾਲ ਹੋ ਜਾਣਾ ਆਦਿ ਲੂ ਦੀਆਂ ਹੀ ਅਲਾਮਤਾਂ ਹਨ...***



ਨਰੇਸ਼ ਪਠਾਣੀਆ

ਪੰਜਾਬ ਵਿਚ ਇਨ੍ਹਾਂ ਦਿਨਾਂ 'ਚ ਗਰਮੀ ਪੈਣੀ ਸ਼ੁਰੂ ਹੋ ਜਾਂਦੀ ਹੈ ਅਤੇ ਇਨ੍ਹਾਂ ਮਹੀਨਿਆਂ ਦੌਰਾਨ ਲੋਆਂ ਵੀ ਬਹੁਤ ਵਗਦੀਆਂ ਹਨ। ਸਖ਼ਤ ਮਿਹਨਤ ਜਾਂ ਸਾਡੀ ਥੋੜ੍ਹੀ ਜਿਹੀ ਲਾਪਰਵਾਹੀ ਨਾਲ ਗਰਮੀ ਦਾ ਸ਼ਿਕਾਰ ਹੋਣ ਦੀਆਂ ਘਟਨਾਵਾਂ ਅਕਸਰ ਸਾਹਮਣੇ ਆਉਂਦੀਆਂ ਹਨ। ਗੰਭੀਰ ਹਾਲਤਾਂ ਦੌਰਾਨ ਜੇ ਪੀੜਤ ਨੂੰ ਜੇ ਫ਼ੌਰਨ ਮੁੱਢਲੀ ਜਾਂ ਡਾਕਟਰੀ ਸਹਾਇਤਾ ਨਾ ਮਿਲੇ ਤਾਂ ਗਰਮੀ ਜਾਂ ਲੂ ਦਾ ਪ੍ਰਭਾਵ ਜਾਨਲੇਵਾ ਸਾਬਤ ਹੋ ਸਕਦਾ ਹੈ। ਇਨਸਾਨੀ ਸਰੀਰ ਉੱਪਰ ਜਦ ਅਤਿਅੰਤ ਗਰਮੀ ਦਾ ਪ੍ਰਭਾਵ ਪੈਂਦਾ ਹੈ ਤਾਂ ਵੱਖ-ਵੱਖ ਪ੍ਰਤੀਕਿਰਿਆਵਾਂ ਹੁੰਦੀਆਂ ਹਨ। ਸਰੀਰਕ ਤਾਪਮਾਨ ਵਧਣ ਕਰਕੇ ਵਿਅਕਤੀ ਦੇ ਸਰੀਰ 'ਚ ਕਈ ਵੱਡੀਆਂ ਤਬਦੀਲੀਆਂ ਆ ਜਾਂਦੀਆਂ ਹਨ।

### ਥਕਾਵਟ ਨਾਲ ਨਿਢਾਲ ਹੋਣਾ

ਸਰੀਰ ਦਾ ਤਾਪਮਾਨ ਬਹੁਤ ਜ਼ਿਆਦਾ ਵੱਧ ਜਾਣਾ ਜਿਸ ਨੂੰ 'ਹੀਟ ਸਟਰੋਕ' ਵੀ ਕਿਹਾ ਜਾਂਦਾ ਹੈ ਅਤੇ ਇਹ ਸਭ ਤੋਂ ਘਾਤਕ ਅਤੇ ਪੀੜਤ ਅੰਦਰ ਸੰਕਟਕਮਈ ਚਿੰਤਾਜਨਕ ਅਵਸਥਾ ਬਣਾ ਦਿੰਦਾ ਹੈ। ਗਰਮੀ ਤੋਂ ਬਚਣ ਲਈ ਜੇ ਅਸੀਂ ਥੋੜ੍ਹੀ ਜਿਹੀ ਸਾਵਧਾਨੀ ਵਰਤੀਏ ਤਾਂ ਕਾਫ਼ੀ ਹੱਦ ਤਕ ਲੂ ਦੇ ਮਾਰੂ ਪ੍ਰਭਾਵ ਤੋਂ ਬਚਿਆ ਜਾ ਸਕਦਾ ਹੈ। ਗਰਮੀ ਵਿਚ ਹੁੰਮਸ ਅਤੇ ਘੱਟ ਆਕਸੀਜਨ ਵਾਲੇ ਵਾਤਾਵਰਨ 'ਚ ਲਗਾਤਾਰ ਸਰੀਰਕ ਕੰਮ ਕਰਦੇ ਰਹਿਣ ਨਾਲ ਗਰਮੀ ਨਾਲ ਹੰਭ ਕੇ ਅਤਿ ਦਾ ਥਕੇਵਾਂ ਹੋ ਸਕਦਾ ਹੈ। ਜ਼ਿਆਦਾ ਪਸੀਨਾ ਆਉਣ ਕਾਰਨ ਸਰੀਰ 'ਚ ਨਮਕ, ਪਾਣੀ ਤੇ ਤੇਜ਼ਾਬ ਦੀ ਘਾਟ ਹੋ ਜਾਂਦੀ ਹੈ। ਵਿਅਕਤੀ ਬਹੁਤ ਥੱਕਿਆ ਹੋਇਆ ਮਹਿਸੂਸ ਕਰਦਾ ਹੈ। ਪਿਆਸ ਲੱਗਣਾ, ਸਿਰ ਦਰਦ, ਬੇਚੈਨੀ, ਚਿੜਚਿੜਾਪਣ ਆਮ ਅਲਾਮਤਾਂ ਹਨ। ਰੋਗੀ ਦਾ ਸਰੀਰ ਠੰਢਾ, ਪੀਲਾ ਤੇ ਪਸੀਨੇ ਕਾਰਨ ਚਿਪਚਿਪਾ ਹੋ ਜਾਂਦਾ ਹੈ। ਕੁੱਝ ਲੋਕ ਥਕਾਵਟ ਨਾਲ ਬੇਹੋਸ਼ ਵੀ ਹੋ ਜਾਂਦੇ ਹਨ। ਇਸ ਹਾਲਤ ਨੂੰ ਗਰਮੀ ਦੀ ਥਕਾਵਟ ਕਿਹਾ ਜਾਂਦਾ ਹੈ। ਕੁਦਰਤੀ ਤੌਰ 'ਤੇ ਮਨੁੱਖੀ ਸਰੀਰ ਦਾ ਸਾਧਾਰਨ ਤਾਪਮਾਨ 37 ਡਿਗਰੀ ਸੈਂਟੀਗਰੇਡ ਜਾਂ 98.4 ਡਿਗਰੀ ਫਾਰਨਹੀਟ ਰਹਿੰਦਾ ਹੈ। ਹੀਟ ਸਟਰੋਕ ਦੀ ਹਾਲਤ ਵਿਚ ਵਿਅਕਤੀ ਦਾ ਸਰੀਰਕ ਤਾਪਮਾਨ ਵੱਧ ਕੇ 41 ਡਿਗਰੀ ਸੈਂਟੀਗਰੇਡ ਜਾਂ ਇਕਦਮ 106 ਡਿਗਰੀ ਫਾਰਨਹੀਟ ਤਕ ਹੋ ਸਕਦਾ ਹੈ। ਪਸੀਨਾ ਆਉਣਾ ਬੰਦ ਹੋ ਜਾਂਦਾ ਹੈ। ਸਿਰ ਦਰਦ, ਚੱਕਰ ਆਉਣੇ, ਗਸ਼ੀ ਪੈਣੀ, ਸਾਹ ਕਿਰਿਆ ਡੂੰਘੀ, ਪੀੜਤ ਦੀ ਚਮੜੀ ਖ਼ੁਸ਼ਕ ਤੇ ਗਰਮ ਹੁੰਦੀ ਹੈ। ਬੋਲਣ ਅਤੇ ਤੁਰਨ ਤੋਂ ਅਸਮਰੱਥ ਹੋ ਸਕਦਾ ਹੈ। ਚਿਹਰੇ ਦਾ ਰੰਗ ਲਾਲ ਹੋ ਜਾਂਦਾ ਹੈ। ਨਬਜ਼ ਤੇ ਸਾਹ ਤੇਜ਼ ਚਲਣ ਲੱਗਦੇ ਹਨ। ਜੇ ਵੇਲੇ ਸਿਰ ਇਲਾਜ ਨਾ ਹੋ ਸਕੇ ਤਾਂ ਵਿਅਕਤੀ ਬੇਹੋਸ਼ੀ ਵਿਚ ਜਾ ਸਕਦਾ ਹੈ ਜਾਂ ਬਰੇਨ ਹੈਮਰੇਜ਼ ਵਰਗੀ ਗੰਭੀਰ ਸਥਿਤੀ ਉਪਰੰਤ ਮੌਤ ਵੀ ਹੋ ਸਕਦੀ ਹੈ। ਹੀਟ ਸਟਰੋਕ ਬਹੁਤੀ ਗਰਮੀ ਵਿਚ ਧੁੱਪੇ ਤੁਰਨ-ਫਿਰਨ ਜਾਂ ਜ਼ਿਆਦਾ ਸਰੀਰਕ ਕੰਮ ਕਰਨ, ਬੁਢਾਪਾ, ਸ਼ਰਾਬੀ ਹਾਲਤ, ਦਿਲ ਤੇ ਫੇਫੜਿਆਂ ਦੇ ਰੋਗੀਆਂ ਵਿਚ ਜ਼ਿਆਦਾ ਹੁੰਦਾ ਹੈ। ਗਰਮ ਵਾਤਾਵਰਨ ਵਿਚ ਭਾਰੀ ਕਸਰਤ ਜਾਂ ਸਰੀਰਕ ਕੰਮ ਕਰਨ ਨਾਲ ਪਸੀਨੇ ਰਾਹੀਂ ਜ਼ਿਆਦਾ ਮਾਤਰਾ ਵਿਚ ਲੂਣ ਨਿਕਲ ਜਾਣ ਕਰਕੇ ਪੱਠਿਆਂ, ਖ਼ਾਸ ਕਰ ਲੱਤਾਂ ਤੇ ਪੇਟ ਦੇ ਪੱਠਿਆਂ ਵਿਚ ਦੁੱਖਦਾਈ ਕੜੱਲ ਵੀ ਪੈਂਦੇ ਹਨ। ਗਰਮੀ ਤੋਂ ਪੈਦਾ ਹੋਏ ਇਨ੍ਹਾਂ ਕੜੱਲਾਂ ਨੂੰ ਉਦੋਂ ਆਰਾਮ ਆਉਂਦਾ ਹੈ ਜਦੋਂ ਸਰੀਰ ਵਿੱਚੋਂ ਨਿਕਲ ਚੁੱਕੇ ਲੂਣ ਦਾ ਘਾਟਾ ਪੂਰਾ ਹੋ ਜਾਵੇ। ਲੂ ਲੱਗਣ ਦੀ ਹਾਲਤ 'ਚ ਮਰੀਜ਼ ਨੂੰ ਤੁਰੰਤ ਫਸਟ ਏਡ ਅਤੇ ਡਾਕਟਰੀ ਸਹਾਇਤਾ ਮਿਲਣੀ ਜ਼ਰੂਰੀ ਹੈ ਨਹੀਂ ਤਾਂ ਹਾਲਤ ਗੰਭੀਰ ਹੋ ਸਕਦੀ ਹੈ। ਤੁਰੰਤ ਅਸਰਦਾਰ ਉੱਪਰਾਲੇ ਕਰਕੇ ਰੋਗੀ ਦੀ ਜਾਨ ਬਚਾਈ ਜਾ ਸਕਦੀ ਹੈ। ਤੁਰੰਤ ਕੀਤੀ ਜਾਣ ਵਾਲੀ ਫਸਟ ਏਡ ਵਿਚ ਪੀੜਤ ਨੂੰ ਠੰਢੇ ਵਾਤਾਵਰਨ ਵਿਚ ਲੈ ਜਾਓ ਅਤੇ ਲਿਟਾ ਦਿਓ। ਧਿਆਨ ਰੱਖੋ ਕਿ ਸਿਰ ਵਾਲਾ ਪਾਸਾ ਉੱਚਾ ਰਹੇ। ਜੇ ਪੀੜਤ ਉਲਟੀਆਂ ਨਹੀਂ ਕਰ ਰਿਹਾ ਤਾਂ ਉਸ ਨੂੰ ਪਿੱਠ ਦੇ ਭਾਰ ਲਿਟਾਓ। ਜੇ ਉਲਟੀਆਂ ਜਾਂ ਦੌਰੇ ਦੀ ਸਥਿਤੀ ਹੈ ਤਾਂ ਉਸ ਨੂੰ ਵੱਖੀ-ਭਾਰ ਜਾਂ ਰਿਕਵਰੀ ਪੁਜੀਸ਼ਨ 'ਚ ਲਿਟਾਓ। ਰੋਗੀ ਦੇ ਤੰਗ ਕੱਪੜੇ ਢਿੱਲੇ ਕਰ ਦਿਓ ਜਾਂ ਉਤਾਰ ਦਿਓ। ਸਿਰ ਅਤੇ ਮੱਥੇ 'ਤੇ ਠੰਢੇ ਪਾਣੀ ਦੇ ਤੌਲੀਏ ਰੱਖੋ। ਕਮਰੇ 'ਚ ਪੱਖਾ ਜਾਂ ਕੂਲਰ ਚਲਾ ਦਿਓ ਤਾਂ ਕਿ ਵਧਦੇ ਤਾਪਮਾਨ ਨੂੰ ਕੰਟਰੋਲ ਕੀਤਾ ਜਾ ਸਕੇ। ਠੰਢੇ ਪਾਣੀ ਦੀਆਂ ਪੱਟੀਆਂ ਨਾਲ ਸਰੀਰ ਸਪੰਜ ਕਰੋ। ਸਰੀਰ ਉੱਪਰ ਗਿੱਲਾ ਪਤਲਾ ਕੱਪੜਾ ਵੀ ਦਿੱਤਾ ਜਾ ਸਕਦਾ ਹੈ। ਪੀੜਤ ਨੂੰ ਬਹੁਤੀ ਠੰਢ ਨਾ ਲੱਗੇ ਇਸ ਗੱਲ ਦਾ ਧਿਆਨ ਰੱਖਣਾ ਚਾਹੀਦਾ ਹੈ। ਮਰੀਜ਼ ਦੀ ਹਰ ਦਸ ਮਿੰਟ ਬਾਅਦ ਜਾਂਚ ਕਰੋ ਅਤੇ ਜਦੋਂ ਇਹ ਤਾਪਮਾਨ 38 ਡਿਗਰੀ ਸੈਂਟੀਗਰੇਡ ਜਾਂ 101 ਡਿਗਰੀ ਫਾਰਨਹੀਟ ਤਕ ਪੁੱਜ ਜਾਵੇ ਤਾਂ ਇਹ ਤਰੀਕਾ ਬੰਦ ਕਰ ਦਿਓ। ਪੀੜਤ ਨੂੰ ਠੰਢੇ ਪਾਣੀ 'ਚ ਨਮਕ, ਚੀਨੀ ਅਤੇ ਨਿੰਬੂ ਪਾਕੇ ਸ਼ਿਕੰਜਵੀ ਦਿਓ। ਜੂਸ, ਲੱਸੀ ਵਗੈਰਾ ਵੀ ਦਿੱਤੀ ਜਾ ਸਕਦੀ ਹੈ। ਬੇਹੋਸ਼ੀ ਦੀ ਹਾਲਤ ਵਿਚ ਮੂੰਹ ਰਾਹੀਂ ਕੋਈ ਵੀ ਤਰਲ ਪਦਾਰਥ ਪੀਣ ਲਈ ਨਾ ਦਿਓ। ਇਸ ਤਰ੍ਹਾਂ ਕਰਨ ਨਾਲ ਪਾਣੀ ਸਾਹ ਨਾਲੀ ਵਿਚ ਜਾ ਕੇ ਸਾਹ ਦੀ ਰੁਕਾਵਟ ਪੈਦਾ ਕਰ ਸਕਦਾ ਹੈ। ਇਸ ਨੂੰ ਅਣਗੌਲਿਆ ਨਹੀਂ ਕਰਨਾ ਚਾਹੀਦਾ।

• ਮੋ: 98557-00157

### ਗਰਮੀ ਦੀ ਥਕਾਵਟ

*ਬੇਹੋਸ਼ ਵਿਅਕਤੀ ਨੂੰ ਕਿਸੇ ਠੰਢੀ, ਹਵਾਦਾਰ ਜਗ੍ਹਾ 'ਤੇ ਇਸ ਤਰ੍ਹਾਂ ਲਿਟਾਉਣਾ ਚਾਹੀਦਾ ਹੈ ਕਿ ਉਸ ਦੇ ਪੈਰ ਬਾਕੀ ਸਰੀਰ ਨਾਲੋਂ ਉੱਚੇ ਹੋਣ। ਤੰਗ ਕੱਪੜੇ ਢਿੱਲੇ ਕਰੋ ਅਤੇ ਪਸੀਨਾ ਪੂੰਝ ਦਿਓ। ਬੇਹੋਸ਼ੀ ਦੀ ਹਾਲਤ ਵਿਚ ਮੂੰਹ ਰਾਹੀਂ ਕੋਈ ਵੀ ਤਰਲ ਪਦਾਰਥ ਨਾ ਦਿਓ। ਹੋਸ਼ ਵਿਚ ਆਉਣ 'ਤੇ ਸ਼ਿਕੰਜਵੀ, ਜੂਸ ਜਾਂ ਲੱਸੀ ਦਿੱਤੀ ਜਾ ਸਕਦੀ ਹੈ।*

### ਸਾਵਧਾਨੀਆਂ

ਕੜਾਕੇ ਦੀ ਧੁੱਪ 'ਚ ਜਿੱਥੋਂ ਤਕ ਸੰਭਵ ਹੋਵੇ ਘਰੋਂ ਬਾਹਰ ਨਹੀਂ ਨਿਕਲਣਾ ਚਾਹੀਦਾ। ਨਿਰਜਲੀਕਰਨ ਤੋਂ ਬਚਣ ਲਈ ਤੇਜ਼ ਧੁੱਪ ਵਿਚ ਬਾਹਰ ਨਿਕਲੋਂ ਤਾਂ ਕਾਫ਼ੀ ਪਾਣੀ ਪੀ ਕੇ ਬਾਹਰ ਜਾਓ। ਲੂ ਤੋਂ ਬਚਣ ਲਈ ਪੇਟ ਵਿਚ ਪਾਣੀ ਨਾ ਘਟਣ ਦਿਓ ਕਿਉਂਕਿ ਪਸੀਨੇ ਰਾਹੀਂ ਕਾਫੀ ਮਾਤਰਾ 'ਚ ਪਾਣੀ ਅਤੇ ਨਮਕ ਬਾਹਰ ਆਉਂਦਾ ਹੈ। ਬਹੁਤੀ ਮਾਤਰਾ ਵਿਚ ਪਾਣੀ ਪੀਓ। ਹਰ 20 ਮਿੰਟ ਪਿੱਛੋਂ ਇਕ ਗਲਾਸ ਪਾਣੀ ਪੀਓ। ਗਰਮੀਆਂ ਵਿਚ ਚਾਹ, ਕਾਫ਼ੀ ਦੀ ਵਰਤੋਂ ਘੱਟ ਜਾਂ ਬੰਦ ਕਰ ਦੇਣਾ ਹੀ ਬਿਹਤਰ ਹੈ। ਸਾਫ਼ ਪਾਣੀ ਅਤੇ ਹੋਰ ਤਰਲ ਪਦਾਰਥਾਂ ਦੀ ਵਰਤੋਂ ਵੱਧ ਕਰੋ। ਧੁੱਪ 'ਚ ਬਾਹਰ ਜਾਣ ਵੇਲੇ ਚੰਗੀ ਕਿਸਮ ਦੀਆਂ ਐਨਕਾਂ ਦੀ ਵਰਤੋਂ ਕਰੋ। ਸਿਰ ਉੱਪਰ ਤੌਲੀਆ ਜ਼ਰੂਰ ਰੱਖੋ। ਚਮੜੀ 'ਤੇ ਸਨਸਕ੍ਰੀਨ ਕਰੀਮ ਦੀ ਵਰਤੋਂ ਚਮੜੀ ਨੂੰ ਝੁਲਸਣ ਤੋਂ ਬਚਾਉਂਦੀ ਹੈ। ਸਨ ਬਰਨਜ਼ ਤੋਂ ਬਚਣ ਲਈ ਸਰੀਰ ਦੇ ਜ਼ਿਆਦਾਤਰ ਹਿੱਸੇ ਨੂੰ ਢੱਕ ਕੇ ਰੱਖੋ। ਲੂ ਤੋਂ ਬਚਾਉ ਲਈ ਹਮੇਸ਼ਾ ਮੌਸਮ ਦੀ ਤਬਦੀਲੀ ਨਾਲ ਹੀ ਆਪਣੇ ਖਾਣ-ਪੀਣ 'ਚ ਤਬਦੀਲੀ ਕਰੋ। ਭੋਜਨ ਵਿਚ ਜਲਦੀ ਪਚਣ ਵਾਲੇ ਠੰਢੇ ਤਰਲ, ਦਹੀਂ, ਲੱਸੀ, ਸਲਾਦ ਆਦਿ ਦੀ ਵਰਤੋਂ ਕਰੋ। ਤੇਜ਼ ਮਸਾਲੇਦਾਰ, ਗਰਮੀ ਵਾਲੇ ਭੋਜਨ ਨਾ ਖਾਓ, ਬਜ਼ਾਰੂ ਗੰਦੇ ਜੂਸ, ਕੁਲਫੀਆਂ, ਫਲਾਂ ਦੀ ਚਾਟ, ਬਾਜ਼ਾਰ ਦੀ ਗੰਦੀ ਬਰਫ਼ ਦਾ ਘੱਟ ਇਸਤੇਮਾਲ ਕਰੋ, ਕੱਟ ਕੇ ਰੱਖੇ ਅਣਢਕੇ ਫਲ ਗਲੀਆਂ ਸੜੀਆਂ ਸਬਜ਼ੀਆਂ ਅਤੇ ਫਲ ਨਾ ਖਾਓ। ਸਫ਼ਾਈ ਦਾ ਵਿਸ਼ੇਸ਼ ਧਿਆਨ ਰੱਖੋ, ਗਰਮੀਆਂ ਵਿਚ ਸਾਫ਼ ਸੁਥਰੇ, ਹਲਕੇ ਰੰਗ ਦੇ, ਖੁੱਲ੍ਹੇ ਅਤੇ ਹਵਾਦਾਰ ਸੂਤੀ ਕੱਪੜੇ ਪਾਉਣੇ ਚਾਹੀਦੇ ਹਨ। ਜਿੱਥੋਂ ਤਕ ਸੰਭਵ ਹੋ ਸਕੇ ਸਿਰ ਉੱਪਰ ਸਿੱਧੀ ਧੁੱਪ ਨਹੀਂ ਪੈਣ ਦੇਣੀ ਚਾਹੀਦੀ। ਇਸ ਲਈ ਛਤਰੀ ਆਦਿ ਦੀ ਵਰਤੋਂ ਲਾਹੇਵੰਦ ਸਿੱਧ ਹੋ ਸਕਦਾ ਹੈ।



# ਅੱਖਾਂ ਦਾ ਰੱਖੋ ਖ਼ਾਸ ਖ਼ਿਆਲ

ਅੱਜਕੱਲ੍ਹ ਬਹੁਤ ਸਾਰੇ ਲੋਕਾਂ ਦੀ ਨਜ਼ਰ ਕਮਜ਼ੋਰ ਹੋ ਰਹੀ ਹੈ। ਇਸ ਲਈ ਮੋਟੇ-ਮੋਟੇ ਸ਼ੀਸ਼ੇ ਵਾਲੀਆਂ ਐਨਕਾਂ ਛੱਡ ਕੇ ਲੈਂਨਜ਼ ਲਗਾਉਣ ਦਾ ਟਰੈਂਡ ਜ਼ਿਆਦਾ ਵੱਧ ਰਿਹਾ ਹੈ। ਇਸ ਨੂੰ ਲਗਾਉਣ ਤੋਂ ਬਾਅਦ ਤੁਸੀਂ ਆਰਾਮ ਨਾਲ ਤਾਂ ਰਹਿੰਦੇ ਹਨ ਪਰ ਇਸਦਾ ਅੱਖਾਂ 'ਤੇ ਬੁਰਾ ਪ੍ਰਭਾਵ ਵੀ ਪੈਂਦਾ ਹੈ। ਇਸ ਲਈ ਇਸ ਦੀ ਵਰਤੋਂ ਤੋਂ ਪਹਿਲਾਂ ਕੁੱਝ ਗੱਲਾਂ ਦਾ ਪਤਾ ਹੋਣਾ ਜ਼ਰੂਰੀ ਹੈ। ਅੱਖਾਂ ਵਿਚ ਇਨਫੈਕਸ਼ਨ ਹੋਣ 'ਤੇ ਇਸ ਦਾ ਇਸਤਮਾਲ ਨਹੀਂ ਕਰਨਾ ਚਾਹੀਦਾ ਕਿਉਂਕਿ ਜਦੋਂ ਅੱਖ ਵਿਚ ਕੋਈ ਇਨਫੈਕਸ਼ਨ ਹੋਵੇ ਤਾਂ ਫਿਰ ਇਸ ਦੀ ਵਰਤੋਂ ਕਰਨ ਨਾਲ ਤੁਹਾਡੀਆਂ ਅੱਖਾਂ ਨੂੰ ਹੋਰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ।



### ਅੱਖਾਂ ਦਾ ਲਾਲ ਹੋਣਾ

*ਸਾਡੀਆਂ ਅੱਖਾਂ ਬਹੁਤ ਹੀ ਅਨਮੋਲ ਹੁੰਦੀਆਂ ਹਨ ਤੇ ਇਸ ਵਿਚ ਇਨਫੈਕਸ਼ਨ ਦਾ ਡਰ ਰਹਿੰਦਾ ਹੈ। ਜੇ ਤੁਸੀਂ ਵੀ ਲੈਨਜ਼ ਲਗਾਉਂਦੇ ਹੋ ਤਾਂ ਉਸ ਨੂੰ ਚੰਗੀ ਤਰ੍ਹਾਂ ਸਫ਼ਾਈ ਵਾਲੇ ਹੱਥਾਂ ਨਾਲ ਲਗਾਓ ਤੇ ਲੈਨਜ਼ ਨੂੰ ਕੱਢਣ ਤੋਂ ਬਾਅਦ ਉਸ ਨੂੰ ਉਸਦੇ ਸਲੂਸ਼ਨ ਵਿਚ ਰੱਖੋ। ਤੁਹਾਡੇ ਲੈਂਨਜ਼ ਤੇ ਕੋਈ ਵੀ ਬਾਰੀਕ ਕਣ ਲੱਗਾ ਹੋਵੇ ਤਾਂ ਉਸ ਨਾਲ ਤੁਹਾਡੀ ਅੱਖ ਲਾਲ ਹੋਣ ਦਾ ਖ਼ਤਰਾ ਹੁੰਦਾ ਹੈ।*

### ਅੱਖਾਂ ਦਾ ਖ਼ੁਸ਼ਕ ਹੋਣਾ

ਲੈਨਜ਼ ਦੀ ਵਰਤੋਂ ਜ਼ਿਆਦਾ ਲੰਬੇ ਸਮੇਂ ਤਕ ਨਹੀਂ ਕਰਨੀ ਚਾਹੀਦੀ। ਕੁੱਝ ਲੋਕ ਜ਼ਿਆਦਾ ਲੰਬੇ ਸਮੇਂ ਤਕ ਲੈਨਜ਼ ਦੀ ਵਰਤੋਂ ਕਰਦੇ ਹਨ ਜਿਸ ਕਾਰਨ ਅੱਖਾਂ ਖ਼ੁਸ਼ਕ ਹੋ ਜਾਂਦੀਆਂ ਹਨ। ਇਸ ਤੋਂ ਇਲਾਵਾ ਲੈਂਨਜ਼ ਉਤਾਰਣ ਤੋਂ ਬਾਅਦ ਵੀ ਅੱਖਾਂ ਵਿਚ ਜਲਨ ਹੋਣ ਲੱਗ ਜਾਂਦੀ ਹੈ।

### ਅੱਖਾਂ 'ਚ ਪਾਣੀ ਆਉਣਾ

ਸੋਫਟ ਲੈਂਨਜ਼ ਜ਼ਿਆਦਾਤਰ ਇਸਤੇਮਾਲ ਕਰਨ ਨਾਲ ਅੱਖਾਂ ਵਿਚ ਇੰਟਰਾਕੁਲਰ ਨਾਂ ਦਾ ਤਰਲ ਪਦਾਰਥ ਬਣਨ ਲੱਗ ਜਾਂਦਾ ਹੈ ਅਤੇ ਇਹ ਅੱਖਾਂ ਦੀ ਰੇਟੀਨਾ ਤੇ ਇੱਕਠਾ ਹੋਣ ਲੱਗ ਜਾਂਦਾ ਹੈ। ਇਸ ਨਾਲ ਅੱਖਾਂ ਵਿਚ ਇਨਫੈਕਸ਼ਨ ਹੋਣ ਦਾ ਡਰ ਰਹਿੰਦਾ ਹੈ।

### ਸੋਜ਼ਿਸ਼ ਦੀ ਸਮੱਸਿਆ

ਜੇ ਤੁਸੀਂ ਪਲਾਸਟਿਕ ਜਾਂ ਸਿਲੀਕੋਨ ਲੈਂਨਜ਼ ਦੀ ਵਰਤੋਂ ਕਰਦੇ ਹੋ ਤਾਂ ਅੱਖਾਂ ਦੀਆਂ ਪਲਕਾਂ ਵਿਚ ਸੋਜ ਪੈ ਜਾਂਦੀ ਹੈ।

# ਫ਼ਾਇਦੇਮੰਦ ਹੈ ਰੇਸ਼ੇਦਾਰ ਭੋਜਨ

ਜੇ ਤੁਸੀਂ ਰੇਸ਼ੇਦਾਰ ਭੋਜਨ ਕਰਨ ਦੇ ਆਦੀ ਹੋ ਤਾਂ ਕਈ ਤਕਲੀਫ਼ਾਂ ਤੋਂ ਬਚੇ ਰਹੋਗੇ। ਤੁਸੀਂ ਆਪਣੇ ਭੋਜਨ ਵਿਚ ਰੇਸ਼ੇ ਦੀ ਵੱਡੀ ਮਾਤਰਾ ਲੈ ਰਹੇ ਹੋ ਤਾਂ ਤੁਹਾਨੂੰ ਵੱਡੀ ਅੰਤੜੀ ਦਾ ਕੈਂਸਰ ਨਹੀਂ ਹੋਵੇਗਾ। ਹਰਨੀਆਂ ਨੂੰ ਵੀ ਰੇਸ਼ੇਦਾਰ ਭੋਜਨ ਕਰਕੇ ਰੋਕਿਆ ਜਾ ਸਕਦਾ ਹੈ। ਅਫਰੀਕੀ ਲੋਕਾਂ ਨੂੰ ਇਹ ਰੋਗ ਬਹੁਤ ਘੱਟ ਹੁੰਦੇ, ਕਿਉਂਕਿ ਉਹ ਲੋਕ ਰੇਸ਼ੇਦਾਰ ਭੋਜਨ ਵੱਧ ਮਾਤਰਾ ਵਿਚ ਲੈਂਦੇ ਹਨ। ਸ਼ਾਕਾਹਾਰੀਆਂ ਦੇ ਭੋਜਨ ਵਿਚ ਮਾਸਾਹਾਰੀਆਂ ਦੇ ਮੁਕਾਬਲੇ ਜ਼ਿਆਦਾ ਰੇਸ਼ੇ ਹੁੰਦੇ ਹਨ।

- ਸਿਹਤ ਵਿਗਿਆਨੀਆਂ ਦਾ ਕਹਿਣਾ ਹੈ ਕਿ ਦਫ਼ਤਰ ਆਦਿ ਵਿਚ ਵਰਕਰਾਂ ਨੂੰ ਜਿਵੇਂ ਘੰਟਿਆਂ ਬੱਧੀ ਸਿੱਧੀ ਕੁਰਸੀ 'ਤੇ ਬੈਠ ਕੇ ਕੰਮ ਕਰਨਾ ਪੈਂਦਾ ਹੈ। ਇਸ ਨਾਲ ਕਈ ਤਰ੍ਹਾਂ ਦੀਆਂ ਮੁਸੀਬਤਾਂ ਪੈਦਾ ਹੋ ਸਕਦੀਆਂ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜਦੋਂ ਅਸੀਂ ਲੰਬੇ ਸਮੇਂ ਤਕ ਸਿੱਧੇ ਬੈਠਦੇ ਹਾਂ ਰੀੜ੍ਹ ਦੀ ਹੱਡੀ 'ਤੇ ਬਹੁਤ ਦਬਾਅ ਪੈਂਦਾ ਹੈ ਅਤੇ ਇਹ ਹੱਡੀ ਹੌਲੀ-ਹੌਲੀ 'ਸੀ' ਆਕਾਰ 'ਚ ਆ ਜਾਂਦੀ ਹੈ। ਜਿਹੜੀ ਨੁਕਸਾਨਦੇਹ ਹੈ ਅਤੇ ਪਿੱਠ ਦਰਦ ਦਾ ਕਾਰਨ ਬਣ ਜਾਂਦੀ ਹੈ। ਦਫ਼ਤਰਾਂ 'ਚ ਆਰਾਮ ਕੁਰਸੀਆਂ ਰੱਖੀਆਂ ਜਾਣ, ਜਿਸ ਨਾਲ ਦਿਲ, ਪਾਚਨ ਪ੍ਰਣਾਲੀ ਅਤੇ ਰੀੜ੍ਹ ਦੀ ਹੱਡੀ 'ਤੇ ਦਬਾਅ ਨਹੀਂ ਪਵੇਗਾ।



- ਭਾਰ ਘੱਟ ਕਰਨ ਦਾ ਸਭ ਤੋਂ ਵਧੀਆ ਤਰੀਕਾ ਹੈ ਕੇ ਭੋਜਨ ਤੋਂ ਅੱਧਾ ਘੰਟਾ ਪਹਿਲਾਂ ਜੂਸ ਪੀਓ ਤਾਂ ਜੋ ਬਾਅਦ ਵਿਚ ਭੋਜਨ ਘੱਟ ਖਾਧਾ ਜਾਵੇ। ਇਕ ਸੋਧ ਤੋਂ ਇਹ ਵੀ ਸਾਹਮਣੇ ਆਇਆ ਹੈ ਕਿ ਫਲ਼ਾਂ ਤੋਂ ਪ੍ਰਾਪਤ ਸ਼ੂਗਰ ਫਰਕਟੋਸ ਭੁੱਖ ਘੱਟ ਕਰਨ ਵਾਲੀ ਇਕ ਚੰਗੀ ਦਵਾ ਹੈ। ਫਲ਼ਾਂ ਦਾ ਰਸ ਕਈ ਰੋਗ ਜਿਵੇਂ ਅਸਥਮਾ, ਡਾਇਬਟੀਜ਼, ਕਬਜ਼ ਆਦਿ ਨੂੰ ਦੂਰ ਕਰਨ ਵਿਚ ਸਹਾਈ ਹੁੰਦਾ ਹੈ।

• ਸੁਖਮੰਦਰ ਸਿੰਘ ਤੂਰ

# ਐੱਚਬੀਓਟੀ ਥੈਰੇਪੀ



ਡਾ. ਹਰਿੰਦਰਪਾਲ ਸਿੰਘ

ਅੱਜ ਕੱਲ੍ਹ ਦੇ ਬਦਲਦੇ ਦੌਰ ਵਿਚ ਗ਼ਲਤ ਖਾਣ-ਪੀਣ ਕਾਰਨ ਖਾਣੇ ਦੇ ਪਾਚਨ ਤੋਂ ਇਕ ਚਿਕਨਾ ਪਦਾਰਥ ਬਣਦਾ ਹੈ ਜਿਸਨੂੰ ਕਿ ਪਲੈਕ ਕਿਹਾ ਜਾਂਦਾ ਹੈ। ਇਹ ਪਲੈਕ ਫਿਰ ਦਿਲ ਦੀਆਂ ਧਮਣੀਆਂ ਦੀਆਂ ਬਿਮਾਰੀਆਂ ਦਾ ਕਾਰਨ ਬਣਦਾ ਹੈ ਪਰ ਮੈਂ ਇੱਥੇ ਅਸਲੀ ਦੁਸ਼ਮਣ ਦੀ ਗੱਲ ਕਰ ਰਿਹਾ ਹਾਂ ਜੋ ਕਿ ਸ਼ੂਗਰ, ਦਿਲ ਦੇ ਰੋਗ ਆਰਥਰਾਇਟਸ, ਅਲਜਾਈਮਰ ਬਲੱਡ ਪ੍ਰੈਸ਼ਰ ਅਤੇ ਕੈਂਸਰ ਆਦਿ ਵਰਗੇ ਅਨੇਕਾਂ ਭਿਆਨਕ ਰੋਗਾਂ ਲਈ ਜ਼ਿੰਮੇਵਾਰ ਹੈ। ਇਹ ਰੋਗ ਕਿਸੇ ਕੋਲੈਸਟ੍ਰੋਲ ਜਾਂ ਸਿਰਫ਼ ਕਿਸੇ ਜੀਨ ਦੀ ਖ਼ਰਾਬੀ ਕਰਕੇ ਨਹੀਂ ਹੁੰਦੇ ਜਿਵੇਂ ਕਿ ਸਮਝਿਆ ਜਾਂਦਾ ਹੈ। ਇਨ੍ਹਾਂ ਰੋਗਾਂ ਦਾ ਮੁੱਖ ਕਾਰਨ ਹੈ ਸੋਜਸ਼ ਜਾਂ ਜਲਣ ਜਿਸ ਨੂੰ ਕਿ ਇਨਫਲੇਮੇਸ਼ਨ ਕਿਹਾ ਜਾਂਦਾ ਹੈ ਇਹ ਇਨਫਲੇਮੇਸ਼ਨ ਹੀ ਸਾਰੇ ਦਰਦਾਂ ਦਾ ਕਾਰਨ ਬਣਦੀ ਹੈ। ਅੱਜ ਇਸ ਵਿਸ਼ੇ 'ਤੇ ਕਾਫੀ ਵਿਗਿਆਨਕ ਖੋਜ ਕੇਂਦਰਿਤ ਹੋ ਚੁੱਕੀ ਹੈ ਕਿ ਕਿਵੇਂ ਇਨਫਲੇਮੇਸ਼ਨ ਸਰੀਰ 'ਤੇ ਹਮਲਾ ਕਰਦੀ ਹੈ ਅਤੇ ਕਿਵੇਂ ਐੱਚਬੀਓਟੀ ਥੈਰੇਪੀ ਇਸ ਨੂੰ ਉਸ ਥਾਂ 'ਤੇ ਹੀ ਖ਼ਤਮ ਕਰ ਦਿੰਦੀ ਹੈ।

### ਹਾਈਪਰਬੇਰਿਕ ਚੈਂਬਰ ਦੀ ਮਹੱਤਤਾ

ਅੱਜ ਦੇ ਮਾਡਰਨ ਜ਼ਮਾਨੇ ਵਿਚ ਇਨਫਲੇਮੇਸ਼ਨ 'ਤੇ ਜਿੱਤ ਹਾਸਲ ਕਰਨ ਨੂੰ ਹੀ ਐਂਟੀ ਏਜਿੰਗ ਦਾ ਥੰਮ ਮੰਨਿਆ ਜਾਂਦਾ ਹੈ। ਕੁੱਝ ਅਗਾਂਹਵਧੂ ਸੋਚ ਵਾਲੇ ਡਾਕਟਰ ਅਤੇ ਸਾਇੰਸਦਾਨ ਪਿਛਲੇ ਤੀਹ ਸਾਲ ਤੋਂ ਇਸ ਥੈਰੇਪੀ ਦਾ ਇਸਤੇਮਾਲ ਕਰਦੇ ਆ ਰਹੇ ਹਨ। ਜਿਸ ਦੌਰਾਨ ਮਰੀਜ਼ ਨੂੰ ਆਕਸੀਜਨ ਨਾਲ ਭਰੇ ਹਾਈਪਰਬੇਰਿਕ ਚੈਂਬਰ ਵਿਚ ਬਿਠਾ ਕਿ 1.5 ਟਾਈਮ ਨਾਰਮਲ ਆਟਮੋਸਫੇਰਿਕ ਦਬਾਅ ਤੇ ਸਾਹ ਕਿਰਿਆ ਕਰਵਾਈ ਜਾਂਦੀ ਹੈ। ਇਹ ਥੈਰੇਪੀ ਸੈਰੇਬਰਲ ਪਾਲਸੀ ਤੋਂ ਪ੍ਰਭਾਵਿਤ ਬੱਚੇ ਅਤੇ ਖੇਡਾਂ ਦੌਰਾਨ ਲੱਗਣ ਵਾਲੀਆਂ ਸੱਟਾਂ ਵਿਚ ਕਾਫੀ ਕਾਰਗਰ ਸਾਬਿਤ ਹੋਈ ਹੈ। ਅੱਜ ਹਰ ਵਿਅਕਤੀ ਸਰੀਰ ਵਿਚ ਆਕਸੀਜਨ ਦੇ ਘੱਟ ਪੱਧਰ ਤੋਂ ਪੀੜਤ ਹੁੰਦਾ ਜਾ ਰਿਹਾ ਹੈ। ਇਸਦੇ ਘੱਟ ਪੱਧਰ ਬਾਰੇ ਸਾਡੇ ਸਰੀਰ ਵਿਚ ਉਪਰੋਕਤ ਲੱਛਣ ਦਿਸਣ ਲੱਗ ਪੈਂਦੇ ਜਿਵੇਂ ਕਿ ਥਕਾਵਟ, ਦਰਦਾਂ, ਸਿਰਦਰਦ, ਦਿਮਾਗ਼ੀ ਧੁੰਦ, ਅਤੇ ਕਈ ਵਾਰ ਭਾਰ ਦਾ ਵਧਣਾ ਆਦਿ ਜੇ ਅਸੀਂ ਇਸਨੂੰ ਕੰਟਰੋਲ ਨਹੀਂ ਕਰਦੇ ਤਾਂ ਇਹ ਹਾਈਪੋਕਸੀਆ ਦਾ ਕਾਰਨ ਬਣਦੀ ਹੈ ਜੋ ਕਿ ਆਕਸੀਜਨ ਦੇ ਨਿਊਨਤਮ ਪੱਧਰ ਦੀ ਇਕ ਸੀਰੀਅਸ ਹਾਲਤ ਹੈ ਅਤੇ ਇਸਦਾ ਸੰਬੰਧ ਦਿਮਾਗ਼ ਦਾ ਕਮਜ਼ੋਰ ਹੋਣਾ ਅਤੇ ਕੈਂਸਰ ਆਦਿ।

### ਕੈਂਸਰ ਦਾ ਮੁੱਖ ਕਾਰਨ

ਜਦੋਂ ਸੈੱਲਾਂ ਵਿਚ ਆਕਸੀਜਨ ਦੀ ਸਪਲਾਈ 60 ਫ਼ੀਸਦੀ ਤੋਂ ਘੱਟ ਜਾਵੇ ਤਾਂ ਕੈਂਸਰ ਹੋ ਜਾਂਦਾ ਹੈ। ਕੈਂਸਰ ਹੋਣ ਦੇ ਮੁੱਖ ਦੋ ਹੀ ਕਾਰਨ ਹਨ। ਸੈੱਲਾਂ ਵਿਚ ਆਕਸੀਜਨ ਦਾ ਪੱਧਰ ਘੱਟ ਜਾਣਾ ਅਤੇ ਵੱਧ ਤੇਜ਼ਾਬੀ ਮਾਦੇ ਦਾ ਇਕੱਠਾ ਹੋ ਜਾਣਾ। ਅੱਜ ਸੰਸਾਰ ਵਿਚ ਹਜ਼ਾਰਾਂ ਡਾਕਟਰ ਆਕਸੀਜਨ ਥਰੈਪੀ ਨਾਲ ਕੈਂਸਰ ਦੇ ਮਰੀਜ਼ਾਂ ਦਾ ਇਲਾਜ ਕਰ ਰਹੇ ਹਨ ਕਿਉਂਕਿ ਆਕਸੀਜਨ ਨੂੰ ਨਾ ਤਾਂ ਪੇਟੈਂਟ ਕਰਵਾਇਆ ਜਾ ਸਕਦਾ ਹੈ ਅਤੇ ਨਾ ਹੀ ਇਸ ਤੋਂ ਜ਼ਿਆਦਾ ਕਮਾਈ ਕੀਤੀ ਜਾ ਸਕਦੀ ਹੈ। ਆਕਸੀਜਨ ਦਾ ਪੱਧਰ ਘਟਣ ਦੇ ਕਈ ਕਾਰਨ ਹਨ ਜਿਵੇਂ ਤਣਾਅ, ਚਿੰਤਾ , ਡਰ, ਦਬਾਅ, ਅਨੀਮੀਆ, ਸਿਗਰਟਨੋਸ਼ੀ , ਜ਼ਿਆਦਾ ਸ਼ਰਬ ਆਦਿ ਦਾ ਸੇਵਨ ਅਤੇ ਸਾਹ ਲੈਣ ਦਾ ਗ਼ਲਤ ਤਰੀਕਾ ਆਦਿ। ਇਸ ਥਰੈਪੀ ਦਾ ਇਸਤੇਮਾਲ 1930 ਤੋਂ ਕੀਤਾ ਜਾ ਰਿਹਾ ਹੈ। ਉਸ ਟਾਈਮ ਇਹ ਸਮੁੰਦਰ ਵਿਚ ਜਾਣ ਵਾਲੇ ਗੋਤਾਖੋਰਾਂ ਦੇ ਇਲਾਜ ਲਈ ਇਸਤੇਮਾਲ ਕੀਤੀ ਜਾਂਦੀ ਸੀ। ਫਿਰ 1960ਵਿਚ ਕਾਰਬਨ ਮੋਨੋਆਕਸਾਈਡ ਜ਼ਹਿਰ ਤੋਂ ਪੀੜਤਾਂ ਤੇ ਇਸਦਾ ਇਸਤੇਮਾਲ ਕੀਤਾ ਜਾਣ ਲੱਗ ਪਿਆ। ਅੱਜ ਕਈ ਹਸਪਤਾਲ ਸਰਜਰੀ ਕਾਰਨ ਜਾਂ ਸਰੀਰ ਦੀ ਕਮਜ਼ੋਰ ਸਰਕੂਲੇਸ਼ਨ ਅਤੇ ਸ਼ੂਗਰ ਕਾਰਨ ਹੋਣ ਵਾਲੇ ਜ਼ਖਮਾਂ ਨੂੰ ਠੀਕ ਕਰਨ ਲਈ ਇਸ ਥਰੈਪੀ ਦਾ ਇਸਤੇਮਾਲ ਕਰ ਰਹੇ ਹਨ। ਸਾਡੇ ਸਰੀਰ ਦਾ ਹਰੇਕ ਸੈੱਲ ਆਕਸੀਜਨ ਲੈਂਦਾ ਹੈ ਉਹ ਇਸਨੂੰ ਸੈੱਲ ਵਿਚ ਹੋਣ ਵਾਲੀ ਟੁੱਟ-ਭੱਜ ਅਤੇ ਡੀਐਨਏ ਦੀ ਮੁਰੰਮਤ ਲਈ ਇਸਤੇਮਾਲ ਕਰਦਾ ਹੈ। ਆਕਸੀਜਨ ਦਾ ਇਸਤੇਮਾਲ ਨਵੇਂ ਤੰਦਰੁਸਤ ਸੈੱਲਾਂ ਦੇ ਨਿਰਮਾਣ ਲਈ ਵੀ ਹੁੰਦਾ ਹੈ। ਜਦੋਂ ਵੀ ਸਰੀਰਕ ਵਿਚ ਸੱਟ ਲਗਦੀ ਹੈ ਤਾਂ ਉਸ ਜਗ੍ਹਾ ਆਕਸੀਜਨ ਦੀ ਸਪਲਾਈ ਘੱਟ ਜਾਂਦੀ ਹੈ ਫਿਰ ਭਾਵੇਂ ਜ਼ਖਮ ਹੋਵੇ ਜਾਂ ਧਮਣੀਆਂ ਦੀ ਬਲਾਕੇਜ਼। ਐੱਚ. ਬੀ. ਓ. ਟੀ ਥੈਰੇਪੀ ਦੁਆਰਾ ਦਿੱਤੀ ਆਕਸੀਜਨ ਖ਼ੂਨ ਸੰਚਾਰ ਸਿਸਟਮ ਵਿਚ ਆਕਸੀਜਨ ਦਾ ਹੜ੍ਹ ਲਿਆ ਦਿੰਦੀ ਹੈ ਜੋ ਕਿ ਸਰੀਰ ਦੇ ਕੁਦਰਤੀ ਰੋਗ ਨਿਰੋਧਕ ਸਿਸਟਮ ਨੂੰ ਹਲੂਣ ਕੇ ਇਨਫਲੇਮੇਸ਼ਨ ਨੂੰ ਘੱਟ ਕਰਦੀ ਹੈ ਅਤੇ ਸੈੱਲਾਂ ਦੀ ਮੌਤ ਨੂੰ ਰੋਕਣ ਦਾ ਕੰਮ ਕਰਦੀ ਹੈ। ਇਸ ਤੋਂ ਇਲਾਵਾ ਅੱਚ. ਬੀ. ਓ. ਟੀ ਹੋਰ ਕਈ ਮਹੱਤਵਪੂਰਨ ਕੰਮ ਕਰਦੀ ਹੈ।

### ਖ਼ਤਰਨਾਕ ਬੈਕਟੀਰੀਆ

- ਸੈੱਲਾਂ ਦੀ ਭਾਰੀਆਂ ਧਾਤਾਂ ਅਤੇ ਜ਼ਹਿਰੀਲੇ ਪਦਾਰਥਾਂ ਦਾ ਸਰੀਰ ਚੋਂ ਨਿਸਕਾਸਨ ਕਰਨ ਵਿਚ ਸਹਾਈ ਹੋਣਾ।
- ਦਿਮਾਗ਼ੀ ਸੈੱਲਾਂ ਨੂੰ ਦੁਬਾਰਾ ਪੈਦਾ ਕਰਨਾ ਅਤੇ ਸੋਜਸ਼ ਨੂੰ ਘੱਟ ਕਰਨਾ।
- ਚਮੜੀ ਦਾ ਲਚਕੀਲਾਪਣ ਅਤੇ ਕੋਲਾਜੀਨ ਨੂੰ ਦੁਬਾਰਾ ਪੈਦਾ ਕਰਨਾ ਤਾਂ ਜੋ ਤੁਸੀਂ ਜਵਾਨ ਦਿਖਾਈ ਦੇਵੋ।
- ਵਿਕਿਰਨਾਂ ਦੇ ਖ਼ਤਰਨਾਕ ਅਸਰ ਨੂੰ ਘਟਾ ਕੇ ਨਰਮ ਟਿਸ਼ੂਆਂ ਦੀ ਰੱਖਿਆ ਕਰਨਾ।
- ਪੱਠਿਆਂ ਦੀ ਗਤੀਸ਼ੀਲਤਾ ਤੇ ਖ਼ੂਨ ਉਤਕਾਂ ਦੀ ਪੈਦਾਵਾਰ ਨੂੰ ਗਤੀਸ਼ੀਲ ਕਰਨਾ।
- ਉਪਰੋਕਤ ਥਰੈਪੀ ਤੋਂ ਇਲਾਵਾ ਵੀ ਆਕਸੀਜਨ ਦੀ ਜ਼ਰੂਰੀ ਮਾਤਰਾ ਸਰੀਰ ਨੂੰ ਦੇ ਕੇ ਇਹ ਸਾਰੇ ਲਾਭ ਲਏ ਜਾ ਸਕਦੇ ਹਨ ਜਿਵੇਂ ਕਿ ਆਪਣੇ ਫੇਫੜਿਆਂ ਦੀ ਸਮਰੱਥਾ ਵਧਾਉਣਾ। ਇਸ ਮੰਤਵ ਲਈ ਸਵੇਰ ਵੇਲੇ ਤਾਜ਼ੀ ਸ਼ੁੱਧ ਹਵਾ ਵਿਚ ਜਾ ਕੇ 15 ਤੋਂ 20 ਮਿੰਟ ਤਕ ਗਹਿਰੇ ਸਾਹ ਲਵੋ, ਯਾਦ ਰਹੇ ਸਾਹ ਪੂਰਾ ਪੇਟ ਤਕ ਹਵਾ ਭਰ ਕੇ ਲੈਣਾ ਚਾਹੀਦਾ ਹੈ। ਇਸ ਤਰ੍ਹਾਂ ਪ੍ਰਾਪਤ ਹੋਈ ਆਕਸੀਜਨ ਸਰੀਰ ਦੇ ਸਾਰੇ ਸੈੱਲ਼ਾਂ ਤਕ ਪਹੁੰਚ ਕੇ ਲਾਭ ਦਿੰਦੀ ਹੈ। ਇਸ ਤੋਂ ਇਲਾਵਾ ਇਹ ਸਪਲੀਮੈਂਟ ਦੇ ਤੌਰ 'ਤੇ ਵੀ ਲਈ ਜਾ ਸਕਦੀ ਹੈ।
- ਆਕਸੀਜਨ ਨੂੰ ਹਰੇਕ ਸੈੱਲ ਤਕ ਪਹੁਚਾਉਣ ਲਈ ਓਮੇਗਾ-3 ਫੈਟੀ ਐਸਿਡ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਹ ਲਾਲ ਖ਼ੂਨ ਦੇ ਸੈੱਲਾਂ ਦੀ ਝਿੱਲੀ ਦੀ ਰੱਖਿਆ ਕਰਦਾ ਹੈ। ਇਹ ਸੈੱਲਾਂ ਨੂੰ ਲਚਕੀਲਾ ਬਣਾਉਂਦਾ ਹੈ ਜਿਸਦੇ ਫਲਸਰੂਪ ਉਹ ਅਸਾਨੀ ਨਾਲ ਕੋਸ਼ਿਕਾਵਾ ਵਿਚ ਪਹੁੰਚ ਕੇ ਉਥੋਂ ਕਾਰਬਨਡਾਈਆਕਸਾਈਡ ਨੂੰ ਬਾਹਰ ਕਰਕੇ ਆਕਸੀਜਨ ਦਾ ਸੰਚਾਰ ਕਰਦੇ ਹਨ। ਇਸ ਤੋ ਇਲਾਵਾ ਇਹ ਓਮੇਗਾ -3 ਫੇਫੜਿਆਂ ਦੀਆਂ ਕੋਸ਼ਿਕਾਵਾਂ ਨੂੰ ਸਥਿਰ ਕਰਦਾ ਹੈ ਉਹ ਜ਼ਿਆਦਾ ਆਕਸੀਜਨ ਲੈ ਪਾਉਂਦੇ ਹਨ। • 98148-13674 I

# ਆਮ ਆਦਮੀ ਪਾਰਟੀ ਨੇ ਅਰਵਿੰਦ ਕੇਜਰੀਵਾਲ ਦੀ ਸਿਹਤ ਦੀ ਜਾਂਚ ਲਈ ਏਮਜ਼ ਦੇ ਡਾਕਟਰਾਂ ਦਾ ਪੈਨਲ ਬਣਾਉਣ ਦੇ ਆਦੇਸ਼ ਲਈ ਅਦਾਲਤ ਦਾ ਕੀਤਾ ਧੰਨਵਾਦ

## ਭਾਜਪਾ ਦੇਸ਼ ਵਿਚ 'ਇਕੱਲੀ ਪਾਰਟੀ ਪ੍ਰਣਾਲੀ' ਲਾਗੂ ਕਰਨਾ ਚਾਹੁੰਦੀ ਹੈ, ਇਸ ਲਈ ਵਿਰੋਧੀ ਪਾਰਟੀਆਂ ਅਤੇ ਆਗੂਆਂ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ- 'ਆਪ' ਬੁਲਾਰਾ ਨੀਲ ਗਰਗ

**ਮੁਹਾਲੀ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਪੰਜਾਬ ਨੇ 'ਆਪ' ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਜੇਲ੍ਹ ਵਿੱਚ ਨਿਯਮਤ ਸਿਹਤ ਜਾਂਚ ਲਈ ਏਮਜ਼ ਦੇ ਡਾਕਟਰਾਂ ਦਾ ਪੈਨਲ ਬਣਾਉਣ ਦੇ ਹੁਕਮਾਂ ਲਈ ਅਦਾਲਤ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਅਰਵਿੰਦ ਕੇਜਰੀਵਾਲ ਨੂੰ ਸਾਜ਼ਿਸ਼ ਤਹਿਤ ਜਾਣਬੁੱਝ ਕੇ ਇੰਸੁਲਿਨ ਨਹੀਂ ਦਿੱਤੀ ਜਾ ਰਹੀ ਸੀ।

ਪਾਰਟੀ ਹੈੱਡਕੁਆਟਰ ਚੰਡੀਗੜ੍ਹ ਵਿਖੇ ਪ੍ਰੈਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਆਮ ਆਦਮੀ ਪਾਰਟੀ ਪੰਜਾਬ ਦੇ ਸੀਨੀਅਰ ਆਗੂ ਅਤੇ ਬੁਲਾਰੇ ਨੀਲ ਗਰਗ ਨੇ ਕਿਹਾ ਕਿ ਅਸੀਂ ਅਦਾਲਤ ਦੇ ਸ਼ੁਕਰਗੁਜ਼ਾਰ ਹਾਂ ਕਿ ਅਦਾਲਤ ਦੇ ਹੁਕਮਾਂ ਸਦਕਾ ਅੱਜ ਅਰਵਿੰਦ ਕੇਜਰੀਵਾਲ ਨੂੰ ਇੰਸੁਲਿਨ ਦਿੱਤਾ ਗਿਆ।

ਨੀਲ ਗਰਗ ਨੇ ਕਿਹਾ ਕਿ ਜਦੋਂ ਤੋਂ ਕੇਂਦਰ ਵਿੱਚ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਦੀ ਸਰਕਾਰ ਬਣੀ ਹੈ, ਦੇਸ਼ ਨੂੰ ਲਗਾਤਾਰ ਲੋਕਤੰਤਰ ਤੋਂ ਤਾਨਾਸ਼ਾਹੀ ਵੱਲ ਧੱਕਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੇਸ਼ ਵਿਚ ਇਕੱਲੀ ਪਾਰਟੀ ਪ੍ਰਣਾਲੀ ਲਾਗੂ ਕਰਨਾ ਚਾਹੁੰਦੀ ਹੈ। ਉਹ ਚਾਹੁੰਦੀ ਹੈ ਕਿ ਦੇਸ਼ ਵਿੱਚ ਕੋਈ ਵਿਰੋਧੀ ਪਾਰਟੀ ਨਾ ਹੋਵੇ। ਇਸੇ ਲਈ ਵਿਰੋਧੀ ਪਾਰਟੀਆਂ ਅਤੇ ਆਗੂਆਂ ਨੂੰ ਜੇਲ੍ਹਾਂ ਵਿੱਚ ਡੱਕ ਕੇ ਖ਼ਤਮ ਕਰਨ ਦੇ ਯਤਨ ਕੀਤੇ ਜਾ ਰਹੇ ਹਨ।



'ਆਪ' ਕਨਵੀਨਰ ਅਰਵਿੰਦ ਕੇਜਰੀਵਾਲ ਨੂੰ ਬਿਨਾਂ ਕਿਸੇ ਸਬੂਤ ਦੇ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਜੋ ਉਹ ਲੋਕ ਸਭਾ ਚੋਣਾਂ 'ਚ ਪ੍ਰਚਾਰ ਨਾ ਕਰ ਸਕਣ। ਉਨ੍ਹਾਂ ਕਿਹਾ ਕਿ ਕੇਜਰੀਵਾਲ ਨੂੰ ਸਿਰਫ਼ ? ਇਸ ਲਈ ਜੇਲ੍ਹ ਵਿੱਚ ਡੱਕਿਆ ਗਿਆ ਹੈ, ਕਿਉਂਕਿ ਉਨ੍ਹਾਂ ਨੇ ਭਾਰਤ ਦੀ ਰਾਜਨੀਤੀ ਵਿੱਚ ਨਵੀਂ ਸੋਚ ਪੈਦਾ ਕੀਤੀ ਹੈ। ਉਹ ਸਿੱਖਿਆ ਅਤੇ ਸਿਹਤ ਦੀ ਗੱਲ ਕਰਦੇ ਸੀ। ਉਹ ਨੌਜਵਾਨਾਂ ਨੂੰ ਰੁਜ਼ਗਾਰ ਦੇਣ ਦੀ ਗੱਲ ਕਰਦੇ ਸੀ। ਉਹ ਲੋਕਾਂ ਨੂੰ ਮੁਫ਼ਤ ਬਿਜਲੀ ਅਤੇ ਪਾਣੀ ਦੇਣ ਦੀ ਗੱਲ ਕਰਦੇ ਸੀ।

ਉਨ੍ਹਾਂ ਨੇ ਜਾਣਬੁੱਝ ਕੇ ਮਨੀਸ਼ ਸਿਸੋਦੀਆ ਅਤੇ ਸਤੇਂਦਰ ਜੈਨ ਨੂੰ ਜੇਲ੍ਹ ਵਿੱਚ ਡੱਕਿਆ ਹੈ। ਜਦੋਂ ਕਿ ਸਤੇਂਦਰ ਜੈਨ ਨੇ ਦਿੱਲੀ ਵਿੱਚ ਸਿਹਤ ਕ੍ਰਾਂਤੀ ਲਿਆਂਦੀ ਅਤੇ ਮਨੀਸ਼ ਸਿਸੋਦੀਆ ਨੇ ਦਿੱਲੀ ਦੇ ਸਰਕਾਰੀ ਸਕੂਲਾਂ ਨੂੰ ਵਿਸ਼ਵ ਪੱਧਰੀ ਬਣਾਇਆ। ਸਿੱਖਿਆ ਦੇ ਖੇਤਰ ਵਿੱਚ ਮਨੀਸ਼ ਸਿਸੋਦੀਆ ਦੇ ਕੰਮ ਦੀ ਅਮਰੀਕਾ ਵਿੱਚ ਵੀ ਚਰਚਾ ਹੈ। ਭਾਜਪਾ ਤੋਂ ਇਹ ਬਰਦਾਸ਼ਤ ਨਹੀਂ ਹੋਇਆ, ਇਸ ਲਈ ਉਨ੍ਹਾਂ ਨੂੰ ਬਿਨਾਂ ਕਿਸੇ ਕਸੂਰ ਦੇ ਪਿਛਲੇ ਡੇਢ ਸਾਲ ਤੋਂ ਜੇਲ੍ਹ ਵਿੱਚ ਰੱਖਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਦੇ ਮਾਮਲੇ 'ਚ ਸੁਪਰੀਮ ਕੋਰਟ ਨੇ ਖ਼ੁਦ ਕਿਹਾ ਹੈ ਕਿ ਈਡੀ ਕੋਲ ਉਨ੍ਹਾਂ ਵਿਰੁੱਧ ਕੋਈ ਸਬੂਤ ਨਹੀਂ ਹੈ, ਇਸ ਲਈ ਉਨ੍ਹਾਂ ਨੂੰ ਬਰੀ ਕੀਤਾ ਜਾਂਦਾ ਹੈ। ਸੰਜੇ ਸਿੰਘ ਨੂੰ ਸਿਰਫ ਇਸ ਲਈ ਗ੍ਰਿਫ਼ਤਾਰ ਕੀਤਾ ਗਿਆ ਸੀ, ਕਿਉਂਕਿ ਉਨ੍ਹਾਂ ਨੇ ਸੰਸਦ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਅਡਾਨੀ ਦੇ ਖ਼ਿਲਾਫ਼ ਬੋਲਿਆ ਸੀ।

ਉਨ੍ਹਾਂ ਦੋਸ਼ ਲਾਇਆ ਕਿ ਜਾਂਚ ਏਜੰਸੀਆਂ ਪੀਐਮਓ ਦੇ ਇਸ਼ਾਰੇ 'ਤੇ ਕੰਮ ਕਰ ਰਹੀਆਂ ਹਨ। ਭਾਜਪਾ ਦੇ ਇਸ਼ਾਰੇ 'ਤੇ ਈਡੀ ਨੇ ਅਰਵਿੰਦ ਕੇਜਰੀਵਾਲ ਦਾ ਜਾਅਲੀ ਡਾਈਟ ਚਾਰਟ ਜਾਰੀ ਕੀਤਾ।

ਜਦਕਿ ਸਭ ਨੂੰ ਪਤਾ ਹੈ ਕਿ ਅਰਵਿੰਦ ਕੇਜਰੀਵਾਲ ਲੰਬੇ ਸਮੇਂ ਤੋਂ ਸ਼ੂਗਰ ਦੇ ਮਰੀਜ਼ ਹਨ। ਇਸੇ ਲਈ ਉਨ੍ਹਾਂ ਨੂੰ ਇੰਸੁਲਿਨ ਦੀ ਲੋੜ ਹੈ, ਫਿਰ ਵੀ ਉਨ੍ਹਾਂ ਨੂੰ ਇਕ ਸਾਜ਼ਿਸ਼ ਦੇ ਤਹਿਤ ਇੰਸੁਲਿਨ ਨਹੀਂ ਦਿੱਤੀ ਜਾ ਰਹੀ ਸੀ। ਇਸ ਲਈ ਉਨ੍ਹਾਂ ਦਾ ਸ਼ੂਗਰ ਲੈਵਲ ਪਿਛਲੇ 10 ਦਿਨਾਂ ਤੋਂ ਬਹੁਤ ਜ਼ਿਆਦਾ ਸੀ ਅਤੇ ਇਹ ਸਾਰਾ ਕੰਮ ਭਾਜਪਾ ਅਤੇ ਪ੍ਰਧਾਨ ਮੰਤਰੀ ਦਫ਼ਤਰ ਦੇ ਇਸ਼ਾਰੇ 'ਤੇ ਕੀਤਾ ਜਾ ਰਿਹਾ ਸੀ। ਉਨ੍ਹਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਦੋਸ਼ ਲਾਇਆ ਕਿ ਉਹ ਖ਼ੁਦ ਸੀਸੀਟੀਵੀ ਲਿੰਕ ਰਾਹੀਂ ਜੇਲ੍ਹ ਵਿੱਚ ਅਰਵਿੰਦ ਕੇਜਰੀਵਾਲ ਦੀਆਂ ਗਤੀਵਿਧੀਆਂ ਦੀ ਜਾਂਚ ਕਰ ਰਹੇ ਹਨ। ਇਹ ਬੇਹੱਦ ਗਲਤ ਅਤੇ ਗੈਰ-ਕਾਨੂੰਨੀ ਹੈ। ਉਨ੍ਹਾਂ ਭਾਜਪਾ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਜੇਕਰ ਭਲਕੇ ਅਰਵਿੰਦ ਕੇਜਰੀਵਾਲ ਨਾਲ ਜੇਲ੍ਹ ਵਿੱਚ ਕੋਈ ਅਣਸੁਖਾਵੀਂ ਘਟਨਾ ਵਾਪਰਦੀ ਹੈ ਤਾਂ ਇਸ ਦੇ ਸਿੱਧੇ ਤੌਰ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜ਼ਿੰਮੇਵਾਰ ਹੋਣਗੇ।

# ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੰਜਗਰਾਈਆਂ ਵਿਖੇ ਤਿੰਨ ਕਮਰਿਆਂ ਦਾ ਲੈਂਟਰ ਪਾਉਣ ਦਾ ਕੰਮ ਸੰਪੂਰਨ



**ਮਾਛੀਵਾੜਾ ਸਾਹਿਬ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਦੇ ਖੇਤਰ ਵਿੱਚ ਬੇਟ ਇਲਾਕੇ ਦੀ ਨਾਮਵਰ ਸਿੱਖਿਆ ਸੰਸਥਾਂ ਸਰਕਾਰੀ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਪੰਜਗਰਾਈਆਂ ਵਿਖੇ ਵਿਦਿਆਰਥੀਆਂ ਦੇ ਸਰਵਪੱਖੀ ਵਿਕਾਸ ਲਈ ਗੁਣਾਤਮਕ ਸਿੱਖਿਆ ਸਮੇਤ ਹੋਰ ਸਹੂਲਤਾਂ ਉਪਲਬਧ ਕਰਾਉਣ ਲਈ ਵੱਡੇ ਪੱਧਰ ਤੇ ਨਵੀਂ ਇਮਾਰਤ ਦੀ ਉਸਾਰੀ ਸਮੇਤ ਹੋਰ ਵਿਕਾਸ ਕਾਰਜ ਨਿਰਵਿਘਨ ਜਾਰੀ ਹਨ।ਸੰਸਥਾਂ ਦੇ ਵਿਕਾਸ ਕਾਰਜਾਂ ਵਿੱਚ ਮੀਲ ਪੱਥਰ ਸਥਾਪਤ ਕਰਦਿਆਂ ਦੂਜੀ ਮੰਜਿਲ ਤੇ ਸਕੂਲ ਦੀ ਲਾਇਬ੍ਰੇਰੀ,ਸਾਇੰਸ ਲੈਬ ਸਮੇਤ ਤਿੰਨ ਕਮਰਿਆਂ ਦੇ ਲਗਭਗ 3500 ਵਰਗ ਫੁੱਟ ਏਰੀਏ ਦਾ ਲੈਂਟਰ ਪਾਉਣ ਦਾ ਕੰਮ ਸਫਲਤਾਪੂਰਵਕ ਸੰਪੂਰਨ ਕਰਾਇਆ ਗਿਆ।ਸਕੂਲ ਦੀ ਕਾਇਆ ਕਲਪ ਕਰਨ ਵਿੱਚ ਮੋਹਰੀ ਰੋਲ ਅਦਾ ਕਰਨ ਵਾਲੇ ਸਿੱਖਿਆ ਅਧਿਕਾਰੀ ਬਲਾਕ ਨੋਡਲ ਅਫਸਰ ਕਮ ਸਕੂਲ ਪ੍ਰਿੰਸੀਪਲ ਸ਼੍ਰੀ ਹਰਨੀਤ ਸਿੰਘ ਭਾਟੀਆ ਨੇ ਇਸ ਸਬੰਧੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਸਸਸ ਪੰਜਗਰਾਈਆਂ ਵਿਖੇ ਸਤਲੁਜ ਦਰਿਆ ਨਾਲ ਲੱਗਦੇ ਏਰੀਏ ਦੇ ਲਗਭਗ 15 ਪਿੰਡਾਂ ਦੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਸਿੱਖਿਆ ਹਾਸਿਲ ਕਰਨ ਲਈ ਆਉਂਦੇ ਹਨ। ਵਿਦਿਆਰਥੀ ਦੀ ਗਿਣਤੀ ਅਨੁਸਾਰ ਸਕੂਲ ਇਮਾਰਤ ਵਿੱਚ ਕਲਾਸ ਰੂਮਜ਼,ਸਮਾਰਟ ਲਾਇਬ੍ਰੇਰੀ ਅਤੇ ਸਮਾਰਟ ਸਾਇੰਸ ਲੈਬ ਦੀ ਵੱਡੀ ਘਾਟ ਚੱਲੀ ਆ ਰਹੀ ਸੀ।ਇਸ ਸਬੰਧੀ ਸਰਕਾਰ ਨੂੰ ਸਮੇਂ-ਸਮੇਂ ਤੇ ਸੂਚਿਤ ਕਰਕੇ ਗਰਾਂਟ ਰਾਸ਼ੀ ਜਾਰੀ ਕਰਵਾਈ ਗਈ।ਨਵੀਂ ਇਮਾਰਤ ਦੀ ਉਸਾਰੀ ਦੀ ਕੜੀ ਵਿੱਚ ਜਨਵਰੀ ਮਹੀਨੇ ਤੋਂ ਨਵੇਂ ਕਲਾਸ ਰੂਮ,ਵੱਡੀ ਲਾਇਬ੍ਰੇਰੀ ਅਤੇ ਸਾਇੰਸ ਲੈਬ ਦੇ ਨਿਰਮਾਣ ਕਾਰਜ ਚੱਲ ਰਹੇ ਸਨ,ਜਿਸ ਤਹਿਤ ਅੱਜ ਇਨ੍ਹਾਂ ਤਿੰਨ ਕਮਰਿਆਂ ਦੇ ਲੈਂਟਰ ਪਾਉਣ ਦਾ ਕੰਮ ਸਫਲਤਾਪੂਰਵਕ ਨੇਪਰੇ ਚੜ੍ਹਾਇਆ ਗਿਆ ਹੈ।ਉਨ੍ਹਾਂ ਦੱਸਿਆ ਕਿ ਜੁਲਾਈ ਦੇ ਅੰਤ ਤੱਕ ਇਹ ਨਵੀਂ ਇਮਾਰਤ ਤਿਆਰ ਕਰਕੇ ਸਮਾਰਟ ਕਲਾਸ ਰੂਮਜ਼ ਅਤੇ ਸਮਾਰਟ ਲਾਇਬ੍ਰੇਰੀ ਦੇ ਰੂਪ ਵਿੱਚ ਸਾਡੇ ਵਿਦਿਆਰਥੀਆਂ ਦੇ ਸਪੁਰਦ ਕਰ ਦਿੱਤੀ ਜਾਵੇਗੀ।ਇਸ ਸਬੰਧੀ ਪਸਵਕ ਕਮੇਟੀ ਦੇ ਚੇਅਰਮੈਨ ਅਮਨਦੀਪ ਸਿੰਘ ਅਤੇ ਪਿੰਡ ਪੰਜਗਰਾਈਆਂ ਦੇ ਸਰਪੰਚ ਸਿਮਰ ਚੰਦ ਨੇ ਸੰਸਥਾਂ ਦੇ ਪ੍ਰਿੰਸੀਪਲ ਹਰਨੀਤ ਸਿੰਘ ਭਾਟੀਆ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਇਨ੍ਹਾਂ ਦੀ ਅਗਵਾਈ ਵਿੱਚ ਸਕੂਲ ਲਗਾਤਾਰ ਤਰੱਕੀ ਦੀ ਰਾਹ ਤੇ ਹੈ। ਭਾਟੀਆ ਨੇ ਆਪਣੇ ਲਗਭਗ ਤਿੰਨ ਸਾਲਾਂ ਦੇ ਕਾਰਜਕਾਲ ਵਿੱਚ ਲਾਇਬ੍ਰੇਰੀ,ਸਾਇੰਸ ਲੈਬ ਸਮੇਤ ਪੰਜ ਨਵੇਂ ਕਲਾਸ ਰੂਮਜ਼,4 ਕਮਰਿਆਂ ਦੀਆਂ ਛੱਤਾਂ ਨੂੰ ਡਾਟਾਂ ਤੋਂ ਲੈਂਟਰ ਦੇ ਰੂਪ ਵਿੱਚ ਤਬਦੀਲ ਕਰਨਾ,ਨਵੀਂ ਵੱਡੀ ਆਰ.ਓ.ਟੀ ਲੈਬ,ਖੇਡ ਦੇ ਮੈਦਾਨ ਦੀ ਚਾਰ ਦਿਵਾਰੀ,ਨਵੇਂ ਵਾਸ਼ ਰੂਮ ਆਦਿ ਦੀ ਉਸਾਰੀ ਕਰਕੇ ਸਕੂਲ ਦੇ ਵਿਕਾਸ ਕਾਰਜਾਂ ਸਬੰਧੀ ਨਵੇਂ ਦਿਸਹੱਦੇ ਕਾਇਮ ਕੀਤੇ ਹਨ,ਜਿਸ ਲਈ ਸਮੂਹ ਇਲਾਕਾ ਨਿਵਾਸੀ ਉਨ੍ਹਾਂ ਦੀ ਯੋਗ ਅਗਵਾਈ ਲਈ ਧੰਨਵਾਦ ਕਰਦੇ ਹਨ।ਅੰਤ ਵਿੱਚ ਭਾਟੀਆ ਨੇ ਪੰਜਾਬ ਸਰਕਾਰ ਅਤੇ ਪਤਵੰਤੇ ਸੱਜਣਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸਕੂਲ ਨੂੰ ਨਵੀਆਂ ਬੁਲੰਦੀਆਂ ਤੇ ਪਹੁੰਚਾਉਣ ਲਈ ਤਨਦੇਹੀ ਨਾਲ ਯਤਨਸ਼ੀਲ ਰਹਿਣਗੇ।

ਇਸ ਮੌਕੇ ਸ਼੍ਰੀਮਤੀ ਦਵਿੰਦਰ ਕੌਰ, ਸ਼੍ਰੀਮਤੀ ਦਲਜੀਤ ਕੌਰ, ਜਸਵੰਤ ਸਿੰਘ, ਗੁਰਦੀਪ ਸਿੰਘ, ਸ਼੍ਰੀਮਤੀ ਸੁਨੀਤਾ ਰਾਣੀ, ਸ਼੍ਰੀਮਤੀ ਰਾਧਾ, ਵਿਸ਼ਵਦੀਪ, ਦੀਪ ਰਾਜਾ, ਕੁਲਭੂਸ਼ਨ, ਜਗਦੀਪ ਸਿੰਘ, ਜਤਿੰਦਰ ਪਾਲ ਸਿੰਘ, ਸ਼੍ਰੀਮਤੀ ਰਜਨਦੀਪ ਕੌਰ, ਸ਼੍ਰੀਮਤੀ ਮਨਦੀਪ ਕੌਰ, ਸ਼੍ਰੀਮਤੀ ਰੌਸ਼ਨਦੀਪ ਕੌਰ, ਮਿਸ ਸੁਖਦੇਵੀ, ਅੰਮ੍ਰਿਤਪਾਲ, ਸ਼੍ਰੀ ਜਸਬੀਰ ਸਿੰਘ, ਭੁਪਿੰਦਰ ਰਾਣਾ, ਸ਼੍ਰੀਮਤੀ ਹਰਮਨਪ੍ਰੀਤ ਕੌਰ, ਮੱਖਣ ਸਿੰਘ ਅਤੇ ਸੁਰਿੰਦਰ ਪਾਲ ਸਮੇਤ ਸਮੂਹ ਸਟਾਫ ਮੈਂਬਰ ਹਾਜਰ ਸਨ।

# ਰਿਆਤ ਬਾਹਰਾ ਯੂਨੀਵਰਸਿਟੀ ਵੱਲੋਂ ਵਿਸ਼ਵ ਪੁਸਤਕ ਦਿਵਸ ਦੇ ਸਬੰਧ ਵਿੱਚ ਖ਼ੂਨਦਾਨ ਕੈਂਪ ਦਾ ਆਯੋਜਨ



**ਖਰੜ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਰਿਆਤ ਬਾਹਰਾ ਯੂਨੀਵਰਸਿਟੀ ਸਕੂਲ ਆਫ ਅਲਾਈਡ ਹੈਲਥ ਸਾਇੰਸਜ਼ ਵੱਲੋਂ ਵਿਸ਼ਵ ਪੁਸਤਕ ਦਿਵਸ ਦੇ ਸਬੰਧ ਵਿੱਚ ਸਮਾਜ ਵਿੱਚ ਸਾਖਰਤਾ ਅਤੇ ਸਿਹਤ ਸੰਭਾਲ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਇੱਕ ਖ਼ੂਨਦਾਨ ਕੈਂਪ ਲਗਾਇਆ ਗਿਆ। ਇਸ ਸਮਾਗਮ ਦਾ ਉਦੇਸ਼ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਵਿੱਚ ਪਰਉਪਕਾਰੀ ਅਤੇ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਨੂੰ ਉਤਸ਼ਾਹਿਤ ਕਰਨਾ ਸੀ।

ਵਿਸ਼ਵ ਪੁਸਤਕ ਦਿਵਸ ਦੇ ਮੌਕੇ 'ਤੇ ਆਰਬੀਯੂ ਵਿਖੇ ਲਾਇਬ੍ਰੇਰੀਅਨ ਸਾਕਸ਼ੀ ਬਹਿਲ ਦੁਆਰਾ ਮੈਡੀਕਲ ਕਿਤਾਬਾਂ ਦੀ ਇੱਕ ਪ੍ਰਦਰਸ਼ਨੀ ਲਗਾਈ ਗਈ, ਜੋ ਸਿਹਤ ਸੰਭਾਲ ਦੇ ਖੇਤਰ ਵਿੱਚ ਪੜ੍ਹਨ ਅਤੇ ਸਿੱਖਣ ਦੀ ਮਹੱਤਤਾ ਨੂੰ ਦਰਸਾਉਂਦੀ ਹੈ। ਸ਼੍ਰੀ ਸ਼ਿਵ ਕੰਵਰ ਮਹਾਸੰਘ ਚੈਰੀਟੇਬਲ ਟਰੱਸਟ, ਪੰਚਕੂਲਾ ਅਤੇ ਪੰਜਾਬ ਰੈੱਡ ਕਰਾਸ, ਸ਼ਾਖਾ, ਚੰਡੀਗੜ੍ਹ ਅਤੇ ਸਰਕਾਰੀ ਮਲਟੀ-ਸਪੈਸ਼ਲਿਟੀ ਹਸਪਤਾਲ, ਸੈਕਟਰ 16 ਦੀ ਟ੍ਰਾਂਸਫਿਊਜ਼ਨ ਮੈਡੀਸਨ ਟੀਮ ਨੇ ਸਾਂਝੇਦਾਰੀ ਨਾਲ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਖ਼ੂਨਦਾਨ ਕੈਂਪ ਦੇ ਇੱਕ ਨੇਕ ਉਪਰਾਲੇ ਵਜੋਂ ਸੇਵਾ ਕੀਤੀ। ਇਸ ਖ਼ੂਨਦਾਨ ਕੈਂਪ ਦਾ ਉਦਘਾਟਨ ਪ੍ਰੋ.(ਡਾ.) ਆਰ.ਸੀ. ਸੋਬਤੀ, ਪੰਜਾਬ ਯੂਨੀਵਰਸਿਟੀ ਦੇ ਸਾਬਕਾ ਵੀ.ਸੀ. , ਰਿਆਤ ਬਾਹਰਾ ਯੂਨੀਵਰਸਿਟੀ ਦੇ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ, ਉਪ-ਕੁਲਪਤੀ ਡਾ. ਪਰਵਿੰਦਰ ਸਿੰਘ ਨੇ ਕੀਤਾ।

ਸਮਾਗਮ ਦੌਰਾਨ ਚਾਂਸਲਰ ਗੁਰਵਿੰਦਰ ਸਿੰਘ ਬਾਹਰਾ ਨੇ ਨਿੱਜੀ ਤੌਰ 'ਤੇ ਖ਼ੂਨਦਾਨ ਕਰਕੇ ਇੱਕ ਮਿਸਾਲੀ ਉਦਮ ਕਾਇਮ ਕੀਤਾ।

ਡਾ ਪੰਕਜ ਕੌਲ, ਡੀਨ ਯੂਨੀਵਰਸਿਟੀ ਸਕੂਲ ਆਫ ਅਲਾਈਡ ਹੈਲਥ ਸਾਇੰਸਿਜ਼ ਨੇ ਵਿਦਿਆਰਥੀਆਂ ਅਤੇ ਫੈਕਲਟੀ ਦੋਵਾਂ ਦੇ ਭਰਵੇਂ ਹੁੰਗਾਰੇ ਲਈ ਧੰਨਵਾਦ ਪ੍ਰਗਟ ਕੀਤਾ, ਜਿਸ ਵਿੱਚ 53 ਤੋਂ ਵੱਧ ਵਿਅਕਤੀਆਂ ਨੇ ਖ਼ੂਨਦਾਨ ਕਰਕੇ ਇਸ ਮਾਨਵਤਾਵਾਦੀ ਕਾਰਜ ਪ੍ਰਤੀ ਵਚਨਬੱਧਤਾ ਨੂੰ ਉਜਾਗਰ ਕੀਤਾ। ਇਸ ਮੌਕੇ ਆਰਬੀਯੂ ਦੇ ਰਜਿਸਟਰਾਰ, ਪ੍ਰੋ.(ਡਾ.) ਦਿਨੇਸ਼ ਸ਼ਰਮਾ ਨੇ ਵੀ ਖ਼ੂਨਦਾਨ ਕਰਕੇ ਖ਼ੂਨਦਾਨ ਕੈਂਪ ਵਿੱਚ ਯੋਗਦਾਨ ਪਾਇਆ।

ਇਸ ਦੌਰਾਨ ਹੋਰਨਾਂ ਤੋਂ ਇਲਾਵਾ ਸਮਾਗਮ ਵਿੱਚ ਪ੍ਰੋ. ਐਸ. ਕੋਲੀ ਅਤੇ ਪ੍ਰੋ. ਲਲਿਤ ਕੇ ਗੁਪਤਾ ਅਤੇ ਹੋਰ ਸੀਨੀਅਰ ਅਧਿਕਾਰੀ ਵੀ ਹਾਜਰ ਸਨ।

# ਸਫ਼ਾਈ ਕਰਮਚਾਰੀ ਯੂਨੀਅਨ ਵੱਲੋਂ ਵਿਸਵ ਗਿਆਨ ਦਿਵਸ ਦੇ ਰੂਪ ਚ ਮਨਾਇਆ ਗਿਆ ਡਾ. ਭੀਮ ਰਾਉ ਅੰਬੇਡਕਰ ਜੀ ਦਾ ਜਨਮ ਦਿਵਸ

**ਸਨੌਰ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸਫਾਈ ਸੇਵਕ ਐਂਡ ਅਦਰ ਵਰਕਰ ਯੂਨੀਅਨ ਵੱਲੋਂ ਦਫਤਰ ਨਗਰ ਕੌਂਸਲ ਸਨੌਰ ਵਿਖੇ ਪ੍ਰਧਾਨ ਨੰਦ ਲਾਲ ਜੀ ਦੀ ਅਗਵਾਈ ਵਿੱਚ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਜੀ ਦਾ ਜਨਮ ਦਿਹਾੜਾ ਵਿਸਵ ਗਿਆਨ ਦਿਵਸ ਦੇ ਰੂਪ ਚ ਮਨਾਇਆ ਗਿਆ,ਜਨਮ ਦਿਵਸ ਨੂੰ ਸਮਰਪਿਤ ਇੱਕ ਵਿਸ਼ਾਲ ਖ਼ੂਨ ਦਾਨ ਕੈਂਪ ਲਗਾਇਆ ਗਿਆ ਇਸ ਖ਼ੂਨ ਦਾਨ ਕੈਂਪ ਵਿੱਚ ਮਾਣਯੋਗ ਹਲਕਾ ਸਨੌਰ ਦੇ ਐਮ ਐਲ ਏ ਸਰਦਾਰ ਹਰਮੀਤ ਸਿੰਘ ਪਠਾਣਮਾਜਰਾ ਜੀ ਤੇ ਪਟਿਆਲਾ ਸ਼ਹਿਰ ਤੋਂ ਸ਼੍ਰੀ ਹਰਪਾਲ ਜੁਨੇਜਾ ਜੀ ਅਤੇ ਸੰਦੀਪ ਸਿੰਘ ਰਾਜਾਤੂੜ ਜੀ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ ਅਤੇ ਇਸ ਮੌਕੇ ਤੇ ਕਾਰਜ ਸਾਧਕ ਅਫਸਰ ਸਰਦਾਰ ਲਖਵੀਰ ਸਿੰਘ ਨੇ ਰਿਬਨ ਕੱਟ ਕੇ ਖ਼ੂਨਦਾਨ ਕੈਂਪ ਦਾ ਉਦਘਾਟਨ ਕੀਤਾ ਅਤੇ 42 ਯੂਨਿਟ ਖ਼ੂਨ ਇਕੱਠਾ ਕੀਤਾ ਗਿਆ।




ਇਸ ਮੌਕੇ ਤੇ ਜਰੂਰਤਮੰਦ ਬੱਚਿਆਂ ਨੂੰ ਕਾਪੀਆਂ ਦਿੱਤੀਆਂ ਗਈਆਂ ਸ਼ਹਿਰ ਦੇ ਸਾਰੇ ਪਤਵੰਤੇ ਸੱਜਣਾਂ ਨੇ ਇਸ ਕੈਂਪ ਵਿੱਚ ਹਾਜਰੀ ਭਰੀ ਇਸ ਮੌਕੇ ਤੇ ਸਫਾਈ ਸੇਵਕ ਯੂਨੀਅਨ ਦੇ ਚੇਅਰਮੈਨ ਚੌਧਰੀ ਹਰਜੀਤ ਕੁਮਾਰ ਟਾਂਕ ਵੱਲੋਂ ਆਏ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ ਗਿਆ ਇਸ ਮੌਕੇ ਤੇ ਪਰਵੀਨ ਸ਼ਰਮਾ ਜੀ ਹੈਲਪਿੰਗ ਹੈਂਡ ਸੁਸਾਇਟੀ ਪਟਿਆਲਾ ਪ੍ਰਧਾਨ ਮੁਲਕ ਰਾਜ ਰੋਕੀ ਅਟਵਾਲ ਪ੍ਰਧਾਨ ਭਾਰਤੀ ਵਾਲਮੀਕੀ ਧਰਮ ਸਮਾਜ ਸਨੌਰ ਵਿਕਾਸ ਅਟਵਾਲ ਸਰਪ੍ਰਸਤ ਸਫਾਈ ਸੇਵਕ ਯੂਨੀਅਨ ਕਰਮਜੀਤ ਸਿੰਘ ਐਸਸੀ ਵਿੰਗ ਪ੍ਰਧਾਨ ਸਨੌਰ ਸੀਨੀਅਰ ਵਾਈਸ ਚੇਅਰਮੈਨ ਜੁਗਲ ਲਾਲ ਜੀ ਚੇਅਰਮੈਨ ਨਰੇਸ਼ ਕੁਮਾਰ ਜੀ ਵਿਜੇ ਕੁਮਾਰ ਸੀਨੀਅਰ ਮੈਂਬਰ ਰਕੇਸ਼ ਕੁਮਾਰ ਬੱਬੂ ਸੈਕਟਰੀ ਵਰੁਣ ਕੁਮਾਰ ਮੀਤ ਪ੍ਰਧਾਨ ਦੀਪਕ ਕੁਮਾਰ ਕੈਸ਼ੀਅਰ ਸਫਾਈ ਸੇਵਕ ਯੂਨੀਅਨ ਜਿਲ ?ਾ ਪ੍ਰਧਾਨ ਸੁਨੀਲ ਕੁਮਾਰ ਜੀ ਵਿਜੇ ਕੁਮਾਰ ਚਰਨਦਾਸ ਵਿਕੀ ਅਟਵਾਲ ਸੁੰਦਰ ਸੋਨੀ ਅਤੇ ਸਫਾਈ ਸੇਵਕ ਐਂਡ ਅਦਰ ਵਰਕਰ ਯੂਨੀਅਨ ਦੇ ਸਾਰੇ ਹੀ ਮੈਂਬਰ ਸਾਹਿਬਾਨ ਅਤੇ ਅਹੁਦੇ ਦਾ ਸਾਹਿਬਾਨ ਹਾਜ਼ਰ ਰਹੇ।

# ਪੰਜਾਬ ਪੁਲਿਸ ਨੇ ਜੰਮੂ-ਕਸ਼ਮੀਰ ਵਿੱਚ ਸੰਭਾਵਿਤ ਟਾਰਗੇਟ ਕਿਲਿੰਗ ਨੂੰ ਟਾਲਿਆ; ਪਾਕਿ-ਅਧਾਰਤ ਦਹਿਸ਼ਤਗਰਦ ਮਾਡਿਊਲ ਦਾ ਇੱਕ ਮੈਂਬਰ ਕੀਤਾ ਕਾਬੂ

**ਚੰਡੀਗੜ੍ਹ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੂਬੇ ਵਿੱਚ ਸੰਗਠਿਤ ਅਪਰਾਧ ਨੂੰ ਵੱਡਾ ਝਟਕਾ ਦਿੰਦਿਆਂ ਪੰਜਾਬ ਪੁਲਿਸ ਨੇ ਪਾਕਿਸਤਾਨ ਆਧਾਰਤ ਇੱਕ ਅੱਤਵਾਦੀ ਮਾਡਿਊਲ ਨਾਲ ਜੁੜੇ ਇੱਕ ਮੈਂਬਰ ਦੀ ਗ੍ਰਿਫਤਾਰੀ ਨਾਲ ਸਰਹੱਦ ਪਾਰ ਕਾਰਕੁਨਾਂ ਵੱਲੋਂ ਯੋਜਨਾਬੱਧ ਸੰਭਾਵਿਤ ਟਾਰਗੇਟ ਕਿਲਿੰਗ ਨੂੰ ਟਾਲ ਦਿੱਤਾ ਹੈ। ਪੰਜਾਬ ਪੁਲਿਸ ਦੇ ਡਾਇਰੈਕਟਰ ਜਨਰਲ ਗੌਰਵ ਯਾਦਵ ਨੇ ਅੱਜ ਇੱਥੇ ਦੱਸਿਆ ਕਿ ਫੜੇ ਗਏ ਮੁਲਜ਼ਮ ਦੀ ਪਛਾਣ ਅੰਮ੍ਰਿਤਸਰ ਦੇ ਪਿੰਡ ਉਧੋ ਨੰਗਲ ਦੇ ਲਵਪ੍ਰੀਤ ਸਿੰਘ ਉਰਫ ਪਿਚੋ ਵਜੋਂ ਹੋਈ ਹੈ। ਪੁਲੀਸ ਟੀਮ ਨੇ ਉਸ ਦੇ ਕਬਜ਼ੇ ਵਿੱਚੋਂ ਇੱਕ ਮੈਗਜ਼ੀਨ ਅਤੇ ਚਾਰ ਜਿੰਦਾ ਕਾਰਤੂਸਾਂ ਸਮੇਤ ਇੱਕ .30 ਬੋਰ ਦਾ ਆਟੋਮੈਟਿਕ ਚੀਨੀ ਪਿਸਤੌਲ ਵੀ ਬਰਾਮਦ ਕੀਤਾ ਹੈ।

ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਖੁਫੀਆ ਜਾਣਕਾਰੀ 'ਤੇ ਤੇਜ਼ੀ ਨਾਲ ਕਾਰਵਾਈ ਕਰਦਿਆਂ ਕਾਊਂਟਰ ਇੰਟੈਲੀਜੈਂਸ ਜਲੰਧਰ ਦੀਆਂ ਪੁਲਿਸ ਟੀਮਾਂ ਨੇ ਰਾਮਾ ਮੰਡੀ ਦੇ ਇਲਾਕੇ 'ਚ ਵਿਸ਼ੇਸ਼ ਨਾਕਾ ਲਗਾਇਆ ਅਤੇ ਦੋਸ਼ੀ ਵਿਅਕਤੀ ਦੇ ਕਬਜ਼ੇ 'ਚੋਂ ਅਤਿ ਆਧੁਨਿਕ ਆਟੋਮੈਟਿਕ ਪਿਸਤੌਲ ਬਰਾਮਦ ਕਰਕੇ ਉਸ ਨੂੰ ਗ੍ਰਿਫਤਾਰ ਕਰ ਲਿਆ।

ਉਨ੍ਹਾਂ ਕਿਹਾ ਕਿ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫਤਾਰ ਮੁਲਜ਼ਮ ਲਵਪ੍ਰੀਤ ਪਾਕਿਸਤਾਨ ਆਧਾਰਤ ਕਾਰਕੁਨਾਂ ਲਈ ਕੰਮ ਕਰ ਰਿਹਾ ਸੀ, ਜਿਨ੍ਹਾਂ ਨੇ ਸਮਾਜ ਵਿੱਚ ਡਰ ਅਤੇ ਅਸ਼ਾਂਤੀ ਪੈਦਾ ਕਰਨ ਲਈ ਜੰਮੂ-ਕਸ਼ਮੀਰ ਖੇਤਰ ਵਿੱਚ ਟਾਰਗੇਟ ਕਿਲਿੰਗ ਨੂੰ ਅੰਜਾਮ ਦੇਣ ਦਾ ਕੰਮ ਉਸ ਨੂੰ ਸੌਂਪਿਆ ਹੋਇਆ ਸੀ।

ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਏਸਐਸਪੀ ਕਾਊਂਟਰ ਇੰਟੈਲੀਜੈਂਸ ਜਲੰਧਰ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਮੁਲਜ਼ਮ ਨੇ ਪਾਕਿ ਅਧਾਰਤ ਕਾਰਕੁਨਾਂ ਨੇ ਦੁਬਈ ਰਾਹੀਂ ਗ੍ਰਿਫਤਾਰ ਦੋਸ਼ੀ ਦੇ ਬੈਂਕ ਖਾਤੇ ਵਿੱਚ ਪੈਸੇ ਜਮ੍ਹਾ ਕਰਵਾਏ ਸਨ ਅਤੇ ਦੋਸ਼ੀ ਵੱਲੋਂ ਸਰਹੱਦ ਪਾਰੋਂ ਭੇਜਿਆ ਗਿਆ ਪਿਸਤੌਲ ਸਮੇਤ ਅਸਲਾ ਜੰਮੂ-ਕਸ਼ਮੀਰ ਦੇ ਸਾਂਬਾ ਇਲਾਕੇ ਤੋਂ ਪ੍ਰਾਪਤ ਕੀਤਾ ਸੀ। ਉਨ੍ਹਾਂ ਅੱਗੇ ਦੱਸਿਆ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

ਇਸ ਸਬੰਧੀ ਪੁਲਿਸ ਸਟੇਸ਼ਨ ਸਟੇਟ ਸਪੈਸ਼ਲ ਆਪ੍ਰੇਸ਼ਨ ਸੈੱਲ (ਐਸ.ਐਸ.ਓ.ਸੀ.) ਅੰਮ੍ਰਿਤਸਰ ਵਿਖੇ ਐਫਆਈਆਰ ਨੰਬਰ 25 ਮਿਤੀ 22.04.2024 ਨੂੰ ਅਸਲਾ ਐਕਟ ਦੀ ਧਾਰਾ 25 ਅਤੇ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀ ਧਾਰਾ 120-ਬੀ ਤਹਿਤ ਮਾਮਲਾ ਦਰਜ ਕੀਤਾ ਗਿਆ ਹੈ।

# ਬਾਹਰੀ ਰਾਜਾਂ ਦੇ ਡਰਾਇਵਰਾਂ ਦਾ ਸਕੂਲ ਪ੍ਰਿੰਸੀਪਲ ਰਿਕਾਰਡ ਰੱਖਣ ਲਾਜ਼ਮੀ

**ਫਾਜ਼ਿਲਕਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਸੇਫ ਸਕੂਲ ਵਾਹਨ ਪਾਲਿਸੀ ਸਖਤੀ ਨਾਲ ਲਾਗੂ ਕਰਨ ਲਈ ਮਾਨਯੋਗ ਡਿਪਟੀ ਕਮਿਸ਼ਨਰ, ਫਾਜ਼ਿਲਕਾ ਦੇ ਹੁਕਮਾਂ ਅਨੁਸਾਰ ਜ਼ਿਲ੍ਹਾ ਬਾਲ ਸੁਰੱਖਿਆ ਦਫਤਰ ਅਤੇ ਸੇਫ ਸਕੂਲ ਵਾਹਨ ਦੀ ਟੀਮ ਵੱਲੋਂ ਲਗਾਤਾਰ ਜ਼ਿਲ੍ਹੇ ਵਿੱਚ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਨਿਯਮ ਦੀ ਉਲੰਘਣਾ ਕਰਨ ਵਾਲੀਆਂ ਸਕੂਲ ਬੱਸਾਂ ਦੇ ਲਗਾਤਾਰ ਚਲਾਨ ਕਟੇ ਜਾ ਰਹੇ ਹਨ ਅਤੇ ਖਰਾਬ ਬੱਸਾਂ ਨੂੰ ਜਬਤ ਕੀਤਾ ਜਾ ਰਿਹਾ ਹੈ। ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਰੀਤੂ ਬਾਲਾ ਵੱਲੋ ਦੱਸਿਆ ਗਿਆ ਕਿ ਜਿਲ੍ਹਾ ਪੱਧਰੀ ਸੇਫ ਸਕੂਲ ਵਾਹਨ ਟੀਮ ਵੱਲੋ ਜ਼ਿਲ੍ਹਾ ਫਾਜ਼ਿਲਕਾ ਦੇ ਵੱਖ-ਵੱਖ ਬਲਾਕਾਂ ਵਿਖੇ 60 ਸਕੂਲੀ ਵੈਨਾਂ ਦੀ ਚੈਕਿੰਗ ਕੀਤੀ ਗਈ ਅਤੇ ਚੈਕਿੰਗ ਦੌਰਾਨ 19 ਸਕੂਲੀ ਵੈਨਾਂ ਦੇ ਚਲਾਨ ਕੀਤੇ ਗਏ।ਉਹਨਾਂ ਵੱਲੋਂ ਸੇਫ ਸਕੂਲ ਵਾਹਨ ਪਾਲਿਸੀ ਅਧੀਨ ਵੈਨ ਡਰਾਈਵਰਾਂ ਨੂੰ ਜਾਗਰੂਕ ਕੀਤਾ ਗਿਆ ਅਤੇ ਦੱਸਿਆ ਗਿਆ ਕਿ ਬਾਹਰੀ ਰਾਜਾਂ ਦੇ ਆਏ ਡਰਾਇਵਰਾਂ ਦੀ ਪੁਲਿਸ ਵੈਰੀਫਿਕੇਸ਼ਨ ਕਰਵਾ ਕੇ ਸਕੂਲ ਪ੍ਰਿੰਸੀਪਲ ਕੋਲ ਰਿਕਾਰਡ ਹੋਣਾ ਲਾਜ਼ਮੀ ਹੈ। ਜਿਸ ਵਿੱਚ ਮਾਨਯੋਗ ਸੁਪਰੀਮ ਕੋਰਟ ਵੱਲੋਂ ਦਿੱਤੇ ਗਏ ਦਿਸ਼ਾ ਨਿਰਦੇਸ਼ ਦੀ ਪਾਲਣਾ ਸਖਤੀ ਨਾਲ ਲਾਗੂ ਹੋ ਰਹੀ ਹੈ ਅਤੇ ਇਸ ਸਬੰਧੀ ਕੋਈ ਵੀ ਅਣਗਹਿਲੀ ਸਬੰਧੀ ਛੂਟ ਦੇਣ ਯੋਗ ਨਹੀਂ ਹੋਵੇਗੀ। ਸਾਡੀ ਬੱਚਿਆਂ ਦੇ ਪਰਿਵਾਰਾਂ ਅਤੇ ਸਕੂਲਾਂ ਨੂੰ ਅਪੀਲ ਹੈ ਕਿ ਮਾਨਯੋਗ ਸੁਪਰੀਮ ਕੋਰਟ ਵੱਲੋਂ ਸੇਫ ਸਕੂਲ ਵਾਹਨ ਪਾਲਿਸੀ ਤਹਿਤ ਆਦੇਸ਼ ਅਨੁਸਾਰ ਸਕੂਲੀ ਬੱਸਾਂ ਦੇ ਸ਼ੀਸ਼ੀਆਂ ਦੇ ਬਾਹਰ ਗਰਿੱਲਾਂ ਹੋਣੀਆਂ ਲਾਜ਼ਮੀ, ਸਕੂਲ ਬੱਸ ਵਿੱਚ ਸਪੀਡ ਗਵਰਨਰ ਲਾਜ਼ਮੀ, ਸਕੂਲ ਬੱਸ ਦੀਆਂ ਤਾਕੀਆਂ ਦੇ ਲੋਕ ਲਾਜ਼ਮੀ, ਸਕੂਲ ਬੱਸ ਵਿੱਚ ਫਸਟ ਏਡ ਬਾਕਸ ਲਾਜ਼ਮੀ, ਸਕੂਲ ਬੱਸ ਵਿੱਚ ਬੱਚਿਆਂ ਦੇ ਬੈਗ ਰੱਖਣ ਲਈ ਜਗ੍ਹਾ ਲਾਜ਼ਮੀ, ਸਕੂਲ ਬੱਸ ਵਿੱਚ ਡਰਾਈਵਰਾਂ ਕੋਲ 4 ਸਾਲ ਦਾ ਤਜੁਰਬਾ ਲਾਜ਼ਮੀ, ਸਕੂਲ ਬੱਸ ਵਿੱਚ ਐਮਰਜੰਸੀ ਤਾਕੀਆਂ (ਅੱਗੇ, ਪਿੱਛੇ) ਲਾਜ਼ਮੀ, ਸਕੂਲ ਬੱਸ ਦੇ ਚਾਰੇ ਪਾਸੇ ਸਕੂਲ ਬੱਸ ਲਿਖਿਆ ਹੋਣਾ ਲਾਜ਼ਮੀ, ਸਕੂਲ ਬੱਸ ਦਾ ਰੰਗ ਸੁਨਿਹਰੀ ਪੀਲਾ ਹੋਣਾ ਲਾਜ਼ਮੀ ਸਕੂਲ ਬੱਸ ਦੇ ਸੀ.ਸੀ.ਟੀ.ਵੀ ਕੈਮਰੇ ਅਤੇ 60 ਦਿਨ ਦਾ ਫੁਟੇਜ਼ ਹੋਣਾ ਲਾਜ਼ਮੀ, ਜੇਕਰ ਸਕੂਲ ਬੱਸ ਕਿਰਾਏ ਤੇ ਹੈ ਤਾਂ ਬੱਸ ਤੇ ਆਨ ਡਿਊਟੀ ਲਿਖਿਆ ਹੋਣਾ ਲਾਜ਼ਮੀ, ਸਕੂਲ ਬੱਸ ਵਿੱਚ ਸਮਰੱਥਾ ਤੋਂ ਵੱਧ ਬੱਚੇ ਨਾ ਹੋਣ, ਸਕੂਲ ਬੱਸ ਵਿੱਚ ਡਰਾਇਵਰ ਕੋਲ ਬੱਚਿਆਂ ਦੇ ਨਾਮ, ਪਤਾ, ਕਲਾਸ ਦੀ ਲਿਸਟ ਹੋਣਾ ਲਾਜ਼ਮੀ, ਸਕੂਲ ਬੱਸ ਦੇ ਡਰਾਈਵਰ ਦੇ ਫਿੱਕੇ ਨੀਲੇ ਰੰਗ ਦੀ ਕਮੀਜ ਪੈਂਟ ਅਤੇ ਕਾਲੇ ਬੂਟ ਅਤੇ ਨਾਮ ਦੀ ਨੇਮ-ਪਲੇਟ ਲੱਗੀ ਹੋਣੀ ਲਾਜ਼ਮੀ, ਸਕੂਲ ਬੱਸ ਤੇ ਸਕੂਲ ਦਾ ਨਾਮ ਅਤੇ ਨੰਬਰ ਲਿਖਿਆ ਹੋਣਾ ਲਾਜ਼ਮੀ, ਸਕੂਲ ਬੱਸ ਦੇ ਫੁੱਟ ਸਟੈਪ 200 ਮਿਲੀਮੀਟਰ ਤੋਂ ਵੱਧ ਨਾ ਹੋਵੇ।ਉਕਤ ਨਿਯਮਾਂ ਨੂੰ ਨਾ ਮੰਨਣ ਵਾਲੇ ਖਿਲਾਫ ਧਾਰਾ 188 ਅਧੀਨ ਮਾਮਲਾ ਦਰਜ ਕੀਤਾ ਜਾਵੇਗਾ।ਚੈਕਿੰਗ ਦੌਰਾਨ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਦੇ ਟੀਮ ਦੇ ਮੈਂਬਰ ਰਣਵੀਰ ਕੌਰ, ਕੌਸ਼ਲ, ਅਜੈ ਸ਼ਰਮਾ, ਭੁਪਿੰਦਰਦੀਪ ਸਿੰਘ, ਨਿਸ਼ਾਨ ਸਿੰਘ, ਰੁਪਿੰਦਰ ਸਿੰਘ, ਟ੍ਰੈਫਿਕ ਪੁਲਿਸ ਪਵਨ ਕੁਮਾਰ, ਸੁਰਿੰਦਰ, ਕ੍ਰਿਸ਼ਨ ਕੁਮਾਰ ਸਿੱਖਿਆ ਵਿਭਾਗ ਹਾਜ਼ਰ ਸਨ।



# ਡਿਪਟੀ ਕਮਿਸ਼ਨਰ ਰਾਤ ਨੂੰ ਨਿਕਲੇ ਕਣਕ ਦੀ ਲਿਫਟਿੰਗ ਕਰਵਾਉਣ, ਵੱਖ ਵੱਖ ਮੰਡੀਆਂ ਅਤੇ ਗੁਦਾਮਾਂ ਦਾ ਕੀਤਾ ਦੌਰਾ

**ਫਾਜ਼ਿਲਕਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਹਮੇਸ਼ਾ ਲੋਕ ਹਿੱਤਾਂ ਨੂੰ ਸਮਰਪਿਤ ਫਾਜਿ ?ਲਕਾ ਦੇ ਡਿਪਟੀ ਕਮਿਸ਼ਨਰ ਡਾ ਸੇਨੂ ਦੁੱਗਲ ਸੋਮਵਾਰ ਦੀ ਰਾਤ ਖੁਦ ਮੰਡੀਆਂ ਅਤੇ ਗੋਦਾਮਾਂ ਦਾ ਦੌਰਾ ਕਰਨ ਨਿਕਲੇ ਜਿੱਥੇ ਉਹ ਕਣਕ ਦੀ ਲਿਫਟਿੰਗ ਵਿੱਚ ਤੇਜ਼ੀ ਲਿਆਉਣ ਲਈ ਖਰੀਦ ਏਜੰਸੀਆਂ ਨੂੰ ਹੱਲਾਸ਼ੇਰੀ ਦਿੰਦੇ ਵਿਖਾਈ ਦਿੱਤੇ।

ਡਿਪਟੀ ਕਮਿਸ਼ਨਰ ਨੇ ਸੋਮਵਾਰ ਦੀ ਰਾਤ ਜਲਾਲਾਬਾਦ ਦੀ ਮੁੱਖ ਅਨਾਜ ਮੰਡੀ ਤੋਂ ਇਲਾਵਾ ਇੱਥੇ ਵੱਖ-ਵੱਖ ਗੋਦਾਮਾਂ ਵਿੱਚ ਪਹੁੰਚ ਕੇ ਜਿੱਥੇ ਕਣਕ ਦੀ ਲਿਫਟਿੰਗ ਕਰ ਰਹੇ ਮਜ਼ਦੂਰਾਂ ਦਾ ਹੌਸਲਾ ਵਧਾਇਆ ਉਥੇ ਹੀ ਉਹਨਾਂ ਨੇ ਖਰੀਦ ਏਜੰਸੀਆਂ ਨੂੰ ਵੀ ਹੱਲਾਸ਼ੇਰੀ ਦਿੱਤੀ ਅਤੇ ਹਦਾਇਤ ਕੀਤੀ ਕਿ ਕਣਕ ਦੀ ਲਿਫਟਿੰਗ ਤੇਜੀ ਨਾਲ ਕੀਤੀ ਜਾਵੇ।



ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜੇਕਰ ਲਿਫਟਿੰਗ ਨਾਲੋਂ ਨਾਲ ਹੁੰਦੀ ਰਹੇਗੀ ਤਾਂ ਮੰਡੀਆਂ ਵਿੱਚ ਹੋਰ ਕਣਕ ਆਉਣ ਲਈ ਥਾਂ ਵੀ ਉਪਲਬਧ ਹੁੰਦੀ ਰਹੇਗੀ ਅਤੇ ਕਿਸਾਨਾਂ ਨੂੰ ਨਵੀਂ ਫਸਲ ਲਿਆਉਣ ਵਿੱਚ ਦਿੱਕਤ ਨਹੀਂ ਆਵੇਗੀ। ਡਿਪਟੀ ਕਮਿਸ਼ਨਰ ਨੇ ਇਸ ਮੌਕੇ ਖਰੀਦ ਏਜੰਸੀਆਂ, ਆੜ੍ਹਤੀਆਂ, ਟਰਾਂਸਪੋਰਟਰਾਂ ਅਤੇ ਲੇਬਰ ਨੂੰ ਕਿਹਾ ਕਿ ਕਣਕ ਦੀ ਖਰੀਦ ਦਾ ਸੀਜ਼ਨ ਸਾਡੇ ਲਈ ਮਹੱਤਵਪੂਰਨ ਸਮਾਂ ਹੁੰਦਾ ਹੈ ਅਤੇ ਇਸ ਸਮੇਂ ਸਾਨੂੰ ਸਭ ਨੂੰ ਇੱਕ ਟੀਮ ਵਜੋਂ ਕੰਮ ਕਰਦੇ ਹੋਏ ਤੇਜੀ ਨਾਲ ਸਾਰੇ ਟੀਚੇ ਪੂਰੇ ਕਰਨੇ ਚਾਹੀਦੇ ਹਨ।

ਇਸ ਮੌਕੇ ਉਹਨਾਂ ਦੇ ਨਾਲ ਵਧੀਕ ਡਿਪਟੀ ਕਮਿਸ਼ਨਰ ਜਨਰਲ ਸ੍ਰੀ ਰਾਕੇਸ਼ ਕੁਮਾਰ ਪੋਪਲੀ, ਜਲਾਲਾਬਾਦ ਦੇ ਐਸਡੀਐਮ ਸ੍ਰੀ ਬਲਕਰਨ ਸਿੰਘ, ਜਿ ?ਲ੍ਹਾ ਫੂਡ ਸਪਲਾਈ ਕੰਟਰੋਲਰ ਹਿਮਾਂਸ਼ੂ ਕੁੱਕੜ ਅਤੇ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ ਵੀ ਹਾਜ਼ਰ ਸਨ।ਡਿਪਟੀ ਕਮਿਸ਼ਨਰ ਦੇ ਰਾਤ ਸਮੇਂ ਮੰਡੀਆਂ ਵਿੱਚ ਪਹੁੰਚ ਕੇ ਕਣਕ ਦੀ ਲਿਫਟਿੰਗ ਕਰ ਰਹੇ ਮਜ਼ਦੂਰਾਂ ਦੀ ਹੌਸਲਾ ਅਫਜਾਈ ਕਰਨ ਤੇ ਮਜ਼ਦੂਰ ਭਰਾਵਾਂ ਵਿੱਚ ਬਹੁਤ ਉਤਸਾਹ ਦਿਖਾਈ ਦਿੱਤਾ ਅਤੇ ਉਹਨਾਂ ਨੇ ਕਿਹਾ ਕਿ ਉਹ ਹੁਣ ਹੋਰ ਵੀ ਤੇਜੀ ਨਾਲ ਕੰਮ ਕਰਨਗੇ।

**ਜ਼ਿਲ੍ਹੇ ਵਿਚ ਹੋਈ 185907 ਮਿਟ੍ਰਿਕ ਟਨ ਕਣਕ ਦੀ ਖਰੀਦ**

ਫਾਜ਼ਿਲਕਾ ਜ਼ਿਲ੍ਹੇ ਵਿਚ ਬੀਤੀ ਸ਼ਾਮ ਤੱਕ 185907 ਮਿਟ੍ਰਿਕ ਟਨ ਕਣਕ ਦੀ ਖਰੀਦ ਹੋਈ ਹੈ।ਜਦ ਕਿ ਇੱਕਲੇ ਬੀਤੇ ਇਕ ਦਿਨ ਵਿਚ ਹੀ 53042 ਮਿਟ੍ਰਿਕ ਟਨ ਦੀ ਖਰੀਦ ਕੀਤੀ ਗਈ ਹੈ।ਜਦ ਕਿ ਬੀਤੇ ਕੱਲ ਮੰਡੀਆਂ ਵਿਚ 51842 ਮਿਟ੍ਰਿਕ ਟਨ ਦੀ ਕਣਕ ਦੀ ਆਮਦ ਹੋਈ ਸੀ। ਹੁਣ ਤੱਕ ਮੰਡੀਆਂ ਵਿਚ ਕੁੱਲ ਆਮਦ 206472 ਮਿਟ੍ਰਿਕ ਟਨ ਦੀ ਹੋਈ ਹੈ। ਇਸੇ ਤਰਾਂ ਜ਼ਿਲ੍ਹੇ ਵਿਚ 48 ਘੰਟੇ ਪਹਿਲਾਂ ਤੱਕ ਖਰੀਦੀ ਕਣਕ ਦੀ 204 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾਣੀ ਬਣਦੀ ਸੀ ਜਦ ਕਿ ਹੁਣ ਤੱਕ ਅਦਾਇਗੀ 231.4 ਕਰੋੜ ਰੁਪਏ ਦੀ ਕੀਤੀ ਜਾ ਚੁੱਕੀ ਹੈ।

# ਲੇਡੀ ਵਿੰਗ ਦੀ ਸੂਬਾ ਸਕੱਤਰ ਸਵੇਤਾ ਜਿੰਦਲ ਨੇ ਮੀਟਿੰਗ ਕਰਵਾਈ

**ਪਟਿਆਲਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਕਟਰ ਬਲਬੀਰ ਸਿੰਘ ਸਿਹਤ ਮੰਤਰੀ ਅਤੇ ਪਟਿਆਲਾ ਲੋਕ ਸਭਾ ਆਮ ਆਦਮੀ ਪਾਰਟੀ ਦੇ ਉਮੀਦਵਾਰ ਦੀਆਂ ਟੀਮਾਂ ਡੋਰ ਟੂ ਡੋਰ ਅਤੇ ਮੀਟਿੰਗਾਂ ਦਾ ਦੌਰ ਜੋਰਾਂ ਤੇ ਚੱਲ ਰਿਹਾ ਹੈ। ਇਸੇ ਸੰਦਰਭ ਵਿੱਚ ਆਮ ਆਦਮੀ ਪਾਰਟੀ ਦੀ ਲੇਡੀ ਵਿੰਗ ਦੀ ਸੂਬਾ ਸਕੱਤਰ ਸਵੇਤਾ ਜਿੰਦਲ ਵੱਲੋਂ ਵਾਰਡ ਨੰਬਰ 14 ਪੀਂਗਾਂ ਵਾਲਾ ਪਾਰਕ, ਆਜ਼ਾਦ ਨਗਰ ਵਿਖੇ ਡਾਕਟਰ ਬਲਬੀਰ ਸਿੰਘ ਦੇ ਸਪੁੱਤਰ ਐਡਵੋਕੇਟ ਰਾਹੁਲ ਸੈਣੀ ਨਾਲ ਪਾਰਟੀ ਪ੍ਰਚਾਰ ਸਬੰਧੀ ਵੋਟ ਪਾਉਣ ਲਈ ਇਲਾਕਾ ਨਿਵਾਸੀਆਂ ਨਾਲ ਮੀਟਿੰਗ ਕਰਵਾਈ ਗਈ, ਜਿਸ ਵਿੱਚ 250 ਦੇ ਕਰੀਬ ਲੋਕ ਸ਼ਾਮਿਲ ਹੋਏ, ਇਸ ਮੀਟਿੰਗ ਵਿੱਚ ਉਚੇਚਾ ਤੌਰ ਤੇ ਇੰਪਰੂਵਮੈਂਟ ਟਰਸਟ ਦੇ ਚੇਅਰਮੈਨ ਮੇਘ ਚੰਦ ਸ਼ੇਰ ਮਾਜਰਾ ਜੋ ਕਿ ਦਿਹਾਤੀ ਦੇ ਪ੍ਰਧਾਨ ਵੀ ਹਨ ਅਤੇ ਸੂਬਾ ਐਸਸੀ ਵਿੰਗ ਦੇ ਪ੍ਰਧਾਨ ਅਮਰੀਕ ਸਿੰਘ ਬੰਗੜ ਅਤੇ ਜੋਇੰਟ ਸੈਕਰੇਟਰੀ ਵੀ ਸ਼ਾਮਿਲ ਹੋਏ.

ਐਡਵੋਕੇਟ ਰਾਹੁਲ ਸੈਣੀ ਨੇ ਇਸ ਮੌਕੇ ਇਕੱਠ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਭਾਜਪਾ ਅਤੇ ਪਾਰਟੀਆਂ ਝੂਠੇ ਵਾਅਦੇ ਅਤੇ ਜੁਮਲੇ ਦਿਖਾ ਕੇ ਜਿੱਤ ਹਾਸਿਲ ਕਰਦੀਆਂ ਰਹੀਆਂ ਹਨ ,ਪਰ ਆਮ ਆਦਮੀ ਪਾਰਟੀ ਭਗਵੰਤ ਮਾਨ ਸਰਕਾਰ ਨੇ ਆਪਣੇ ਪਹਿਲੇ ਦੋ ਸਾਲਾਂ ਵਿੱਚ ਆਪਣੀ ਬਹੁਤੀ ਗਰੰਟੀ ਪੂਰੀ ਕਰ ਲਈਆਂ ਹਨ, ਜਦੋਂ ਕਿ ਕਾਂਗਰਸ ਅਤੇ ਅਕਾਲੀ ਸਮੇਂ ਦੀਆਂ ਸਰਕਾਰਾਂ ਆਪਣੇ ਪਿਛਲੇ ਪੰਜਵੇਂ ਸਾਲ ਵਿੱਚ ਇਹ ਕੰਮ ਕਰਦੀਆਂ ਸਨ।

# ਨਾਭਾ ਜੇਲ੍ਹ 'ਚ ਭਿੜੇ ਕੈਦੀ, ਇੱਕ ਜ਼ਖ਼ਮੀ

**ਨਾਭਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਨਵੀਂ ਜ਼ਿਲ੍ਹਾ ਜੇਲ੍ਹ ਨਾਭਾ ਵਿਚ ਕੁਝ ਕੈਦੀ ਆਪਸ 'ਚ ਭਿੜ ਗਏ ਜਿਸ ਵਿੱਚ ਇੱਕ ਕੈਦੀ ਜ਼ਖ਼ਮੀ ਹੋ ਗਿਆ ਹਾਲਾਂਕਿ ਪੁਲੀਸ ਵੱਲੋਂ ਮੁਕੰਮਲ ਜਾਂਚ ਕਰਨੀ ਬਾਕੀ ਹੈ ਪਰ ਸੂਤਰਾਂ ਮੁਤਾਬਕ ਨਾਭਾ ਜੇਲ੍ਹ 'ਚ ਇਹ ਝਗੜਾ ਗੌਰਵ ਗੋਗੀ, ਮੁਹੰਮਦ ਅਸ਼ਰਮ ਅਤੇ ਸੰਦੀਪ ਕੁਮਾਰ ਆਦਿ ਵਿਚਕਾਰ ਹੋਇਆ। ਇਸ ਝਗੜੇ ਵਿੱਚ ਸੰਦੀਪ ਕੁਮਾਰ ਦੇ ਨੱਕ 'ਤੇ ਸੱਟ ਲੱਗੀ ਜਿਸ ਨੂੰ ਜੇਲ੍ਹ ਹਸਪਤਾਲ 'ਚ ਹੀ ਮੁੱਢਲੀ ਸਹਾਇਤਾ ਦਿੱਤੀ ਗਈ। ਉਥੇ ਹੀ ਪਿਛਲੇ ਦਿਨੀਂ ਸੰਗਰੂਰ ਜੇਲ੍ਹ 'ਚ ਹੋਈ ਲੜਾਈ ਦੌਰਾਨ ਜ਼ਖ਼ਮੀ ਹੋਣ ਕਾਰਨ ਸਰਕਾਰੀ ਰਾਜਿੰਦਰਾ ਹਸਪਤਾਲ ਵਿੱਚ ਦਾਖ਼ਲ ਕਰਵਾਏ ਦੋਵੇਂ ਕੈਦੀਆਂ ਨੂੰ ਛੁੱਟੀ ਮਿਲ ਗਈ ਹੈ।

# ਵਿਦਿਆਰਥੀਆਂ ਨੂੰ ਦੇਸ਼ ਦੇ ਉਘੇ ਵਿਗਿਆਨੀਆਂ ਨਾਲ ਜੋੜ ਦੀ ਕੋਸ਼ਿਸ਼ ਕੀਤੀ ਜਾ ਰਹੀ: ਪ੍ਰੋ. ਅਰਵਿੰਦ



**ਪਟਿਆਲਾ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬੀ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. ਅਰਵਿੰਦ ਨੇ ਕਿਹਾ ਕਿ ਪੰਜ ਏਕੀਕ੍ਰਿਤ ਕੋਰਸਾਂ ਦੇ ਵਿਦਿਆਰਥੀਆਂ ਦਾ ਉਘੇ ਸਾਇੰਸਦਾਨਾਂ ਨਾਲ ਸੰਪਰਕ ਪੈਦਾ ਕਰਨ ਲਈ ਹੀ ਯੂਨੀਵਰਸਿਟੀ ਵੱਲੋਂ ਵਿਸ਼ੇਸ਼ ਭਾਸ਼ਣ ਲੜੀ ਸ਼ੁਰੂ ਕੀਤੀ ਗਈ ਹੈ ਤਾਂ ਜੋ ਵਿਦਿਆਰਥੀ ਉਨ੍ਹਾਂ ਨਾਲ ਸਿੱਧੇ ਜੁੜ ਸਕਣ ਅਤੇ ਗਿਆਨ ਵਿਗਿਆਨ ਦੇ ਖੇਤਰ ਵਿੱਚ ਵਾਪਰ ਰਹੀਆਂ ਘਟਨਾਵਾਂ ਬਾਰੇ ਜਾਣਕਾਰੀ ਹਾਸਲ ਕਰ ਸਕਣ।

ਪੰਜ ਸਾਲਾ ਏਕੀਕ੍ਰਿਤ ਕੋਰਸਾਂ ਦੇ ਵਿਦਿਆਰਥੀਆਂ ਲਈ ਸ਼ੁਰੂ ਕੀਤੀ ਗਈ ਵਿਸ਼ੇਸ਼ ਭਾਸ਼ਣ ਲੜੀ ਦੇ ਇਸ ਪੰਜਵੇਂ ਭਾਸ਼ਣ ਦੌਰਾਨ ਪ੍ਰੋ. ਅਰਵਿੰਦ ਨੇ ਕਿਹਾ ਕਿ ਯੂਨੀਵਰਸਿਟੀ ਵਿਖੇ ਚੱਲ ਰਹੇ ਨਿਵੇਕਲੀ ਕਿਸਮ ਦੇ ਏਕੀਕ੍ਰਿਤ ਕੋਰਸਾਂ ਦੀ ਇਹ ਵਿਸ਼ੇਸ਼ਤਾ ਹੈ ਕਿ ਇੱਥੇ ਵੱਖ-ਵੱਖ ਅਨੁਸ਼ਾਸਨਾਂ ਨੂੰ ਆਪਸ ਵਿੱਚ ਜੋੜ ਕੇ ਗੱਲ ਕੀਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇਹ ਕੋਰਸ ਅਸਲ ਅਰਥਾਂ ਵਿੱਚ ਅੰਤਰ-ਅਨੁਸ਼ਾਸਨੀ ਪਹੁੰਚ ਨੂੰ ਪ੍ਰਣਾਏ ਹੋਏ ਕੋਰਸ ਹਨ ਜਿੱਥੇ ਵਿਦਿਆਰਥੀ ਬਿਨਾ ਕਿਸੇ ਬੰਦਿਸ਼ ਤੋਂ ਆਪਣੀ ਮਰਜ਼ੀ ਦੇ ਵੱਖ-ਵੱਖ ਵਿਸ਼ੇ ਚੁਣ ਸਕਦੇ ਹਨ। ਉਨ੍ਹਾਂ ਕਿਹਾ ਕਿ ਵੱਖ-ਵੱਖ ਵਿਸ਼ਿਆਂ ਦੇ ਆਪਸੀ ਸੰਬੰਧਾਂ ਉੱਤੇ ਅਜਿਹੇ ਭਾਸ਼ਣ ਦੇਣ ਲਈ ਉਘੇ ਸਾਇੰਸਦਾਨਾਂ ਨੂੰ ਸੱਦਿਆ ਜਾਂਦਾ ਹੈ।

ਇਸ ਦੌਰਾਨ ਕੁੰਜੀਵੱਤ ਭਾਸ਼ਣ ਇੰਡੀਅਨ ਨੈਸ਼ਨਲ ਸਾਇੰਸ ਅਕੈਡਮੀ ਦੇ ਵਿਗਿਆਨੀ ਪ੍ਰੋ. ਸੁਸ਼ਾਂਤ ਦੱਤਾਗੁਪਤਾ ਨੇ ਦਿੱਤਾ। ਉਨ੍ਹਾਂ ਧਿਆਨ ਕਰਨ ਦੀ ਵਿਸ਼ੇਸ਼ ਵਿਧੀ ਵਿਪਸਨਾ ਬਾਰੇ ਕੁਆਂਟਮ ਥਿਊਰੀ ਦੇ ਹਵਾਲੇ ਨਾਲ ਗੱਲ ਕੀਤੀ। ਪ੍ਰੋ. ਸੁਸ਼ਾਂਤ ਦੱਤਾ ਗੁਪਤਾ ਨੇ 1930 ਦੌਰਾਨ ਪ੍ਰਸਿੱਧ ਵਿਗਿਆਨੀ ਆਈਨਸਟੀਨ ਅਤੇ ਵਿਸ਼ਵ ਪ੍ਰਸਿੱਧ ਬੰਗਾਲੀ ਲੇਖਕ ਰਬਿੰਦਰ ਨਾਥ ਟੈਗੋਰ ਦਰਮਿਆਨ ਹੋਈ ਗੱਲਬਾਤ ਨੂੰ ਅਧਾਰ ਬਣਾ ਕੇ ਧਿਆਨ ਕਰਨ ਦੀ ਵਿਧੀ ਵਿਪਾਸਨਾ ਅਤੇ ਕੁਆਂਟਮ ਥਿਊਰੀ ਬਾਰੇ ਗੱਲਬਾਤ ਕੀਤੀ।

ਉਨ੍ਹਾਂ ਦੋਹੇਂ ਸੰਕਲਪਾਂ ਦੀਆਂ ਆਪਸੀ ਸੰਭਾਵਿਤ ਸਾਂਝਾਂ ਅਤੇ ਵਖਰੇਵਿਆਂ ਬਾਰੇ ਨੁਕਤੇ ਸਾਂਝੇ ਕੀਤੇ। ਮਹਾਤਮਾ ਬੁੱਧ ਵੱਲੋਂ ਵਿਪਸਨਾ ਦੇ ਸੰਕਲਪ ਦੀ ਵਰਤੋਂ ਅਤੇ ਇਸ ਦੇ ਸਰੂਪ ਬਾਰੇ ਗੱਲਾਂ ਕੀਤੀਆਂ।

ਪ੍ਰੋਗਰਾਮ ਦਾ ਸੰਚਾਲਨ ਪ੍ਰੋ. ਹਿਮੇਂਦਰ ਭਾਰਤੀ ਨੇ ਕੀਤਾ। ਪੰਜ ਸਾਲਾ ਏਕੀਕ੍ਰਿਤ ਕੋਰਸਾਂ ਸੰਬੰਧੀ ਡੀਨ ਪ੍ਰੋ. ਸੰਜੀਵ ਪੁਰੀ ਨੇ ਸਵਾਗਤੀ ਸ਼ਬਦ ਬੋਲੇ ਅਤੇ ਧੰਨਵਾਦੀ ਭਾਸ਼ਣ ਡਾ. ਸ਼ਾਲਿਨੀ ਗੁਪਤਾ ਨੇ ਦਿੱਤਾ।

# ਸੀਜੀਸੀ ਲਾਂਡਰਾਂ ਵੱਲੋਂ ਆਈਪੀਆਰ ਸੈੱਲ ਦਾ ਉਦਘਾਟਨ

**ਖਰੜ, 26 ਅਪ੍ਰੈਲ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਗਰੁੱਪ ਆਫ਼ ਕਾਲਜਿਜ਼, (ਸੀਜੀਸੀ) ਲਾਂਡਰਾਂ ਵਿਖੇ ਸੈਂਟਰ ਫਾਰ ਬੌਧਿਕ ਸੰਪਦਾ ਨਾਮਕ ਬੌਧਿਕ ਸੰਪੱਤੀ ਅਧਿਕਾਰ (ਆਈਪੀਆਰ) ਸੈੱਲ ਸਥਾਪਿਤ ਕੀਤਾ ਗਿਆ। ਇਸ ਸੈੱਲ ਦਾ ਮੁੱਖ ਉਦੇਸ਼ ਆਪਣੇ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਦੇ ਵਿਲੱਖਣ ਵਿਚਾਰਾਂ ਅਤੇ ਨਵੀਨਤਾਕਾਰੀ ਕਾਢਾਂ ਨੂੰ ਕਾਨੂੰਨੀ ਤੌਰ 'ਤੇ ਸੁਰੱਖਿਅਤ ਕਰਨਾ ਹੈ। ਇਸ ਆਈਪੀਆਰ ਸੈੱਲ ਦਾ ਉਦਘਾਟਨ ਅੱਜ ਸੀਜੀਸੀ ਲਾਂਡਰਾਂ ਦੇ ਪ੍ਰਧਾਨ ਸ.ਰਸ਼ਪਾਲ ਸਿੰਘ ਧਾਲੀਵਾਲ ਵੱਲੋਂ ਕੀਤਾ ਗਿਆ। ਇਸ ਮੌਕੇ ਉਨ੍ਹਾਂ ਨਾਲ ਡਾ.ਪੀਐਨ ਰੀਸ਼ੀਕੇਸ਼ਾ, ਕੈਂਪਸ ਡਾਇਰੈਕਟਰ, ਸੀਜੀਸੀ ਲਾਂਡਰਾਂ, ਡਾ.ਰੁਚੀ ਸਿੰਗਲਾ, ਡਾਇਰੈਕਟਰ ਆਰ ਐਂਡ ਡੀ, ਸੀਜੀਸੀ ਲਾਂਡਰਾਂ, ਪ੍ਰੋ.(ਡਾ.) ਦਿਨੇਸ਼ ਅਰੋੜਾ, ਆਈਪੀਆਰ ਹੈੱਡ, ਸੀਜੀਸੀ ਲਾਂਡਰਾਂ, ਸੰਸਥਾ ਦੇ ਸਾਰੇ ਡੀਨ ਅਤੇ ਡਾਇਰੈਕਟਰ ਆਦਿ ਵੀ ਮੌਜੂਦ ਸਨ।ਏਸੀਆਈਸੀ ਰਾਈਸ ਐਸੋਸੀਏਸ਼ਨ, ਸੀਜੀਸੀ ਲਾਂਡਰਾ ਅਤੇ ਪੰਜਾਬ ਸਟੇਟ ਕਾਊਂਸਿਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀਐਸਸੀਐਸਟੀ) ਦੇ ਸਹਿਯੋਗ ਨਾਲ ਸਥਾਪਿਤ ਇਸ ਆਈਪੀਆਰ ਸੈੱਲ ਨੂੰ ਪੀਐਸਸੀਐਸਟੀ ਵੱਲੋਂ 50,000 ਰੁਪਏ ਦੀ ਗ੍ਰਾਂਟ ਵੀ ਦਿੱਤੀ ਗਈ ਹੈ।



ਸ.ਰਸ਼ਪਾਲ ਸਿੰਘ ਧਾਲੀਵਾਲ ਨੇ ਨਵੇਂ ਸਥਾਪਿਤ ਕੀਤੇ ਗਏ ਕੇਂਦਰ ਨੂੰ ਸੀਜੀਸੀ ਪਰਿਵਾਰ ਨੂੰ ਸਮਰਪਿਤ ਕਰਦਿਆਂ ਇਸ ਪਹਿਲਕਦਮੀ ਲਈ ਸੀਜੀਸੀ ਦੀ ਟੀਮ ਵੱਲੋਂ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ। ਬੌਧਿਕ ਸੰਪਦਾ ਲਈ ਕੇਂਦਰ ਦੀ ਮਹੱਤਤਾ ਨੂੰ ਦਰਸਾਉਂਦੇ ਹੋਏ ਉਨ੍ਹਾਂ ਕਿਹਾ ਕਿ ਇਹ ਸੀਜੀਸੀ ਦੇ ਯੁਵਾ ਖੋਜਕਾਰਾਂ ਅਤੇ ਉੱਦਮੀਆਂ ਲਈ ਬਹੁਤ ਲਾਭਦਾਇਕ ਹੋਵੇਗਾ ਜੋ ਆਪਣੀ ਨਵੀਨਤਾਕਾਰੀ ਕਾਢਾਂ ਅਤੇ ਵਿਚਾਰਾਂ ਨੂੰ ਆਈਪੀਆਰ ਕਾਨੂੰਨਾਂ ਦੇ ਤਹਿਤ ਸੁਰੱਖਿਅਤ ਰੱਖ ਸਕਦੇ ਹਨ।

ਇਸ ਦੇ ਨਾਲ ਹੀ ਇਹ ਸੈੱਲ ਉਨ੍ਹਾਂ ਨੂੰ ਬੌਧਿਕ ਸੰਪੱਤੀ ਅਧਿਕਾਰਾਂ ਦੀ ਮਹੱਤਤਾ ਬਾਰੇ ਵਧੇਰੇ ਜਾਗਰੂਕ ਹੋਣ ਅਤੇ ਆਪਣੇ ਵਿਚਾਰਾਂ ਨੂੰ ਪੇਟੈਂਟ ਕਰਵਾਉਣ ਲਈ ਵੀ ਉਤਸ਼ਾਹਿਤ ਕਰੇਗਾ।

ਆਈਪੀਆਰ ਕਾਨੂੰਨ ਵੱਲੋਂ ਸੁਰੱਖਿਅਤ ਵਿਸ਼ੇਸ਼ ਅਧਿਕਾਰਾਂ ਦਾ ਅਜਿਹਾ ਸਮੂਹ ਹੈ ਜੋ ਇੱਕ ਨਿਸ਼ਚਿਤ ਸਮੇਂ ਲਈ ਇਨੋਵੇਟਰਾਂ/ਰਚਨਾਕਾਰੀਆਂ ਨੂੰ ਉਹਨਾਂ ਦੀਆਂ ਰਚਨਾਵਾਂ ਲਈ ਪ੍ਰਦਾਨ ਕੀਤੇ ਜਾਂਦੇ ਹਨ। ਇਹ ਅਧਿਕਾਰ ਇਨੋਵੇਟਰਾਂ ਦੇ ਵਿਚਾਰਾਂ ਜਾਂ ਕਾਢਾਂ ਨੂੰ ਵਿਲੱਖਣ ਰੱਖ ਕੇ ਉਨ੍ਹਾਂ ਨੂੰ ਸਕਸ਼ਮ ਬਣਾਉਂਦਾ ਹੈ (ਸ਼ਕਤੀ ਪ੍ਰਦਾਨ ਕਰਦਾ ਹੈ) ਅਤੇ ਰਚਨਾਵਾਂ ਦੀ ਨਕਲ ਕੀਤੇ ਜਾਣ ਤੋਂ ਰੋਕਦਾ ਹੈ।ਇਸ ਦੇ ਨਾਲ ਹੀ ਇਹ ਇਨੋਵੇਟਰਾਂ ਨੂੰ ਪ੍ਰਤੀਯੋਗੀ ਲਾਭ ਅਤੇ ਵਪਾਰਕ ਸਫਲਤਾ ਪ੍ਰਦਾਨ ਕਰਨ ਵਿੱਚ ਵੀ ਸਹਾਇਤਾ ਕਰਦਾ ਹੈ।

## ਲੋਕ ਸੇਵਾ ਕਰਨ ਲਈ ਸਿਆਸਤ 'ਚ ਆਏ ਹਾਂ : ਗੁਰਮੀਤ ਖੁੱਡੀਆਂ

ਬੁਢਲਾਡਾ/ਬਠਿੰਡਾ 26 ਅਪ੍ਰੈਲ। ਲੋਕ ਸ਼ਕਤੀ ਵੱਡੀ ਤਾਕਤ ਹੁੰਦੀ ਹੈ, ਫਿਰਕੂ ਪਾਰਟੀਆਂ ਜੋ ਮਰਜ਼ੀ ਚਾਲਾਂ ਚੱਲਣ ਪਰ ਪੰਜਾਬ ਦੇ ਲੋਕ ਆਪਣੀ ਭਾਈਚਾਰਕ ਸਾਂਝ ਨੂੰ ਕਦੇ ਵੀ ਟੁੱਟਣ ਨਹੀਂ ਦੇਣਗੇ। ਉਨ੍ਹਾਂ ਦੇ ਵਿਰਸੇ 'ਚ ਇਹ ਗੁਣ ਭਰਿਆ ਹੋਇਆ ਹੈ। ਆਮ ਆਦਮੀ ਪਾਰਟੀ ਇਸ ਸਾਂਝ ਨੂੰ ਕਾਇਮ ਰੱਖਣ ਦੀ ਮੁਦੱਈ ਹੈ। ਉਕਤ ਸ਼ਬਦਾਂ ਦਾ ਪ੍ਰਗਟਾਵਾਂ ਲੋਕ ਸਭਾ ਹਲਕਾ ਬਠਿੰਡਾ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਗੁਰਮੀਤ ਸਿੰਘ ਖੁੱਡੀਆਂ ਵਲੋਂ ਕੀਤਾ ਗਿਆ। ਖੁੱਡੀਆਂ ਨੇ ਕਿਹਾ ਕਿ ਉਨ੍ਹਾਂ ਦਾ ਪਰਿਵਾਰ 'ਚ ਪਿਛਲੇ 60 ਸਾਲਾਂ ਤੋਂ ਪੂਰੀ ਈਮਾਨਦਾਰੀ ਨਾਲ ਸਿਆਸਤ ਨਾਲ ਜੁੜਿਆ ਹੋਇਆ ਹੈ। ਉਨ੍ਹਾਂ ਨੇ ਸਿਆਸਤ ਨੂੰ ਲੋਕ ਸੇਵਾ ਸਮਝ ਕੇ ਕੰਮ ਕੀਤਾ ਹੈ ਅਤੇ ਕਰਦੇ ਰਹਿਣਗੇ। ਉਨ੍ਹਾਂ ਨੇ ਕਿਹਾ ਕਿ ਲੋਕ ਵੱਡੀ ਤਾਕਤ ਹੁੰਦੇ ਹਨ। ਇਸ ਮੌਕੇ ਹਲਕਾ ਵਿਧਾਇਕ ਪ੍ਰਿੰਸੀਪਲ ਬੁੱਧ ਰਾਮ, ਚਰਨਜੀਤ ਸਿੰਘ ਅੱਕਾਂਵਾਲੀ, ਚੇਅਰਮੈਨ ਸਤੀਸ਼ ਸਿੰਗਲਾ, ਕੌਂਸਲ ਪ੍ਰਧਾਨ ਸੁਖਪਾਲ ਸਿੰਘ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਰਕਰ ਹਾਜਰ ਸਨ। ਇਸ ਦੌਰਾਨ ਬਠਿੰਡਾ ਲੋਕ ਸਭਾ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਉਮੀਦਵਾਰ ਜਥੇਦਾਰ ਗੁਰਮੀਤ ਸਿੰਘ ਖੁੱਡੀਆਂ ਨੇ ਬਠਿੰਡਾ ਸਹਿਰ ਦਾ ਦੌਰਾ ਕਰਦੇ ਸਹਿਰ ਦੇ ਵੱਖ-ਵੱਖ ਵਾਰਡਾਂ ਤੇ ਮਹੱਲਿਆਂ 'ਚ ਲੋਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਕਿਹਾ ਕਿ ਵਿਰੋਧੀਆਂ ਨੇ ਬਹੁਤ ਜੋਰ ਲਾਇਆ ਕਿ ਉਨ੍ਹਾਂ ਦੇ ਵਿਧਾਇਕ ਅਤੇ ਮੰਤਰੀ ਹੁੰਦਿਆਂ ਉਨ੍ਹਾਂ ਦੀਆਂ ਕੋਈ ਗਲਤੀਆਂ ਕੱਢ ਕੇ ਬਦਨਾਮ ਕਰਨ ਪਰ ਪ੍ਰਮਾਤਮਾ ਦੇ ਓਟ ਆਸਰੇ 'ਤੇ ਤੁਹਾਡੇ ਅਸੀਰਵਾਦ ਸਦਕਾ ਮੈਂ ਪਾਕ ਸਾਫ ਹੋ ਕੇ ਇਸ ਪਰਖ ਦੀ ਘੜੀ 'ਚੋਂ ਨਿਕਲਿਆ ਹਾਂ।



### ਫਾਜਿਲਕਾ 'ਚ ਵਾਪਰਿਆ ਸੜਕ ਹਾਦਸਾ, ਮੋਟਰਸਾਈਕਲ ਸਵਾਰ 2 ਵਿਅਕਤੀਆਂ ਦੀ ਮੌਤ

ਫਾਜ਼ਿਲਕਾ 26 ਅਪ੍ਰੈਲ। ਫਾਜ਼ਿਲਕਾ ਵਿਖੇ ਵਾਪਰੇ ਇਕ ਸੜਕ ਹਾਦਸੇ ਵਿਚ ਮੋਟਰਸਾਈਕਲ ਸਵਾਰ 2 ਵਿਅਕਤੀਆਂ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਹੈ। ਘਟਨਾ ਸਥਾਨ 'ਤੇ ਪੁੱਜੀ ਥਾਣਾ ਸਦਰ ਫਾਜ਼ਿਲਕਾ ਦੀ ਪੁਲਸ ਨੇ ਮ੍ਰਿਤਕਾਂ ਦੇ ਪਰਿਵਾਰਕ ਮੈਂਬਰਾਂ ਦੇ ਬਿਆਨ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਹੈ। ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਆਸ਼ੀਸ਼ ਕੁਮਾਰ ਵਾਸੀ ਫਾਜ਼ਿਲਕਾ ਨੇ ਦੱਸਿਆ ਕਿ ਉਸਦੇ ਪਿਤਾ ਖਰੈਤ ਲਾਲ ਅਤੇ ਸੁਭਾਸ਼ ਚੰਦਰ ਸਵੇਰੇ 5:45 ਵਜੇ ਆਪਣੇ ਮੋਟਰਸਾਈਕਲ 'ਤੇ ਟੋਲ ਪਲਾਜ਼ਾ ਥੇਹਕਲੰਦਰ ਤੋਂ ਲੱਕੜਾਂ ਦਾ ਟਰਾਲਾ ਲੈਣ ਜਾ ਰਹੇ ਸਨ। ਜਦੋਂ ਉਹ ਫਾਜ਼ਿਲਕਾ-ਫਿਰੋਜ਼ਪੁਰ ਰੋਡ 'ਤੇ ਇਥੋਂ 6 ਕਿਲੋਮੀਟਰ ਦੂਰ ਪਿੰਡ ਲਾਲੋਵਾਲੀ ਕੋਲ ਪੁੱਜੇ ਤਾਂ ਤੇਜ ਰਫਤਾਰ ਜਿਪਸੀ ਨਾਲ ਉਨ੍ਹਾਂ ਦੀ ਟੱਕਰ ਹੋ ਗਈ।

# ਪੰਜਾਬ ਦੀ ਸਿਆਸਤ 'ਚ ਅਜੇ ਹੋਰ ਟੁੱਟ-ਭੱਜ ਹੋਣੀ ਬਾਕੀ ! ਕਈ ਲੀਡਰ ਪਾਰਟੀ ਬਦਲਣ ਦੀ ਤਿਆਰੀ 'ਚ

ਕਿਸ਼ਨ ਪਾਲ

ਜਲੰਧਰ 26 ਅਪ੍ਰੈਲ। ਪੰਜਾਬ ਦੀ ਸਿਆਸਤ 'ਚ ਅਜੇ ਹੋਰ ਟੁੱਟ-ਭੱਜ ਹੋਣੀ ਬਾਕੀ ਹੈ। ਪਿਛਲੇ ਇਕ ਹਫਤੇ 'ਚ ਕਈ ਦਿੱਗਜ ਆਗੂਆਂ ਨੇ ਆਪਣੀਆਂ-ਆਪਣੀਆਂ ਪਾਰਟੀਆਂ ਨੂੰ ਅਲਵਿਦਾ ਕਹਿੰਦੇ ਹੋਏ ਪਾਲਾ ਬਦਲ ਲਿਆ ਹੈ। ਪੰਜਾਬ 'ਚ ਲੋਕ ਸਭਾ ਦੀਆਂ 13 ਸੀਟਾਂ ਲਈ ਵੋਟਾਂ 1 ਜੂਨ ਨੂੰ ਪੈਣੀਆਂ ਹਨ ਅਤੇ ਲੰਬੀ ਚੋਣ ਪ੍ਰਕਿਰਿਆ ਹੋਣ ਦੇ ਕਾਰਨ ਦਲ-ਬਦਲ ਨੂੰ ਲਗਾਤਾਰ ਹੁਲਾਰਾ ਮਿਲ ਰਿਹਾ ਹੈ। ਸਿਆਸੀ ਪਾਰਟੀਆਂ ਨੂੰ ਚੋਣਾਂ ਲੜਨ ਲਈ ਆਗੂਆਂ ਦੀ ਘਾਟ ਮਹਿਸੂਸ ਹੋ ਰਹੀ ਹੈ। ਆਮ ਆਦਮੀ ਪਾਰਟੀ ਨੇ ਜਿਥੇ ਇਕ ਪਾਸੇ ਸਾਰੀਆਂ 13 ਸੀਟਾਂ 'ਤੇ ਆਪਣੇ ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ ਤਾਂ ਉੱਥੇ ਹੀ ਵਿਰੋਧੀ ਪਾਰਟੀਆਂ ਭਾਜਪਾ, ਕਾਂਗਰਸ ਅਤੇ ਅਕਾਲੀ ਦਲ ਅਜੇ ਵੀ ਉਮੀਦਵਾਰਾਂ ਦੀ ਚੋਣ ਕਰਨ 'ਚ ਲੱਗੀਆਂ ਹੋਈਆਂ ਹਨ। ਇਸ ਸਮੇਂ ਸਭ ਤੋਂ ਵੱਧ ਸਿਆਸੀ ਧਮਾਕੇ ਕਾਂਗਰਸ 'ਚ ਹੋ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਵੀ ਲਗਾਤਾਰ ਵੱਖ-ਵੱਖ ਆਗੂਆਂ ਨੂੰ ਆਮ ਆਦਮੀ ਪਾਰਟੀ 'ਚ ਲਿਆਉਣ 'ਚ ਲੱਗੇ ਹੋਏ ਹਨ। ਪੰਜਾਬ 'ਚ ਚੋਣ ਨੋਟੀਫਿਕੇਸ਼ਨ ਮਈ ਦੇ ਪਹਿਲੇ ਹਫਤੇ 'ਚ ਜਾਰੀ ਹੋਣਾ ਹੈ, ਜਿਸ 'ਚ ਅਜੇ ਵੀ ਕਾਫੀ ਸਮਾਂ ਬਾਕੀ ਹੈ। ਇਸ ਲਈ ਸਿਆਸੀ ਹਲਕਿਆਂ 'ਚ ਕਿਹਾ ਜਾ ਰਿਹਾ ਹੈ ਕਿ ਪੰਜਾਬ ਦੀ ਸਿਆਸਤ 'ਚ ਅਜੇ ਟੁੱਟ-ਭੱਜ ਦਾ ਕਾਰਜ ਬਾਕੀ ਹੈ ਅਤੇ ਇਸ ਲਈ ਵੱਖ-ਵੱਖ ਸਿਆਸੀ ਆਗੂ ਇਕ-ਦੂਜੇ ਨਾਲ ਸੰਪਰਕ ਕਰਨ 'ਚ ਲੱਗੇ ਹੋਏ ਹਨ। ਕਿਹਾ ਜਾ ਰਿਹਾ ਹੈ ਕਿ ਕਾਂਗਰਸ ਦੇ ਇਕ-ਦੋ ਵੱਡੇ ਆਗੂ ਆਉਣ ਵਾਲੇ ਦਿਨਾਂ 'ਚ ਪਾਲਾ ਬਦਲ ਸਕਦੇ ਹਨ। ਇਹ ਆਗੂ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ




ਦੇ ਸੰਪਰਕ 'ਚ ਦੱਸੇ ਜਾ ਰਹੇ ਹਨ। ਆਮ ਆਦਮੀ ਪਾਰਟੀ ਦੇ ਅੰਦਰ ਵੀ ਚਰਚਾ ਚੱਲ ਰਹੀ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਕੁਝ ਹੋਰ ਆਗੂਆਂ ਨੂੰ 'ਆਪ' 'ਚ ਸ਼ਾਮਲ ਕਰ ਸਕਦੇ ਹਨ। ਇਸ ਲਈ ਕਈ ਵਿਰੋਧੀ ਆਗੂਆਂ ਨੇ ਮੁੱਖ ਮੰਤਰੀ ਤੇ ਉਨ੍ਹਾਂ ਦੇ ਨੇੜਲਿਆਂ ਨਾਲ ਸੰਪਰਕ ਬਣਾਇਆ ਹੋਇਆ ਹੈ। ਸਿਆਸੀ ਹਲਕਿਆਂ 'ਚ ਇਹ ਵੀ ਚਰਚਾ ਚੱਲ ਰਹੀ ਹੈ ਕਿ ਹੁਣ ਆਗੂਆਂ ਅੱਗੇ ਪੰਜਾਬ 'ਚ ਕਾਫੀ ਬਦਲ ਮੌਜੂਦ ਹਨ। ਸੂਬੇ 'ਚ ਇਸ ਸਮੇਂ 'ਆਪ', ਕਾਂਗਰਸ, ਭਾਜਪਾ, ਅਕਾਲੀ ਦਲ ਸਣੇ ਹੋਰ ਸਿਆਸੀ ਪਾਰਟੀਆਂ ਮੌਜੂਦ ਹਨ। ਇਸ ਲਈ ਜਿਸ ਆਗੂ ਨੂੰ ਟਿਕਟ ਨਹੀਂ ਮਿਲਦੀ, ਉਹ ਦੂਜੀ ਪਾਰਟੀ 'ਚ ਚਲਿਆ ਜਾਂਦਾ ਹੈ। ਪਹਿਲੀ ਵਾਰ ਪੰਜਾਬ ਦੇ ਚੋਣ ਦ੍ਰਿਸ਼ 'ਚ ਲੋਕਾਂ ਨੂੰ ਭਾਰੀ ਉਲਟਫੇਰ ਤੇ ਦਲ-ਬਦਲ ਦੀਆਂ ਘਟਨਾਵਾਂ ਦੇਖਣ ਨੂੰ ਮਿਲ ਰਹੀਆਂ ਹਨ, ਨਹੀਂ ਤਾਂ ਇਸ ਤੋਂ ਪਹਿਲਾਂ ਸਾਰੀਆਂ ਚੋਣਾਂ ਸ਼ਾਂਤਮਈ ਢੰਗ ਨਾਲ ਸੰਪੰਨ ਹੁੰਦੀਆਂ ਸਨ।

## ਸੰਗਰੂਰ 'ਚ ਦੇਹ ਵਪਾਰ ਦੇ ਅੱਡੇ 'ਤੇ ਪੁਲਸ ਦਾ ਵੱਡਾ ਛਾਪਾ, ਕਈ ਜੋੜੇ ਰੰਗੇ ਹੱਥੀਂ ਗ੍ਰਿਫਤਾਰ

ਸੰਗਰੂਰ 26 ਅਪ੍ਰੈਲ। ਪੁਲਸ ਨੇ ਸਥਾਨਕ ਮਹਿਲਾ ਰੋਡ 'ਤੇ ਇਕ ਘਰ ਅਤੇ ਨਾਲ ਲੱਗਦੀ ਦੋ ਮੰਜ਼ਿਲਾ ਇਮਾਰਤ 'ਚ ਸਹਿਰ ਦੀ ਇਕ ਔਰਤ ਵੱਲੋਂ ਚਲਾਏ ਜਾ ਰਹੇ ਦੇਹ ਵਪਾਰ ਦੇ ਅੱਡੇ ਦਾ ਪਰਦਾਫਾਸ ਕੀਤਾ ਹੈ। ਗੁਪਤ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਉਕਤ ਜਗ੍ਹਾ 'ਤੇ ਛਾਪਾ ਮਾਰ ਕੇ ਦੇਹ ਵਪਾਰ ਦੇ ਮੁੱਖ ਸਰਗਣੇ ਔਰਤ ਅਤੇ 6 ਜੋੜਿਆਂ ਨੂੰ ਗ੍ਰਿਫਤਾਰ ਕਰ ਲਿਆ ਹੈ। ਪੁਲਸ ਨੇ ਇਨ੍ਹਾਂ ਖ਼ਿਲਾਫ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦਿਆਂ ਥਾਣਾ ਸਿਟੀ ਸੰਗਰੂਰ ਦੇ ਐੱਸ. ਐੱਚ. ਓ. ਕੁਲਵਿੰਦਰ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਸੂਚਨਾ ਮਿਲੀ ਸੀ ਕਿ ਕਮਲਜੀਤ ਕੌਰ ਵਾਸੀ ਕਰਤਾਰਪੁਰਾ ਬਸਤੀ, ਹੇਰੜੀ ਰੋਡ ਸੰਗਰੂਰ ਬਾਹਰੋਂ ਲੜਕੀਆਂ ਨੂੰ ਵਰਗਲਾ ਕੇ ਲਿਆਉਂਦੀ ਹੈ ਅਤੇ ਮਹਿਲਾ ਰੋਡ 'ਤੇ ਇਕ ਰਿਹਾਇਸੀ ਮਕਾਨ ਹੈ ਅਤੇ ਦੋ ਮੰਜ਼ਿਲਾਂ ਇਮਾਰਤ ਕਮਰਿਆਂ 'ਚ ਪੈਸੇ ਲਈ ਵੇਸਵਾਗਮਨੀ ਦਾ ਧੰਦਾ ਚੱਲਦਾ ਹੈ। ਗੁਪਤ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਕਮਲਜੀਤ ਕੌਰ ਦੇ ਘਰ ਅਤੇ ਨਾਲ ਲੱਗਦੀ ਇਮਾਰਤ 'ਚ ਛਾਪੇਮਾਰੀ ਕੀਤੀ। ਇਸ ਦੌਰਾਨ ਪੁਲਸ ਨੇ ਕਮਲਜੀਤ ਕੌਰ ਵਾਸੀ ਕਰਤਾਰਪੁਰਾ ਬਸਤੀ ਸੰਗਰੂਰ, ਚਰਨਜੀਤ ਕੌਰ ਵਾਸੀ ਸੁਨਾਮ, ਭਾਵਨਾ ਵਾਸੀ ਫੈਜਾਬਾਦ ਜ਼ਿਲ੍ਹਾ ਫੈਜਾਬਾਦ ਹਾਲ ਆਬਾਦ ਦਸਮੇਸ ਨਗਰ ਸੰਗਰੂਰ, ਅਮਨਦੀਪ ਕੌਰ ਵਾਸੀ ਰਾਹੋਂ ਰੋਡ ਲੁਧਿਆਣਾ, ਸੰਦੀਪ ਕੌਰ ਕਿਸਨਪੁਰਾ ਬਸਤੀ ਸੰਗਰੂਰ, ਪੂਜਾ ਨਿਵਾਸੀ ਰਾਹੋ ਰੋਡ ਲੁਧਿਆਣਾ, ਬਲਜੀਤ ਕੌਰ ਵਾਸੀ ਛੋਟੀ ਮੋਦਨ ਜ਼ਿਲ੍ਹਾ ਪਟਿਆਲਾ, ਗੁਰਜੀਤ ਸਿੰਘ ਵਾਸੀ ਧੂਰੀ, ਲਖਬੀਰ ਸਿੰਘ ਵਾਸੀ ਲਖਮੀਰਵਾਲਾ ਸੁਨਾਮ, ਅਸਵਨੀ ਕੁਮਾਰ ਵਾਸੀ ਧੂਰੀ, ਮਨਪ੍ਰੀਤ ਸਿੰਘ ਵਾਸੀ ਤਰੰਜੀਖੇੜਾ, ਗੁਰਪ੍ਰੀਤ ਸਿੰਘ ਵਾਸੀ ਰਾਮਨਗਰ ਬਸਤੀ ਸੰਗਰੂਰ ਅਤੇ ਰਿੰਕੂ ਗ੍ਰਿਫਤਾਰ ਕੀਤੇ ਗਏ ਸਨ। ਇਨ੍ਹਾਂ ਸਾਰਿਆਂ ਖ਼ਿਲਾਫ ਥਾਣਾ ਸਿਟੀ ਸੰਗਰੂਰ ਵਿਖੇ ਵੱਖ-ਵੱਖ ਧਾਰਾਵਾਂ ਤਹਿਤ ਮਾਮਲਾ ਦਰਜ ਕਰ ਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

## ਜਲੰਧਰ 'ਚ 'ਚੰਨੀ' ਨੂੰ ਛੱਡ ਕੇ ਸਾਰੇ ਉਮੀਦਵਾਰ 'ਉਧਾਰੇ' ! ਦੁਆਬੇ 'ਚ ਦਿਸਣਗੇ ਨਵੇਂ ਨਜ਼ਾਰੇ

ਲੁਧਿਆਣਾ 26 ਅਪ੍ਰੈਲ। ਦੁਆਬੇ ਦੀ ਰਾਜਧਾਨੀ ਜਲੰਧਰ ਲੋਕ ਸਭਾ ਹਲਕੇ 'ਚ ਅੱਜ-ਕੱਲ ਚੋਣ ਪ੍ਰਚਾਰ ਸ਼ੁਰੂ ਹੋ ਗਿਆ ਹੈ। ਇਸ ਹਲਕੇ 'ਚ ਹੁਣ ਕਿਸੇ ਵੀ ਵੇਲੇ ਇਕ-ਦੂਜੇ ਦੇ ਸਿਆਸੀ ਦੁਸ਼ਮਣ ਤੇ ਵੱਡੇ-ਵੱਡੇ ਦੋਸ਼ ਲਾਉਣ ਵਾਲੇ ਨੇਤਾ, ਜੋ ਹੁਣ ਪਾਰਟੀਆਂ ਬਦਲ ਕੇ ਇਧਰ-ਉਧਰ ਚਲੇ ਗਏ ਹਨ, ਅਜੀਬੋ-ਗਰੀਬ ਤਰੀਕੇ ਨਾਲ ਪ੍ਰਚਾਰ ਕਰਨਗੇ ਤੇ ਆਪਣੇ ਵੇਲੇ ਕਿਸੇ ਹਿੱਕ ਦਾ ਬਾਲ ਰਹੇ ਵਿਰੋਧੀਆਂ ਨੂੰ ਪਾਣੀ ਪੀ-ਪੀ ਕੇ ਕੋਸਣਗੇ। ਜੇਕਰ ਗੱਲ ਕੀਤੀ ਜਾਵੇ ਤਾਂ ਸਾਰੀ ਉਮਰ ਕਾਂਗਰਸ ਪਾਰਟੀ ਦੇ ਸੂਬਾ ਪ੍ਰਧਾਨ, ਮੈਂਬਰ ਪਾਰਲੀਮੈਂਟ, ਕੈਬਨਿਟ ਮੰਤਰੀ ਰਹੇ ਮਹਿੰਦਰ ਸਿੰਘ ਕੇ. ਪੀ. ਹੁਣ ਕੱਟੜ ਵਿਰੋਧੀ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੇ ਉਮੀਦਵਾਰ ਬਣ ਕੇ ਤੱਕੜੀ ਦਾ ਗੁਣਗਾਨ ਕਰਨਗੇ ਤੇ ਕਾਂਗਰਸ ਨੂੰ ਚੌਰਾਹੇ 'ਚ ਭੰਡਣਗੇ। ਇਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਦੀ ਟਿਕਟ 'ਤੇ ਵਿਧਾਇਕ, ਚੀਫ ਸੰਸਦੀ ਸਕੱਤਰ ਰਹੇ ਪਵਨ ਕੁਮਾਰ ਟੀਨੂੰ ਨੇ ਹੁਣ ਝਾੜੂ ਫੜ ਲਿਆ ਹੈ ਤੇ ਸ਼੍ਰੋਮਣੀ ਅਕਾਲੀ ਦਲ, ਕਾਂਗਰਸ ਤੇ ਭਾਜਪਾ ਦੇ ਦੁਆਲੇ ਹੋਣਗੇ। ਇਸੇ ਤਰ੍ਹਾਂ ਕਿਸੇ ਵੇਲੇ ਕਾਂਗਰਸ ਦੇ ਵਿਧਾਇਕ ਰਹੇ ਤੇ ਪਿਛਲੇ ਸਾਲ ਭਗਵੰਤ ਮਾਨ ਦੀ ਟਿਕਟ 'ਤੇ ਜ਼ਿਮਨੀ ਚੋਣ ਜਿੱਤਣ ਵਾਲੇ ਸੁਸ਼ੀਲ ਕੁਮਾਰ ਰਿੰਕੂ ਪਲਟਾ ਮਾਰ ਕੇ ਭਾਜਪਾ 'ਚ ਚਲੇ ਗਏ। ਹੁਣ ਉਹ ਆਮ ਆਦਮੀ ਪਾਰਟੀ ਤੇ ਕਾਂਗਰਸ ਨੂੰ ਆੜੇ ਹੱਥੀਂ ਲੈਂਣਗੇ। ਜੇਕਰ ਇਸ ਹਲਕੇ 'ਚ ਕਿਸੇ ਪਾਰਟੀ ਨੇ ਆਪਣਾ ਉਮੀਦਵਾਰ ਮੈਦਾਨ 'ਚ ਉਤਾਰਿਆ ਹੈ ਤਾਂ ਉਹ ਕਾਂਗਰਸ ਹੈ, ਜਿਸ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਨੂੰ ਟਿਕਟ ਦੇ ਕੇ ਨਿਵਾਜਿਆ ਹੈ। ਹੁਣ ਇਸ ਲੋਕ ਸਭਾ ਹਲਕੇ ਤੋਂ ਕਿਸੇ ਵੀ ਵੇਲੇ ਪਾਰਟੀਆਂ 'ਚ ਰਹੇ ਹੀਰੇ ਹੁਣ ਆਪੋ ਆਪਣੀਆਂ ਮਾਂ ਪਾਰਟੀਆਂ ਕਿਵੇਂ ਭੰਡਣਗੇ। ਇਸ ਲਈ ਇਹ ਦੇਖਣ ਲਈ ਦੁਆਬੇ ਦੇ ਵੋਟਰ ਤਿਆਰ ਹੋ ਜਾਣ।

## ਕ੍ਰਾਈਮ ਬਰਾਂਚ ਨੇ ਚੋਰੀ ਦੇ ਵਾਹਨਾਂ ਸਣੇ ਤਿੰਨ ਵਿਅਕਤੀਆਂ ਨੂੰ ਕੀਤਾ ਗ੍ਰਿਫਤਾਰ

ਏਜੰਸੀਆਂ

ਜਲੰਧਰ 26 ਅਪ੍ਰੈਲ। ਜਲੰਧਰ ਪੁਲਸ ਕਮਿਸਨਰੇਟ ਪੁਲਸ ਕਮਿਸਨਰ ਸ੍ਰੀ ਸਵਪਨ ਸਰਮਾ ਦੀ ਅਗਵਾਈ ਹੇਠ ਕ੍ਰਾਈਮ ਬਰਾਂਚ ਦੀ ਪੁਲਸ ਨੇ ਕ੍ਰਾਈਮ



ਬਰਾਂਚ ਦੇ ਮੁਖੀ ਸੈਕਟਰ ਹਰਿੰਦਰ ਸਿੰਘ ਦੀ ਟੀਮ ਨੇ ਤਿੰਨ ਚੋਰਾਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ ਚੋਰੀ ਦੇ ਵਾਹਨ ਬਰਾਮਦ ਕੀਤੇ ਹਨ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪੁਲਸ ਕਮਿਸਨਰ ਨੇ ਦੱਸਿਆ ਕਿ ਪੁਲਸ ਨੂੰ ਇਤਲਾਹ ਮਿਲੀ ਸੀ ਕਿ ਦਿਲਪ੍ਰੀਤ ਸਿੰਘ ਉਰਫ ਦੀਪੂ ਪੁੱਤਰ ਵਰਜਿੰਦਰ ਸਿੰਘ ਵਾਸੀ 88/7 ਗੁਰਦੇਵ ਨਗਰ ਜਲੰਧਰ ਅਤੇ ਮਨਿੰਦਰ ਸਿੰਘ ਉਰਫ ਵਿੱਕੀ ਪੁੱਤਰ ਦਵਿੰਦਰ ਸਿੰਘ ਵਾਸੀ 227. ਹਰਨਾਮਦਾਸ ਪੁਰਾ ਜਲੰਧਰ, ਜੋਕਿ ਜੁਰਮਾਂ ਵਿਚ ਸਾਮਲ ਹਨ, ਜਲੰਧਰ ਦੇ ਜੇਲ੍ਹ ਚੌਂਕ ਨੇੜੇ ਚੋਰੀ ਦੇ ਮੋਟਰਸਾਈਕਲ 'ਤੇ ਸਵਾਰ ਸਨ। ਉਨ੍ਹਾਂ ਦੱਸਿਆ ਕਿ ਇਸ ਸੂਚਨਾ 'ਤੇ ਕਾਰਵਾਈ ਕਰਦਿਆਂ ਪੁਲਸ ਨੇ ਜਾਲ ਵਿਛਾਇਆ ਤਾਂ ਦੋ ਨੌਜਵਾਨਾਂ ਨੂੰ ਮੋਟਰਸਾਈਕਲ ਰਜਿਸਟ੍ਰੇਸਨ ਨੰਬਰ ਪੀ. ਬੀ.08-ਈ. ਯੂ-5663 ਨਾਲ ਆਉਂਦੇ ਵੇਖਿਆ। ਸਵਪਨ ਸਰਮਾ ਨੇ ਦੱਸਿਆ ਕਿ ਤਫਤੀਸ ਦੌਰਾਨ ਨੌਜਵਾਨ ਵਾਹਨ ਦੇ ਮਾਲਕ ਬਾਰੇ ਕੋਈ ਜਾਣਕਾਰੀ ਨਹੀਂ ਦੇ ਸਕੇ, ਜਿਸ ਤੋਂ ਬਾਅਦ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਪੁਲਸ ਕਮਿਸਨਰ ਨੇ ਅੱਗੇ ਦੱਸਿਆ ਕਿ ਗ੍ਰਿਫਤਾਰ ਕੀਤੇ ਨੌਜਵਾਨਾਂ ਨੇ ਪੁੱਛਗਿੱਛ ਦੌਰਾਨ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਦਾ ਸਾਥੀ ਬੁੱਧ ਪ੍ਰਕਾਸ ਸਿੰਘ ਪੁੱਤਰ ਅਮਰੀਕ ਸਿੰਘ ਵਾਸੀ 386ਬੀ ਮੋਹਨ ਵਿਹਾਰ ਲੱਧੇਵਾਲੀ ਜਲੰਧਰ ਵੀ ਉਨ੍ਹਾਂ ਨਾਲ ਵਾਹਨ ਚੋਰੀ ਕਰਨ ਵਿਚ ਸਾਮਲ ਸੀ। ਇਸ ਸਬੰਧੀ ਉਨ੍ਹਾਂ ਦੱਸਿਆ ਕਿ ਪੁਲਸ ਨੇ ਬੁੱਧ ਪ੍ਰਕਾਸ ਸਿੰਘ ਨੂੰ ਗ੍ਰਿਫਤਾਰ ਕਰਕੇ ਉਸ ਪਾਸੋਂ ਇਕ ਐਕਟਿਵਾ, ਜਿਸ ਦਾ ਰਜਿਸਟ੍ਰੇਸਨ ਨੰਬਰ ਪੀ. ਬੀ. 08-ਈ. ਡੀ.-3502 ਸੀ, ਬਰਾਮਦ ਕੀਤਾ, ਜਿਸ 'ਤੇ ਜਾਅਲੀ ਨੰਬਰ ਪਲੇਟ ਲੱਗੀ ਹੋਈ ਸੀ, ਜਿਸ 'ਤੇ ਰਜਿਸਟ੍ਰੇਸਨ ਨੰਬਰ ਪੀ. ਬੀ.08-ਈ ਡੀ-3534 ਲਿਖਿਆ ਹੋਇਆ ਸੀ। ਸਵਪਨ ਸਰਮਾ ਨੇ ਦੱਸਿਆ ਕਿ ਮੁਲਜਮਾਂ ਨੇ ਚੋਰੀ ਦੀਆਂ ਕਈ ਵਾਰਦਾਤਾਂ ਵਿੱਚ ਆਪਣੀ ਸਮੂਲੀਅਤ ਕਬੂਲ ਕੀਤੀ ਹੈ ਅਤੇ 3-4 ਦਿਨ ਪਹਿਲਾਂ ਹੀ ਜਲੰਧਰ ਦੇ ਲਵਲੀ ਸਵੀਟਸ ਰੋਡ 'ਤੇ ਇਕ ਵਿਅਕਤੀ ਤੋਂ ਮੋਟਰਸਾਈਕਲ ਖੋਹਣ ਦੀ ਗੱਲ ਕਬੂਲੀ ਹੈ। ਪੁਲਸ ਕਮਿਸਨਰ ਨੇ ਦੱਸਿਆ ਕਿ ਉਨ੍ਹਾਂ ਦੇ ਖ਼ਿਲਾਫ ਥਾਣਾ ਡਿਵੀਜਨ 2 ਜਲੰਧਰ ਵਿਖੇ ਐੱਫ. ਆਈ. ਆਰ. ਨੰਬਰ 34 ਮਿਤੀ 21-04-2024, ਅਧੀਨ 379ਬੀ,34,411 ਆਈ. ਪੀ. ਸੀ. ਦਰਜ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਮਨਿੰਦਰ ਅਤੇ ਦਿਲਪ੍ਰੀਤ ਖ਼ਿਲਾਫ ਪਹਿਲਾਂ ਵੀ ਸਹਿਰ ਦੇ ਵੱਖ-ਵੱਖ ਥਾਣਿਆਂ ਵਿੱਚ ਕੇਸ ਦਰਜ ਹਨ। ਸਵਪਨ ਸਰਮਾ ਨੇ ਕਿਹਾ ਕਿ ਮਾਮਲੇ ਦੀ ਅਗਲੇਰੀ ਜਾਂਚ ਕੀਤੀ ਜਾ ਰਹੀ ਹੈ ਅਤੇ ਵੇਰਵੇ ਬਾਅਦ ਵਿੱਚ ਸਾਂਝੇ ਕੀਤੇ ਜਾਣਗੇ।

## ਵੱਡੀ ਵਾਰਦਾਤ ਨਾਲ ਕੰਬਿਆ ਅੰਮ੍ਰਿਤਸਰ, ਨਾਕੇ ਤੋਂ ਕੁਝ ਦੂਰੀ 'ਤੇ 2 ਧਿਰਾਂ ਵਿਚਾਲੇ ਅੰਨ੍ਹੇਵਾਹ ਗੋਲੀਬਾਰੀ

ਏਜੰਸੀਆਂ

ਅੰਮ੍ਰਿਤਸਰ 26 ਅਪ੍ਰੈਲ। ਅੰਮ੍ਰਿਤਸਰ ਦੇ ਪਾਸ਼ ਇਲਾਕੇ ਰਣਜੀਤ ਐਵੇਨਿਊ ਵਿਚ ਦੋ ਧਿਰਾਂ ਵਿਚਕਾਰ ਅੰਨ੍ਹੇਵਾਹ ਗੋਲੀਬਾਰੀ ਹੋ ਗਈ, ਜਿਸ ਵਿਚ ਅਜੈਦੀਪ ਸਿੰਘ ਨਾਂ ਦਾ ਨੌਜਵਾਨ ਗੋਲੀ ਲੱਗਣ ਨਾਲ ਜਖਮੀ ਹੋ ਗਿਆ ਅਤੇ ਉਸ ਨੂੰ ਇਲਾਜ ਲਈ ਨਿੱਜੀ ਹਸਪਤਾਲ ਵਿਚ ਦਾਖਲ ਕਰਵਾਇਆ ਗਿਆ ਹੈ, ਜੇਕਰ ਚਸਮਦੀਦ ਗਵਾਹਾਂ ਦੀ ਮੰਨੀਏ ਤਾਂ ਦੋਵਾਂ ਧਿਰਾਂ ਦਰਮਿਆਨ ਦਰਜਨਾਂ ਗੋਲੀਆਂ ਚੱਲੀਆਂ, ਜਦੋਂਕਿ ਪੁਲਸ ਵਲੋਂ ਇਸ ਘਟਨਾ ਨੂੰ ਪੈਸਿਆਂ ਦੇ ਲੈਣ-ਦੇਣ ਨੂੰ ਲੈ ਕੇ ਮਾਮਲਾ ਦਰਜ ਕਰਕੇ ਦਬਾਉਣ ਦੀ ਕੋਸ਼ਿਸ ਕੀਤੀ ਜਾ ਰਹੀ ਹੈ। ਇਕ ਪਾਸੇ ਜਿੱਥੇ ਚੋਣ ਜਾਬਤਾ ਲਾਗੂ ਹੈ, ਉੱਥੇ ਹੀ ਦੂਜੇ ਪਾਸੇ ਰਣਜੀਤ ਐਵੇਨਿਊ ਵਿਚ ਨੀਮ ਫੌਜੀ ਬਲਾਂ ਦੇ ਪੱਕੇ ਨਾਕੇ ਤੋਂ ਕੁਝ ਦੂਰੀ 'ਤੇ ਹੀ ਗੁੰਡਾਗਰਦੀ ਦਾ ਨੰਗਾ ਨਾਚ ਦੇਖਣ ਨੂੰ ਮਿਲ ਰਿਹਾ ਹੈ। ਇਸ ਮਾਮਲੇ ਨੂੰ ਲੈ ਕੇ ਦਿਨ-ਦਿਹਾੜੇ ਦੋ ਧਿਰਾਂ ਵਿਚਾਲੇ ਹੋਈ ਗੋਲੀਬਾਰੀ ਨੇ ਲੋਕਾਂ ਦੇ ਦਿਲਾਂ 'ਚ ਦਹਿਸਤ ਦਾ ਮਾਹੌਲ ਪੈਦਾ ਕਰ ਦਿੱਤਾ ਹੈ, ਲੋਕਾਂ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਦਾ ਇਹ ਪਾਸ ਇਲਾਕਾ ਵੀ ਸੁਰੱਖਿਅਤ ਨਹੀਂ ਹੈ। ਏ. ਡੀ. ਸੀ. ਪੀ. ਪ੍ਰਭਜੋਤ ਸਿੰਘ ਵਿਰਕ ਅਤੇ ਏ. ਸੀ. ਪੀ. ਨਾਰਥ ਵਰਿੰਦਰਾ ਸਿੰਘ ਖੋਸਾ ਦਾ ਕਹਿਣਾ ਹੈ ਕਿ ਗੋਲੀਬਾਰੀ ਦੀ ਘਟਨਾ ਅਜੇ ਦੀਪ ਸਿੰਘ, ਰਾਜਦੀਪ ਸਿੰਘ, ਅਰਸਦੀਪ ਸਿੰਘ ਅਤੇ ਬਲਿਹਾਰ ਸਿੰਘ ਵਿਚਕਾਰ ਹੋਈ ਹੈ, ਜਿਸ ਦਾ ਕਾਰਨ



ਵਿਦੇਸ਼ ਜਾਣ ਲਈ ਤੈਅ ਕੀਤੇ ਗਏ ਪੈਸੇ ਸੀ। ਅਜੇ ਦੀਪ ਸਿੰਘ, ਰਾਜਦੀਪ ਵਲੋਂ ਅਰਸਦੀਪ ਬਲਿਹਾਰ ਦੇ ਵੀਜੇ ਸਬੰਧੀ 26 ਲੱਖ ਰੁਪਏ ਵਿਚ ਗੱਲ ਹੋਈ ਸੀ ਜਦਕਿ ਬਾਅਦ 'ਚ 29 ਲੱਖ ਰੁਪਏ ਦੀ ਮੰਗ ਕੀਤੀ ਗਈ ਸੀ, ਫਿਲਹਾਲ ਪੁਲਸ ਮਾਮਲੇ ਦੀ ਬਾਰੀਕੀ ਨਾਲ ਜਾਂਚ ਕਰ ਰਹੀ ਹੈ, ਜਿਸ ਤੋਂ ਬਾਅਦ ਦੋਸੀਆਂ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਮੌਕੇ 'ਤੇ ਮੌਜੂਦ ਵਿਸਾਲ ਸੱਭਰਵਾਲ ਦਾ ਕਹਿਣਾ ਹੈ ਕਿ ਅੱਜ ਰਣਜੀਤ ਐਵੇਨਿਊ ਇਲਾਕੇ 'ਚ ਸਰੇਆਮ ਗੋਲੀਬਾਰੀ ਹੋਈ, ਜਿਸ 'ਚ ਇਕ ਨੌਜਵਾਨ ਵੀ ਜਖਮੀ ਹੋ ਗਿਆ, ਜਿਸ ਕਾਰਨ ਆਸ-ਪਾਸ ਦੇ ਲੋਕ ਆਪਣੇ ਘਰਾਂ 'ਚ ਲੁਕੇ ਹੋਏ ਹਨ ਅਤੇ ਦਹਿਸਤ ਦੇ ਮਾਹੌਲ 'ਚ ਹਨ। ਲੋਕ ਸਭਾ ਚੋਣਾਂ ਨੂੰ ਲੈ ਕੇ ਦੇਸ ਭਰ ਵਿਚ ਚੋਣ ਜਾਬਤਾ ਲਾਗੂ ਹੋ ਗਿਆ ਹੈ। ਪੰਜਾਬ ਪੁਲਸ ਦੇ ਨਾਲ-ਨਾਲ ਪੈਰਾ ਮਿਲਟਰੀ ਬਲ 24 ਘੰਟੇ ਪੰਜਾਬ ਪੁਲਸ ਦੇ ਨਾਲ-ਨਾਲ ਰਣਜੀਤ ਐਵੇਨਿਊ ਇਲਾਕੇ 'ਚ ਵੀ ਪਹਿਰਾ ਦੇ ਰਹੇ ਹਨ ਅਤੇ ਵਾਹਨਾਂ ਅਤੇ ਸੱਕੀ ਵਿਅਕਤੀਆਂ ਦੀ ਜਾਂਚ ਕਰਨ ਦਾ ਦਾਅਵਾ ਕਰ ਰਹੀ ਹੈ ਪਰ ਇਸ ਦੌਰਾਨ ਰਣਜੀਤ ਐਵੇਨਿਊ ਵਿਚ ਦਿਨ ਦਿਹਾੜੇ ਦੋ ਧਿਰਾਂ ਦਰਮਿਆਨ ਹੋਈ ਗੋਲੀਬਾਰੀ ਨੇ ਪੁਲਸ ਦੇ ਦਾਅਵਿਆਂ ਦੀ ਫੂਕ ਕੱਢ ਦਿੱਤੀ ਹੈ, ਬੇਸੱਕ ਪੁਲਸ ਮੁਲਜਮਾਂ ਨੂੰ ਗ੍ਰਿਫਤਾਰ ਕਰ ਕੇ ਮਾਮਲੇ ਦੀ ਜਾਂਚ ਕਰਨ ਦੇ ਦਾਅਵੇ ਕਰ ਰਹੀ ਹੈ ਪਰ ਅੱਜ ਦੀ ਘਟਨਾ ਨੇ ਇਨ੍ਹਾਂ ਦਾਅਵਿਆਂ ਦੀ ਪੋਲ ਖੋਲ੍ਹ ਦਿੱਤੀ ਹੈ।

## ਇਟਲੀ 'ਚ ਅੰਮ੍ਰਿਤਧਾਰੀ ਸਿੱਖ 'ਤੇ ਕਿਰਪਾਨ ਪਹਿਨਣ ਕਰਕੇ ਪਰਚਾ ਦਰਜ ਕਰਨਾ ਧਾਰਮਿਕ ਅਜਾਦੀ ਦੇ ਵਿਰੁੱਧ: ਐਡ. ਧਾਮੀ

ਏਜੰਸੀਆਂ

ਅੰਮ੍ਰਿਤਸਰ 26 ਅਪ੍ਰੈਲ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਟਲੀ ਦੇ ਮਿਲਾਨ ਸਹਿਰ ਵਿਖੇ ਅੰਮ੍ਰਿਤਧਾਰੀ ਸਿੱਖ ਗੁਰਬਚਨ ਸਿੰਘ ਵਿਰੁੱਧ ਕਿਰਪਾਨ ਪਹਿਨਣ ਕਰਕੇ ਦਰਜ ਕੀਤੇ ਪਰਚੇ ਦੀ ਕਾਰਵਾਈ ਦੀ ਸਖਤ ਸਬਦਾਂ ਵਿੱਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਕਿਰਪਾਨ ਸਿੱਖਾਂ ਦੇ ਪੰਜ ਕਕਾਰਾਂ ਵਿੱਚੋਂ ਇੱਕ ਕਕਾਰ ਹੈ, ਜਿਸ ਨੂੰ ਸਿੱਖ ਰਹਿਤ ਮਰਯਾਦਾ ਅਨੁਸਾਰ ਇੱਕ ਅੰਮ੍ਰਿਤਧਾਰੀ ਸਿੱਖ ਹਮੇਸਾ ਆਪਣੇ ਸਰੀਰ ਦੇ ਅੰਗ-ਸੰਗ ਰੱਖਦਾ ਹੈ। ਉਨ੍ਹਾਂ ਕਿਹਾ ਕਿ ਅੰਮ੍ਰਿਤਧਾਰੀ ਸਿੱਖ ਦੇ ਸਰੀਰ ਤੋਂ ਕਿਰਪਾਨ ਨੂੰ ਵੱਖ ਕਰਨਾ ਸਿੱਖਾਂ ਦੀ ਧਾਰਮਿਕ ਅਜਾਦੀ ਦੇ ਵਿਰੁੱਧ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਸਿੱਖਾਂ ਨੂੰ ਉਨ੍ਹਾਂ ਦੇ ਦੇਸ ਭਾਰਤ ਦਾ ਸੰਵਿਧਾਨ ਵੀ ਕਿਰਪਾਨ ਪਹਿਨਣ ਦੀ ਅਜਾਦੀ ਦਿੰਦਾ ਹੈ, ਇਸ ਕਰਕੇ ਇਟਲੀ ਦੀ ਸਰਕਾਰ ਨੂੰ ਵੀ ਸਿੱਖ ਸਰੋਕਾਰਾਂ ਨੂੰ ਸਮਝਦੇ ਹੋਏ, ਸਿੱਖਾਂ ਨੂੰ ਆਪਣੇ ਦੇਸ ਅੰਦਰ ਕਿਰਪਾਨ ਪਹਿਨਣ ਦੀ ਖੁੱਲ੍ਹ ਦੇਣੀ ਚਾਹੀਦੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਅੱਜ ਸਿੱਖ ਦੁਨੀਆ ਦੇ ਕਈ ਦੇਸਾਂ ਵਿੱਚ ਵੱਸਦੇ ਹਨ ਜਿੱਥੇ ਉਨ੍ਹਾਂ ਨੇ ਆਪਣੇ ਮਿਹਨਤ ਅਤੇ ਇਮਾਨਦਾਰੀ ਨਾਲ ਵੱਡੀਆਂ ਪ੍ਰਾਪਤੀਆਂ ਹਾਸਲ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਅਮਰੀਕਾ, ਕੈਨੇਡਾ ਤੇ ਬਰਤਾਨੀਆ ਵਰਗੇ ਵਿਕਸਿਤ ਦੇਸਾਂ ਵਿੱਚ ਵੀ ਸਿੱਖਾਂ ਨੂੰ ਕਿਰਪਾਨ ਪਹਿਨਣ ਦੀ ਖੁੱਲ੍ਹ ਹੈ। ਐਡਵੋਕੇਟ ਧਾਮੀ ਨੇ ਇਟਲੀ ਦੀ ਸਿੱਖ ਸੰਗਤ ਨੂੰ ਵੀ ਅਪੀਲ ਕੀਤੀ ਕਿ ਗੁਰਬਚਨ ਸਿੰਘ ਦੇ ਵਿਰੁੱਧ ਦਰਜ ਕੀਤੇ ਗਏ ਕੇਸ ਦਾ ਡਟ ਕੇ ਵਿਰੋਧ ਕਰਨ ਅਤੇ ਇਸ ਦੀ ਸਮੁੱਚੀ ਜਾਣਕਾਰੀ ਸ਼੍ਰੋਮਣੀ ਕਮੇਟੀ ਪਾਸ ਵੀ ਪੁੱਜਦੀ ਕਰਨ। ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਮਾਮਲੇ ਨੂੰ ਰੱਦ ਕਰਵਾਉਣ ਲਈ ਭਾਰਤ ਅੰਦਰ ਇਟਲੀ ਦੇ ਅੰਬੈਸਡਰ ਅਤੇ ਭਾਰਤ ਦੇ ਵਿਦੇਸ ਮੰਤਰਾਲੇ ਨੂੰ ਵੀ ਪੱਤਰ ਲਿਖ ਕੇ ਸਖਤ ਇਤਰਾਜ ਪ੍ਰਗਟ ਕਰਨ ਦੇ ਨਾਲ-ਨਾਲ ਸਿੱਖਾਂ ਦੇ ਅਧਿਕਾਰਾਂ ਅਤੇ ਕਿਰਪਾਨ ਦੀ ਮਹੱਤਤਾ ਬਾਰੇ ਜਾਣਕਾਰੀ ਭੇਜੀ ਜਾਵੇਗੀ। ਉਨ੍ਹਾਂ ਭਾਰਤ ਦੇ ਵਿਦੇਸ ਮੰਤਰੀ ਡਾ. ਐੱਸ ਜੈਸ਼ੰਕਰ ਨੂੰ ਵੀ ਅਪੀਲ ਕੀਤੀ ਕਿ ਗੁਰਬਚਨ ਸਿੰਘ ਦੇ ਮਾਮਲੇ ਵਿੱਚ ਇਟਲੀ ਦੀ ਸਰਕਾਰ ਨਾਲ ਗੱਲਬਾਤ ਕਰਕੇ ਉਨ੍ਹਾਂ ਵਿਰੁੱਧ ਦਰਜ ਕੀਤਾ ਗਿਆ ਪਰਚਾ ਰੱਦ ਕਰਵਾਉਣ।

## ਪਤੀ ਦੇ ਚਰਿੱਤਰ 'ਤੇ ਸ਼ੱਕ ਕਰਦੀ ਸੀ ਪਤਨੀ, ਦੁੱਖੀ ਹੋ ਚੁੱਕਿਆ ਖੌਫਨਾਕ ਕਦਮ

ਜੀਰਾ 26 ਅਪ੍ਰੈਲ। ਪਤਨੀ ਵੱਲੋਂ ਆਪਣੇ ਪਤੀ 'ਤੇ ਕੀਤੇ ਜਾ ਰਹੇ ਨਾਜਾਇਜ ਸਬੰਧਾਂ ਦੇ ਸ਼ੱਕ ਕਰਨ ਕਰਕੇ ਦੁੱਖੀ ਪਤੀ ਵਲੋਂ ਜਹਿਰੀਲੀ ਦਵਾਈ ਪੀ ਕੇ ਆਪਣੀ ਜੀਵਨ ਲੀਲਾ ਸਮਾਪਤ ਕਰ ਲੈਣ ਦੀ ਸੂਚਨਾ ਮਿਲੀ ਹੈ। ਇਸ ਮਾਮਲੇ ਦੀ ਸੂਚਨਾ ਮਿਲਣ 'ਤੇ ਪਹੁੰਚੀ ਥਾਣਾ ਮਖੂ ਦੀ ਪੁਲਸ ਨੇ ਮ੍ਰਿਤਕ ਦੀ ਪਤਨੀ ਦੇ ਖ਼ਿਲਾਫ ਮਾਮਲਾ ਦਰਜ ਕਰ ਦਿੱਤਾ ਹੈ। ਇਸ ਮਾਮਲੇ ਦੇ ਸਬੰਧ ਵਿਚ ਜਾਣਕਾਰੀ ਦਿੰਦੇ ਏ.ਐੱਸ.ਆਈ ਗੁਰਪ੍ਰੀਤ ਸਿੰਘ ਨੇ ਦੱਸਿਆ ਕਿ ਪੁਲਸ ਨੂੰ ਦਿੱਤੇ ਬਿਆਨਾ ਵਿੱਚ ਸਰੂਪ ਸਿੰਘ ਪੁੱਤਰ ਰੇਸ਼ਮ ਸਿੰਘ ਵਾਸੀ ਪਿੰਡ ਛੋਟੀਆਂ ਚੱਕੀਆਂ ਨੇ ਦੋਸ਼ ਲਗਾਉਂਦੇ ਦੱਸਿਆ ਕਿ ਉਸਦੇ ਮੁੰਡੇ ਸਤਪਾਲ ਸਿੰਘ (27 ਸਾਲ) ਦਾ ਵਿਆਹ ਰਾਜਵਿੰਦਰ ਕੌਰ ਪੁੱਤਰੀ ਸੁਖਚੈਨ ਸਿੰਘ ਵਾਸ ਪੀਰ ਮੁਹੰਮਦ ਨਾਲ ਕ੍ਰੀਬ ਡੇਢ ਸਾਲ ਪਹਿਲਾਂ ਹੋਇਆ ਸੀ। ਉਹਨਾਂ ਦੀ ਇੱਕ ਮਾਸੂਮ ਧੀ ਵੀ ਹੈ। ਵਿਆਹ ਤੋਂ ਕੁੱਝ ਸਮੇਂ ਬਾਅਦ ਮੁੱਦਈ ਦੀ ਨੂੰਹ ਆਪਣੇ ਪਤੀ ਸਤਪਾਲ ਸਿੰਘ ਦੇ ਚਰਿੱਤਰ 'ਤੇ ਸ਼ੱਕ ਕਰਨ ਲੱਗ ਪਈ ਸੀ ਕਿ ਇਸ ਦੇ ਕਿਸੇ ਹੋਰ ਔਰਤ ਨਾਲ ਨਾਜਾਇਜ਼ ਸੰਬਧ ਹਨ। ਉਸ ਨੇ ਦੱਸਿਆ ਕਿ ਇਸੇ ਕਰਕੇ ਦੋਵਾਂ ਦੇ ਵਿਚਕਾਰ ਆਪਸ ਵਿੱਚ ਝਗੜਾ ਰਹਿਣ ਲੱਗ ਪਿਆ ਅਤੇ 13 ਅਪ੍ਰੈਲ ਨੂੰ ਮੁੱਦਈ ਦੇ ਮੁੰਡੇ ਨੇ ਤੰਗ ਆ ਕੇ ਕੋਈ ਜ਼ਹਿਰੀਲੀ ਦਵਾਈ ਪੀ ਲਈ। ਸਿਹਤ ਖਰਾਬ ਹੋਣ ਕਰਕੇ ਉਹ ਪਿੰਡ ਤੋਂ ਹੀ ਦਵਾਈ ਲੈਂਦੇ ਰਹੇ ਪਰ ਜਦੋਂ ਉਸ ਦੀ ਸਿਹਤ ਜ਼ਿਆਦਾ ਵਿਗੜਣ ਲੱਗੀ ਤਾਂ ਪਰਿਵਾਰ ਨੇ ਉਸ ਨੂੰ 18 ਅਪ੍ਰੈਲ ਨੂੰ ਸੁਖਮਨੀ ਹਸਪਤਾਲ ਜੀਰਾ ਵਿਖੇ ਦਾਖਲ ਕਰਵਾ ਦਿੱਤਾ, ਜਿੱਥੇ ਉਸਦੀ ਇਲਾਜ ਦੌਰਾਨ ਮੌਤ ਹੋ ਗਈ। ਪੁਲਸ ਵੱਲੋਂ ਇਸ ਮਾਮਲੇ ਦੀ ਅਗਲੇਰੀ ਕਾਰਵਾਈ ਕੀਤੀ ਜਾ ਰਹੀ ਹੈ।

# ਕੈਗ ਦੀ ਆਡਿਟ ਰਿਪੋਰਟ 'ਚ ਜਲੰਧਰ ਸਮਾਰਟ ਸਿਟੀ 'ਚ ਹੋਏ ਭ੍ਰਿਸ਼ਟਾਚਾਰ ਦਾ ਪਰਦਾਫਾਸ਼

ਸਰਦੂਲ ਸਿੰਘ

ਜਲੰਧਰ 26 ਅਪ੍ਰੈਲ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਤੋਂ ਲੱਗਭਗ 10 ਸਾਲ ਪਹਿਲਾਂ ਜਦੋਂ ਸਮਾਰਟ ਸਿਟੀ ਮਿਸ਼ਨ ਲਾਂਚ ਕੀਤਾ ਸੀ, ਉਦੋਂ ਜਲੰਧਰ ਨੂੰ ਵੀ ਸਮਾਰਟ ਬਣਨ ਜਾ ਰਹੇ ਸ਼ਹਿਰਾਂ ਦੀ ਸੂਚੀ ਵਿਚ ਸ਼ਾਮਲ ਕੀਤਾ ਗਿਆ ਸੀ। ਉਦੋਂ ਸ਼ਹਿਰ ਦੇ ਲੋਕਾਂ ਨੂੰ ਲੱਗਾ ਸੀ ਕਿ ਉਨ੍ਹਾਂ ਨੂੰ ਅਜਿਹੀਆਂ ਅਤਿ-ਆਧੁਨਿਕ ਸਹੂਲਤਾਂ ਮਿਲਣਗੀਆਂ ਕਿ ਸ਼ਹਿਰ ਦੀ ਨੁਹਾਰ ਹੀ ਬਦਲ ਜਾਵੇਗੀ ਪਰ ਪ੍ਰਧਾਨ ਮੰਤਰੀ ਦਾ ਇਹ ਮਿਸ਼ਨ ਪੰਜਾਬ ਆ ਕੇ ਫੇਲ੍ਹ ਸਾਬਿਤ ਹੋਇਆ ਅਤੇ ਜਲੰਧਰ ਵਿਚ ਤਾਂ ਸਮਾਰਟ ਸਿਟੀ ਮਿਸ਼ਨ ਦੇ ਨਾਂ 'ਤੇ ਖੂਬ ਭ੍ਰਿਸ਼ਟਾਚਾਰ ਹੋਇਆ, ਜਿਸ ਦੀ ਚਰਚਾ ਅੱਜ ਤਕ ਸੁਣਾਈ ਦੇ ਰਹੀ ਹੈ। ਸਮਾਰਟ ਸਿਟੀ ਮਿਸ਼ਨ ਤਹਿਤ ਹੁਣ ਤਕ ਜਲੰਧਰ ਵਿਚ ਲੱਗਭਗ 60 ਪ੍ਰਾਜੈਕਟ ਚਲਾਏ ਗਏ। ਇਨ੍ਹਾਂ ਵਿਚੋਂ ਅੱਧੇ ਪ੍ਰਾਜੈਕਟ ਪੂਰੇ ਹੋ ਚੁੱਕੇ ਹਨ, ਬਾਕੀ ਲਟਕ ਰਹੇ ਹਨ ਪਰ ਸ਼ਾਇਦ ਹੀ ਕੋਈ ਪ੍ਰਾਜੈਕਟ ਅਜਿਹਾ ਹੋਵੇ, ਜਿਸ ਵਿਚ ਗੜਬੜੀ ਸਾਹਮਣੇ ਨਾ ਆਈ ਹੋਵੇ। ਭ੍ਰਿਸ਼ਟਾਚਾਰ ਦੇ ਦੋਸ਼ਾਂ ਕਾਰਨ ਪੰਜਾਬ ਸਰਕਾਰ ਨੇ ਜਿਥੇ ਸਮਾਰਟ ਸਿਟੀ ਦੇ ਸਾਰੇ ਪ੍ਰਾਜੈਕਟਾਂ ਦੀ ਵਿਜੀਲੈਂਸ ਜਾਂਚ ਦੇ ਹੁਕਮ ਦਿੱਤੇ ਹੋਏ ਹਨ, ਉਥੇ ਹੀ ਕੇਂਦਰ ਸਰਕਾਰ ਨੇ ਵੀ ਸਮਾਰਟ ਸਿਟੀ ਜਲੰਧਰ ਵਿਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ। ਕੇਂਦਰ ਸਰਕਾਰ ਦੇ ਤਤਕਾਲੀ ਮੰਤਰੀ ਹਰਦੀਪ ਸਿੰਘ ਪੁਰੀ, ਸਾਧਵੀ ਨਿਰੰਜਨ ਜੋਤੀ, ਅਰਜੁਨ ਮੇਘਵਾਲ ਅਤੇ ਅਨੁਰਾਗ ਠਾਕੁਰ ਨੇ ਵੀ ਜਲੰਧਰ ਸਮਾਰਟ ਸਿਟੀ ਵਿਚ ਹੋਏ ਭ੍ਰਿਸ਼ਟਾਚਾਰ ਦੀ ਜਾਂਚ ਸਬੰਧੀ ਭਰੋਸੇ ਦਿੱਤੇ ਹੋਏ ਹਨ। ਜਲੰਧਰ ਸਮਾਰਟ ਸਿਟੀ ਵਿਚ ਭ੍ਰਿਸ਼ਟਾਚਾਰ ਦਾ ਰੌਲਾ ਪੈਣ ਕਰ ਕੇ ਕੁਝ ਮਹੀਨੇ ਪਹਿਲਾਂ ਕੇਂਦਰ ਸਰਕਾਰ ਨੇ ਸੰਸਥਾ ਕੈਗ (ਕੰਟਰੋਲਰ ਐਂਡ ਆਡਿਟਰ ਜਨਰਲ ਆਫ ਇੰਡੀਆ) ਦੀ ਟੀਮ ਨੇ ਜਲੰਧਰ ਸਮਾਰਟ ਸਿਟੀ ਦੇ ਖਾਤਿਆਂ ਦਾ ਆਡਿਟ ਕੀਤਾ ਹੈ। ਇਹ ਆਡਿਟ 2015-16 ਤੋਂ ਲੈ ਕੇ 2022-23 ਤਕ ਦੀ ਮਿਆਦ ਦਾ ਕੀਤਾ ਗਿਆ। ਕੈਗ ਨੇ ਹਾਲ ਹੀ ਵਿਚ ਆਪਣੀ ਰਿਪੋਰਟ ਸੰਬੰਧਤ ਅਧਿਕਾਰੀਆਂ ਅਤੇ ਜਲੰਧਰ ਸਮਾਰਟ ਸਿਟੀ ਨੂੰ ਭੇਜੀ ਹੈ, ਜਿਸ ਵਿਚ ਜਲੰਧਰ ਸਮਾਰਟ ਸਿਟੀ ਵਿਚ ਪਿਛਲੇ ਸਮੇਂ ਦੌਰਾਨ ਹੋਏ ਘਪਲਿਆਂ ਦਾ ਪਰਦਾਫਾਸ਼ ਕੀਤਾ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਇਸ ਰਿਪੋਰਟ ਦੇ ਆਧਾਰ 'ਤੇ ਆਉਣ ਵਾਲੇ ਸਮੇਂ ਵਿਚ ਕੇਂਦਰ ਸਰਕਾਰ ਅਤੇ ਪੰਜਾਬ ਸਰਕਾਰ ਦੀਆਂ ਸਬੰਧਤ ਜਾਂਚ ਏਜੰਸੀਆਂ ਕੋਈ ਨਾ ਕੋਈ ਐਕਸ਼ਨ ਜਰੂਰ ਲੈਣਗੀਆਂ ਅਤੇ ਜੋ ਵੀ ਅਫਸਰ ਇਸ ਭ੍ਰਿਸ਼ਟਾਚਾਰ ਜਾਂ ਘਪਲੇ ਵਿਚ ਸ਼ਾਮਲ ਰਹੇ ਹਨ, ਉਨ੍ਹਾਂ ਕੋਲੋਂ ਪੁੱਛਗਿੱਛ ਕੀਤੀ ਜਾਵੇਗੀ। ਕੈਗ ਦੀ ਰਿਪੋਰਟ ਆਉਣ ਤੋਂ ਬਾਅਦ ਪੰਜਾਬ ਦੀ ਅਫਸਰਸ਼ਾਹੀ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ ਕਿਉਂਕਿ ਜਲੰਧਰ ਸਮਾਰਟ ਸਿਟੀ ਨਾਲ ਸਬੰਧਤ ਰਹੇ ਆਈ. ਏ. ਐੱਸ. ਜਾਂ ਹੋਰ ਪੱਧਰ ਦੇ ਅਧਿਕਾਰੀ ਨਾ ਸਿਰਫ ਇਸ ਸਮੇਂ ਮਹੱਤਵਪੂਰਨ ਪੋਸਟਾਂ 'ਤੇ ਤਾਇਨਾਤ ਹਨ, ਉਥੇ ਹੀ ਕੁਝ ਅਫਸਰ ਰਿਟਾਇਰਡ ਹੋ ਕੇ ਵੱਡੀਆਂ-ਵੱਡੀਆਂ ਪੈਨਸ਼ਨਾਂ ਤਕ ਲੈ ਰਹੇ ਹਨ। ਦਿੱਲੀ ਦੀ ਐੱਚ. ਪੀ. ਐੱਲ. ਕੰਪਨੀ ਨੂੰ ਸਟਰੀਟ ਲਾਈਟਾਂ ਲਾਉਣ ਲਈ 43.83 ਕਰੋੜ ਦਾ ਟੈਂਡਰ ਅਲਾਟ ਕੀਤਾ ਗਿਆ ਪਰ ਉਸ ਨੂੰ ਅਫਸਰਾਂ ਨੇ ਮਨਮਰਜੀ ਨਾਲ ਵਧਾ ਕੇ 57.92 ਕਰੋੜ ਤਕ ਪਹੁੰਚਾ ਦਿੱਤਾ। ਇਹ ਰਕਮ 25 ਫੀਸਦੀ ਵਾਧੇ ਤੋਂ ਵੀ ਜ਼ਿਆਦਾ ਹੋ ਗਈ, ਜਿਸ ਦੀ ਕਿਸੇ ਕੋਲੋਂ ਇਜਾਜਤ ਨਹੀਂ ਲਈ ਗਈ। ਕੰਮ ਖਤਮ ਹੋਣ ਤੋਂ ਬਾਅਦ ਕੰਪਨੀ ਨੇ 5 ਸਾਲ ਤਕ ਆਪ੍ਰੇਸ਼ਨ ਐਂਡ ਮੇਨਟੀਨੈਂਸ ਕਰਨੀ ਸੀ, ਜਿਸ ਦੀ ਇਵਜ ਵਿਚ ਉਸਨੂੰ 13.14 ਕਰੋੜ ਦਾ ਭੁਗਤਾਨ ਹੋਣਾ ਸੀ। ਆਡਿਟ ਰਿਪੋਰਟ ਵਿਚ ਕਿਹਾ ਗਿਆ ਹੈ ਕਿ ਕੰਪਨੀ ਦਾ ਕੰਮ ਅਜੇ ਤਕ ਖਤਮ ਨਹੀਂ ਹੋਇਆ ਪਰ ਸਮਾਰਟ




ਸਿਟੀ ਕੰਪਨੀ ਨੂੰ ਆਪ੍ਰੇਸ਼ਨ ਐਂਡ ਮੇਨਟੀਨੈਂਸ ਚਾਰਜ ਅਦਾ ਕੀਤੇ ਜਾ ਰਹੇ ਹਨ। ਫਰਵਰੀ 2024 ਤਕ ਕੰਪਨੀ ਨੂੰ ਇਸ ਦੇ ਲਈ 2.56 ਕਰੋੜ ਰੁਪਏ ਦਿੱਤੇ ਗਏ ਹਨ, ਜੋ ਸਰਾਸਰ ਗੜਬੜੀ ਹੈ। ਐੱਲ. ਈ. ਡੀ. ਪ੍ਰਾਜੈਕਟ 'ਤੇ ਕੰਮ 31 ਮਾਰਚ 2022 ਨੂੰ ਖਤਮ ਹੋਣਾ ਸੀ ਪਰ ਕੰਮ ਅਜੇ ਤਕ ਖਤਮ ਨਹੀਂ ਹੋਇਆ। ਸ਼ਰਤ ਦੇ ਮੁਤਾਬਕ ਕੰਪਨੀ 'ਤੇ 7.5 ਫੀਸਦੀ ਦੇ ਹਿਸਾਬ ਨਾਲ 4 ਕਰੋੜ 34 ਲੱਖ ਦੀ ਪੈਨਲਟੀ ਲੱਗਣੀ ਸੀ, ਜੋ ਸਮਾਰਟ ਸਿਟੀ ਵੱਲੋਂ ਨਹੀਂ ਲਾਈ ਗਈ। ਸਮਾਰਟ ਸਿਟੀ ਕੰਪਨੀ ਨੇ ਠੇਕੇਦਾਰ ਕੰਪਨੀ ਨੂੰ 5.54 ਕਰੋੜ ਰੁਪਏ ਦੀ ਜ਼ਿਆਦਾ ਪੇਮੈਂਟ ਕਰ ਦਿੱਤੀ। ਠੇਕੇਦਾਰ ਕੰਪਨੀ ਨੇ 1.04 ਕਰੋੜ ਰੁਪਏ ਦੀ ਬੈਂਕ ਗਾਰੰਟੀ ਵੀ ਦੇਣੀ ਸੀ। ਠੇਕੇਦਾਰ ਕੰਪਨੀ ਨੂੰ ਵਾਧੂ ਪੇਮੈਂਟ ਹੋ ਜਾਣ ਸੰਬੰਧੀ ਪਤਾ ਲੱਗਣ 'ਤੇ ਵੀ ਕੋਈ ਐਕਸ਼ਨ ਨਹੀਂ ਲਿਆ ਗਿਆ ਅਤੇ ਵਧੇਰੇ ਰਕਮ ਠੇਕੇਦਾਰ ਕੰਪਨੀ ਨੇ ਅਜੇ ਤਕ ਸਮਾਰਟ ਸਿਟੀ ਨੂੰ ਵਾਪਸ ਨਹੀਂ ਦਿੱਤੀ ਹੈ। 120 ਫੁੱਟੀ ਰੋਡ 'ਤੇ ਜਿਸ ਕੰਪਨੀ ਨੇ ਸਟਾਰਮ ਵਾਟਰ ਸੀਵਰ ਪ੍ਰਾਜੈਕਟ 'ਤੇ ਕੰਮ ਕੀਤਾ, ਟੈਂਡਰ ਦੀ ਸ਼ਰਤ ਮੁਤਾਬਕ ਉਸ ਕੰਪਨੀ ਦੇ ਹਰ ਰਨਿੰਗ ਬਿੱਲ 'ਤੇ 5 ਫੀਸਦੀ ਦੀ ਕਟੌਤੀ ਕੀਤੀ ਜਾਣੀ ਸੀ ਪਰ ਸਮਾਰਟ ਸਿਟੀ ਨੇ ਅਜਿਹੀ ਕੋਈ ਕਟੌਤੀ ਕੀਤੀ ਹੀ ਨਹੀਂ ਅਤੇ ਪੂਰੇ-ਪੂਰੇ ਬਿੱਲ ਠੇਕੇਦਾਰ ਨੂੰ ਦਿੱਤੇ ਜਾਂਦੇ ਰਹੇ, ਜਿਸ ਨਾਲ ਠੇਕੇਦਾਰ ਨੂੰ ਫਾਇਦਾ ਅਤੇ ਸਮਾਰਟ ਸਿਟੀ ਨੂੰ ਵਿੱਤੀ ਨੁਕਸਾਨ ਝੱਲਣਾ ਪਿਆ। ਠੇਕੇਦਾਰ ਕੰਪਨੀ ਵੱਲੋਂ ਸਮਾਰਟ ਸਿਟੀ ਨੂੰ ਦਿੱਤੀ ਗਈ ਬੈਂਕ ਗਾਰੰਟੀ ਦੀ ਮਿਆਦ ਅਕਤੂਬਰ 2021 ਵਿਚ ਖਤਮ ਹੋ ਗਈ ਪਰ ਉਸ ਤੋਂ ਬਾਅਦ ਵੀ ਸਮਾਰਟ ਸਿਟੀ ਨੇ ਠੇਕੇਦਾਰ ਨੂੰ ਕਰੋੜਾਂ ਦੀ ਪੇਮੈਂਟ ਕੀਤੀ, ਜੋ ਅਣਉਚਿਤ ਸੀ। ਬੈਂਕ ਗਾਰੰਟੀ ਖਤਮ ਹੋਣ ਤੋਂ ਬਾਅਦ ਠੇਕੇਦਾਰ ਨੂੰ 5.71 ਕਰੋੜ ਦੀ ਪੇਮੈਂਟ ਕਰ ਦਿੱਤੀ ਗਈ। ਠੇਕੇਦਾਰ ਕੰਪਨੀ ਨੂੰ ਬਿਨਾਂ ਮੰਗੇ ਹੀ ਇਕ ਕਰੋੜ ਰੁਪਏ ਦੀ ਐਡਵਾਂਸ ਪੇਮੈਂਟ 12 ਨਵੰਬਰ 2021 ਨੂੰ ਕਰ ਦਿੱਤੀ ਗਈ। ਇਸ ਐਡਵਾਂਸ ਪੇਮੈਂਟ 'ਤੇ ਸਮਾਰਟ ਸਿਟੀ ਨੇ ਕੋਈ ਵਿਆਜ ਨਹੀਂ ਲਿਆ। ਇਸ ਕਾਰਨ ਸਮਾਰਟ ਸਿਟੀ ਨੂੰ 69 ਹਜਾਰ ਰੁਪਏ ਦਾ ਨੁਕਸਾਨ ਝੱਲਣਾ ਪਿਆ। 2022 ਵਿਚ ਪ੍ਰਾਜੈਕਟ ਖਤਮ ਹੋਣ ਦੇ ਬਾਵਜੂਦ ਅੱਜ ਤਕ ਉਸ ਪ੍ਰਾਜੈਕਟ ਨੂੰ ਕੰਪਲੀਸ਼ਨ ਸਰਟੀਫਿਕੇਟ ਅਲਾਟ ਨਹੀਂ ਕੀਤਾ ਗਿਆ ਹੈ। ਸਮਾਰਟ ਸਿਟੀ ਜਲੰਧਰ ਨੇ ਢਾਈ-ਢਾਈ ਲੱਖ ਰੁਪਏ ਪ੍ਰਤੀ ਮਹੀਨਾ ਤਨਖਾਹ 'ਤੇ 2 ਕੰਸਲਟੈਂਟ (ਇਕ ਲੀਗਲ ਅਤੇ ਇਕ ਅਰਬਨ ਪਲੈਨਿੰਗ ਕੰਸਲਟੈਂਟ) ਨਿਯੁਕਤ ਕੀਤਾ ਪਰ ਇਨ੍ਹਾਂ ਨਿਯੁਕਤੀਆਂ ਲਈ ਆਈ ਬਿਡ ਸਬੰਧੀ ਨਿਯਮਾਂ ਦਾ ਪਾਲਣ ਨਹੀਂ ਕੀਤਾ ਗਿਆ। ਨਿਯਮਾਂ ਦੇ ਮੁਤਾਬਕ ਅਜਿਹੇ ਕੰਸਲਟੈਂਟਸ ਨੂੰ 15 ਸਾਲ ਦਾ ਤਜਰਬਾ ਜਰੂਰੀ ਸੀ ਪਰ ਸਮਾਰਟ ਸਿਟੀ ਨੇ ਇਸ ਸ਼ਰਤ ਨੂੰ 10 ਸਾਲ ਕਰ ਦਿੱਤਾ। ਇਸ ਬਾਬਤ ਸਟੇਟ ਲੈਵਲ ਕਮੇਟੀ ਨੂੰ ਵੀ ਸੂਚਿਤ ਨਹੀਂ ਕੀਤਾ ਗਿਆ। ਸਮਾਰਟ ਸਿਟੀ ਕੰਪਨੀ ਨੇ ਢਾਈ ਲੱਖ ਰੁਪਏ ਪ੍ਰਤੀ ਮਹੀਨਾ ਤਨਖਾਹ 'ਤੇ ਜੋ ਲੀਗਲ ਐਕਸਪਰਟ ਭਰਤੀ ਕੀਤਾ, ਉਸ ਨੂੰ ਜੂਨ 2023 ਤੋਂ ਦਸੰਬਰ 2023 ਤਕ 17.50 ਲੱਖ ਰੁਪਏ ਤਨਖਾਹ ਦਾ ਭੁਗਤਾਨ ਕੀਤਾ ਗਿਆ। ਉਸਦਾ ਕੰਮ ਸੀ ਕਿ ਬਿਡ ਡਾਕਿਊਮੈਂਟ ਆਦਿ ਨੂੰ ਤਿਆਰ ਕਰਨਾ ਅਤੇ ਉਸਨੂੰ ਪ੍ਰੀਕਿਓਰ ਕਰਨਾ ਪਰ ਜਿਸ ਮਿਆਦ ਦਾ ਲੀਗਲ ਐਕਸਪਰਟ ਨੂੰ ਇੰਨਾ ਭਾਰੀ ਭੁਗਤਾਨ ਕੀਤਾ ਗਿਆ, ਉਸ ਮਿਆਦ ਦੌਰਾਨ ਸਮਾਰਟ ਸਿਟੀ ਨੇ ਇਕ ਵੀ ਟੈਂਡਰ ਕਾਲ ਹੀ ਨਹੀਂ ਕੀਤਾ। ਇਸ ਲਈ ਲੀਗਲ ਐਕਸਪਰਟ ਨੂੰ ਦਿੱਤੀ ਗਈ ਸੈਲਰੀ ਬਿਲਕੁਲ ਅਜਾਈਂ ਗਈ। ਆਡਿਟ ਰਿਪੋਰਟ ਵਿਚ ਸਮਾਰਟ ਸਿਟੀ ਦੇ ਸਟਾਫ ਦੀ ਭਰਤੀ 'ਤੇ ਵੀ ਕਈ ਸਵਾਲ ਉਠਾਏ ਗਏ ਹਨ। ਅਰਬਨ ਅਸਟੇਟ ਫੇਜ-2 ਤੋਂ ਵ੍ਹਾਈਟ ਡਾਇਮੰਡ ਰਿਜਾਰਟ ਤਕ 66 ਫੁੱਟੀ ਰੋਡ 'ਤੇ ਸੜਕ ਬਣਾਉਣ ਦਾ ਕੰਮ 1.54 ਕਰੋੜ ਰੁਪਏ ਵਿਚ ਅਲਾਟ ਕੀਤਾ ਗਿਆ। ਸਮਾਰਟ ਸਿਟੀ ਨੇ ਠੇਕੇਦਾਰ ਦੇ ਬਿੱਲਾਂ ਵਿਚੋਂ 5 ਫੀਸਦੀ ਦੀ ਰਕਮ ਕੱਟਣੀ ਸੀ ਪਰ ਅਜਿਹਾ ਨਹੀਂ ਕੀਤਾ ਗਿਆ ਅਤੇ ਠੇਕੇਦਾਰ ਨੂੰ ਅਣਉਚਿਤ ਲਾਭ ਪਹੁੰਚਾਇਆ ਗਿਆ